Space for Available for Advertising

WWW.PREETNEWS.COM
WWW.PREETNAMA.COM

preetnamausa
@gmail.com

ਨਿਊਯਾਰਕ
# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 373 02 ਅਕਤੂਬਰ ਤੋਂ 08 ਅਕਤੂਬਰ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਟਰੰਪ ਨੇ AI ਦਾ ਨਾਮ ਬਦਲ ਕੇ “ਸੁਪਰ ਇੰਟੈਲੀਜੈਂਸ” ਰੱਖਣ ਦਾ ਦੇ ’ਤਾ ਹੁਕਮ



ਵਾਸ਼ਿੰਗਟਨ (ਵਾਰਤਾ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖਤ ਕੀਤੇ ਹਨ, ਜਿਸ ਵਿੱਚ ਸੰਘੀ ਸਰਕਾਰ ਨੂੰ ਅਧਿਕਾਰਤ ਸੰਚਾਰਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (AI) ਲਈ ਸੁਪਰ ਇੰਟੈਲੀਜੈਂਸ (SI) ਸ਼ਬਦ ਦੀ ਵਰਤੋਂ ਕਰਨ ਦਾ ਨਿਰਦੇਸ਼ ਦਿੱਤਾ ਗਿਆ ਹੈ। ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸੁਪਰ ਇੰਟੈਲੀਜੈਂਸ ਸ਼ਬਦ ਇਸ ਤੇਜ਼ੀ ਨਾਲ ਵਿਕਸਤ ਹੋ ਰਹੀ ਤਕਨਾਲੋਜੀ ਦੀਆਂ ਸਮਰੱਥਾਵਾਂ ਨੂੰ ਬਿਹਤਰ ਢੰਗ ਨਾਲ ਦਰਸਾਉਂਦਾ ਹੈ, ਜੋ ਮਨੁੱਖੀ ਬੁੱਧੀ ਦੇ ਵਿਅਕਤੀਗਤ ਪਹਿਲੂਆਂ ਦੀ ਨਕਲ ਜਾਂ ਸਵੈਚਾਲਨ ਤੋਂ ਪਰੇ ਵਧ ਰਹੀ ਹੈ। ਟਰੰਪ ਨੇ ਮੰਗਲਵਾਰ ਨੂੰ ਪੱਤਰਕਾਰਾਂ ਨੂੰ ਕਿਹਾ,ਇਹ ਨਕਲੀ ਨਹੀਂ ਹੈ, ਅਸੀਂ ਸਾਰੇ ਇਸ ’ਤੇ ਸਹਿਮਤ ਹਾਂ। ਕਾਰਜਕਾਰੀ ਆਦੇਸ਼ ਵਿੱਚ ਸਾਰੀਆਂ ਸੰਘੀ ਏਜੰਸੀਆਂ ਨੂੰ ਜਨਤਕ ਸੰਚਾਰ, ਵੈੱਬਸਾਈਟਾਂ, ਰਿਪੋਰਟਾਂ ਅਤੇ ਨੀਤੀ ਦਸਤਾਵੇਜ਼ਾਂ ਵਿੱਚ ਸੁਪਰ ਇੰਟੈਲੀਜੈਂਸ ਜਾਂ "SI" ਦੀ ਵਰਤੋਂ ਕਰਨ ਦੀ ਲੋੜ ਹੈ। ਵਿਗਿਆਨ ਅਤੇ ਤਕਨਾਲੋਜੀ ਨੀਤੀ ਦੇ ਦਫਤਰ ਦੇ ਨਿਰਦੇਸ਼ਕ ਮਾਈਕਲ ਕ੍ਰੈਟਸੀਓਸ ਇਹ ਨਿਰਧਾਰਤ ਕਰਨਗੇ ਕਿ ਕੀ ਨਵੇਂ ਸ਼ਬਦ ਦੀ ਅਧਿਕਾਰਤ ਪਰਿਭਾਸ਼ਾ ਨੂੰ ਬਦਲਣ ਜਾਂ ਵਧਾਉਣ ਦੀ ਜ਼ਰੂਰਤ ਹੈ। ÷ਸੁਪਰ ਇੰਟੈਲੀਜੈਂਸ÷ ਸ਼ਬਦ ਪਹਿਲਾਂ ਹੀ AI ਦੇ ਇੱਕ ਸੰਭਾਵੀ ਰੂਪ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ ਜਿਸਦੀ ਬੋਧਾਤਮਕ ਯੋਗਤਾਵਾਂ ਸੋਚ ਦੇ ਲਗਭਗ ਸਾਰੇ ਖੇਤਰਾਂ ਵਿੱਚ ਮਨੁੱਖੀ ਸਮਰੱਥਾਵਾਂ ਤੋਂ ਵੱਧ ਹਨ। ਅਜਿਹਾ ਸੁਪਰ ਇੰਟੈਲੀਜੈਂਸ AI ਅਜੇ ਵਿਕਸਤ ਨਹੀਂ ਕੀਤਾ ਗਿਆ ਹੈ। ਇਹ ਨਾਮ ਬਦਲਣ ਦਾ ਫੈਸਲਾ ਟਰੰਪ ਵੱਲੋਂ ਪਿਛਲੇ ਹਫ਼ਤੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਇਸ ਸ਼ਬਦ ਦੀ ਵਰਤੋਂ ਸ਼ੁਰੂ ਕਰਨ ਤੋਂ ਬਾਅਦ ਕੀਤਾ ਗਿਆ ਹੈ। ਉਨ੍ਹਾਂ ਨੇ AI ਉਦਯੋਗ ਦੇ ਵਧੇਰੇ ਨਿਯਮਨ ਦੀ ਮੰਗ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਤਕਨਾਲੋਜੀ ਕੰਪਨੀਆਂ ਆਪਣੇ ਮਾਡਲਾਂ ਲਈ ਢੁਕਵੇਂ ਸੁਰੱਖਿਆ ਉਪਾਅ ਯਕੀਨੀ ਬਣਾਉਣਗੀਆਂ। ਇਹ ਬਹਿਸ ਰੁਜ਼ਗਾਰ ’ਤੇ AI ਦੇ ਪ੍ਰਭਾਵ, ਅਤੇ ਸਰਕਾਰੀ ਵੈੱਬਸਾਈਟਾਂ ਤੱਕ ਅਣਅਧਿਕਾਰਤ ਪਹੁੰਚ ਅਤੇ ਕੁਝ AI ਏਜੰਟਾਂ ਦੁਆਰਾ ਸਾਈਬਰ ਹਮਲਿਆਂ ਦੀਆਂ ਘਟਨਾਵਾਂ ਬਾਰੇ ਵਧਦੀਆਂ ਚਿੰਤਾਵਾਂ ਦੇ ਸਮੇਂ ਆਈ ਹੈ। ਮੰਗਲਵਾਰ ਨੂੰ, ਤਕਨਾਲੋਜੀ ਕੰਪਨੀਆਂ ਦੇ ਉੱਚ ਅਧਿਕਾਰੀਆਂ ਨੇ ਵ ?ਹਾਈਟ ਹਾਊਸ ਵਿਖੇ AI ’ਤੇ ਨੈਤਿਕ ਤੌਰ ’ਤੇ ਬਾਈਡਿੰਗ ਸੰਵਿਧਾਨ ’ਤੇ ਦਸਤਖ਼ਤ ਕੀਤੇ। ਇਸ ਲਈ ਕੰਪਨੀਆਂ ਨੂੰ ਆਪਣੇ ਮਾਡਲਾਂ ਦੇ ਉਦੇਸ਼ਿਤ ਕਾਰਜਸ਼ੀਲਤਾ ਦਾ ਮੁਲਾਂਕਣ ਕਰਨ ਅਤੇ ਅਣਅਧਿਕਾਰਤ ਸਿਸਟਮ ਹੈਕਿੰਗ ਨੂੰ ਰੋਕਣ ਲਈ ਅੰਦਰੂਨੀ ਨਿਯੰਤਰਣ ਲਾਗੂ ਕਰਨ ਲਈ ਸੁਤੰਤਰ ਬਾਹਰੀ ਆਡੀਟਰਾਂ ਨਾਲ ਕੰਮ ਕਰਨ ਦੀ ਲੋੜ ਹੈ। ਇਨ੍ਹਾਂ ਨਿਯੰਤਰਣਾਂ ਦੀ ਨਿਗਰਾਨੀ ਇੱਕ ਟੀਮ ਦੁਆਰਾ ਕੀਤੀ ਜਾਵੇਗੀ, ਜਿਸਦੀ ਨਿਗਰਾਨੀ ਕੰਪਨੀ ਦੇ ਨਿਰਦੇਸ਼ਕ ਮੰਡਲ ਦੀ ਇੱਕ ਸੁਤੰਤਰ ਕਮੇਟੀ ਕਰੇਗੀ। ਟਰੰਪ ਨੇ ਕਿਹਾ ਹੈ ਕਿ ਉਹ 19 ਦੇ ਵਿਕਾਸ ਨੂੰ ਹੌਲੀ ਨਹੀਂ ਕਰਨਗੇ ਅਤੇ ਇਸ ਖੇਤਰ ਵਿੱਚ ਅਮਰੀਕੀ ਲੀਡ ਬਣਾਈ ਰੱਖਣਾ ਰਾਸ਼ਟਰੀ ਸੁਰੱਖਿਆ ਲਈ ਮਹੱਤਵਪੂਰਨ ਹੈ।

# 18 ਸਾਲ ਤੋਂ ਘੱਟ ਉਮਰ ਦੇ ਵਿਆਹਾਂ ’ਤੇ ਲੱਗੀ ਪਾਬੰਦੀ ! ਗਵਰਨਰ ਗੈਵਿਨ ਨਿਊਜ਼ਮ ਨੇ ਬਿੱਲ ’ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ (ਆਈਏਐਨਐਸ): ਅਮਰੀਕੀ ਸੂਬੇ ਕੈਲੀਫੋਰਨੀਆ ਨੇ ਵਿਆਹ ਸਬੰਧੀ ਉਮਰ ਤੈਅ ਕਰ ਦਿੱਤੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਜ਼ਮ ਨੇ 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਦੇ ਵਿਆਹ ’ਤੇ ਪੂਰਨ ਪਾਬੰਦੀ ਲਗਾਉਣ ਵਾਲੇ ’ਏਬੀ 1267’ ਕਾਨੂੰਨ ’ਤੇ ਦਸਤਖ਼ਤ ਕਰ ਦਿੱਤੇ ਹਨ। ਇਹ ਨਵਾਂ ਕਾਨੂੰਨ ਘਰੇਲੂ ਭਾਈਵਾਲੀ ਵਿੱਚ ਦਾਖਲ ਹੋਣ ਲਈ ਵੀ ਘੱਟੋ-ਘੱਟ ਉਮਰ 18 ਸਾਲ ਤੈਅ ਕਰਦਾ ਹੈ। ਇਹ ਬਿੱਲ ਸਾਂਤਾ ਕਰੂਜ਼ ਤੋਂ ਡੈਮੋਕ੍ਰੇਟਿਕ ਅਸੈਂਬਲੀ ਮੈਂਬਰ ਗੇਲ ਪੈਲੇਰਿਨ ਦੁਆਰਾ ਪੇਸ਼ ਕੀਤਾ ਗਿਆ ਸੀ। ਗਵਰਨਰ ਨਿਊਜ਼ਮ ਨੇ ਆਪਣੇ ਦਫ਼ਤਰ ਵਿੱਚ ਕੋਰਟਨੀ ਸਟੋਡਨ ਦੀ ਮੌਜੂਦਗੀ ਵਿੱਚ ਇਸ ਬਿੱਲ ’ਤੇ ਦਸਤਖ਼ਤ ਕੀਤੇ, ਜਿਸ ਦੇ ਮਾਪਿਆਂ ਨੇ ਉਸ ਨੂੰ 16 ਸਾਲ ਦੀ ਉਮਰ ਵਿੱਚ 50 ਸਾਲਾ ਅਭਿਨੇਤਾ ਡਗ ਹਚੀਸਨ ਨਾਲ ਵਿਆਹ ਕਰਨ ਦੀ ਇਜਾਜ਼ਤ ਦਿੱਤੀ ਸੀ। ਆਪਣੇ ਦਫ਼ਤਰ ਦੁਆਰਾ ਜਾਰੀ ਇੱਕ ਬਿਆਨ ਵਿੱਚ ਗਵਰਨਰ ਨਿਊਜ਼ਮ ਨੇ ਕਿਹਾ ਕਿ ਇਹ ਨਾਬਾਲਗਾਂ ਦੀ ਸੁਰੱਖਿਆ ਲਈ ਲੰਬੇ ਸਮੇਂ ਤੋਂ ਬਕਾਇਆ ਕਦਮ ਹੈ, ਜਿਸ ਨਾਲ ਹੁਣ ਬੱਚੇ ਪਹਿਲਾਂ ਨਾਲੋਂ ਵਧੇਰੇ ਸੁਰੱਖਿਅਤ ਹਨ। ਇਹ ਨਵਾਂ ਕਾਨੂੰਨ ਮਾਪਿਆਂ ਦੀ ਸਹਿਮਤੀ ਨਾਲ ਨਾਬਾਲਗਾਂ ਦੇ ਵਿਆਹਾਂ ਜਾਂ ਘਰੇਲੂ ਭਾਈਵਾਲੀ ਦੀ ਇਜਾਜ਼ਤ ਦੇਣ ਵਾਲੇ ਨਿਯਮਾਂ ਦੀ ਥਾਂ 18 ਸਾਲ ਦੀ ਉਮਰ ਸੀਮਾ ਲਾਗੂ ਕਰਦਾ ਹੈ। ਇਸ ਕਾਨੂੰਨ ਦੇ ਪ੍ਰੋਜੈਕਟ ਪ੍ਰਸਤਾਵਕ ’ਅਨਚੇਂਡ ਐਟ ਲਾਸਟ’ ਨਾਮਕ ਸੰਸਥਾ (ਜੋ ਬਾਲ ਵਿਆਹਾਂ ਵਿਰੁੱਧ ਮੁਹਿੰਮ ਚਲਾਉਂਦੀ ਹੈ) ਅਤੇ ’ਕੈਲੀਫੋਰਨੀਆ ਕਮਿਸ਼ਨ ਆਨ ਦ ਸਟੇਟਸ ਆਫ ਵੂਮੈਨ ਐਂਡ ਗਰਲਜ਼’ ਸਨ। ਬਿੱਲ ’ਤੇ ਦਸਤਖ਼ਤਾਂ ਦਾ ਸਵਾਗਤ ਕਰਦਿਆਂ ਕੋਰਟਨੀ ਸਟੋਡਨ ਨੇ ਕਿਹਾ ਕਿ ਬਾਲ ਵਿਆਹਾਂ ਵਿਰੁੱਧ ਇਹ ਮੁਹਿੰਮ ਕੈਲੀਫੋਰਨੀਆ ਤੋਂ ਅੱਗੇ ਵੀ ਜਾਰੀ ਰਹੇਗੀ। ਸਟੋਡਨ ਨੇ ਕਿਹਾ ਕਿ ਗਵਰਨਰ ਦੇ ਇਸ ਫੈਸਲੇ ਨੇ ਪੀੜਤਾਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਤੋਂ ਕਦੇ ਵੀ ਇਹ ਬੋਝ ਚੁੱਕਣ ਦੀ ਉਮੀਦ ਨਹੀਂ ਕੀਤੀ ਜਾਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਉਹ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ ਬੱਚਿਆਂ ਨੂੰ ਵਿਆਹ ਤੋਂ ਸੁਰੱਖਿਅਤ ਕਰਨ ਤੱਕ ਆਪਣੀ ਲੜਾਈ ਜਾਰੀ ਰੱਖੇਗੀ। ਗਵਰਨਰ ਦਫ਼ਤਰ ਨੇ ਸਟੋਡਨ ਨੂੰ ਬਾਲ ਸ਼ੋਸ਼ਣ ਵਿਰੁੱਧ ਇੱਕ ਰਾਸ਼ਟਰੀ ਪੈਰੋਕਾਰ ਦੱਸਿਆ, ਜਿਸ ਨੇ ਹਚੀਸਨ ਨਾਲ ਆਪਣੇ ਰਿਸ਼ਤੇ ਨੂੰ ਸ਼ੋਸ਼ਣਕਾਰੀ ਅਤੇ ਹਿੰਸਕ ਦੱਸਿਆ ਹੈ। ਅਸੈਂਬਲੀ ਮੈਂਬਰ ਗੇਲ ਪੈਲੇਰਿਨ ਨੇ ਦੱਸਿਆ ਕਿ ਪੀੜਤਾਂ ਦੇ ਬਿਆਨਾਂ ਤੋਂ ਪਤਾ ਲੱਗਦਾ ਹੈ ਕਿ ਮਾਪਿਆਂ ਦੀ ਮਨਜ਼ੂਰੀ ਅਕਸਰ ਜ਼ਬਰਦਸਤੀ ਅਤੇ ਸ਼ੋਸ਼ਣ ਨੂੰ ਛੁਪਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਨਾਬਾਲਗਾਂ ਲਈ ਮਦਦ ਮੰਗਣੀ, ਵਕੀਲ ਲੱਭਣਾ ਜਾਂ ਆਪਣੀ ਦੇਖਭਾਲ ਲਈ ਜ਼ਿੰਮੇਵਾਰ ਬਾਲਗਾਂ ਤੋਂ ਬਚ ਕੇ ਨਿਕਲਣਾ ਬਹੁਤ ਔਖਾ ਹੁੰਦਾ ਹੈ ਅਮਰੀਕਾ ਵਿੱਚ ਵਿਆਹ ਦੇ ਨਿਯਮ ਮੁੱਖ ਤੌਰ ’ਤੇ ਰਾਜਾਂ ਦੇ ਕਾਨੂੰਨਾਂ ਦੁਆਰਾ ਸੰਚਾਲਿਤ ਹੁੰਦੇ ਹਨ, ਜਿਸ ਕਾਰਨ ਵੱਖ-ਵੱਖ ਰਾਜਾਂ ਵਿੱਚ ਘੱਟੋ-ਘੱਟ ਉਮਰ ਅਤੇ ਛੋਟਾਂ ਵੱਖ-ਵੱਖ ਹਨ। ਗਵਰਨਰ ਦਫ਼ਤਰ ਅਨੁਸਾਰ ਅਮਰੀਕਾ ਦੇ 17 ਰਾਜਾਂ ਨੇ ਬਾਲ ਵਿਆਹ ’ਤੇ ਬਿਨਾਂ ਕਿਸੇ ਛੋਟ ਦੇ ਪੂਰਨ ਪਾਬੰਦੀ ਲਗਾਈ ਹੋਈ ਹੈ। ਸੰਸਥਾ ’ਅਨਚੇਂਡ ਐਟ ਲਾਸਟ’ ਪੂਰੇ ਦੇਸ਼ ਵਿੱਚ ਵਿਆਹ ਦੀ ਘੱਟੋ-ਘੱਟ ਉਮਰ 18 ਸਾਲ ਤੈਅ ਕਰਨ ਲਈ ਪ੍ਰਚਾਰ ਕਰ ਰਹੀ ਹੈ।



# ਅਮਰੀਕਾ ’ਚ ਬੱਚਿਆਂ ਦੀ ਪੜ੍ਹਨ-ਸਮਝਣ ਦੀ ਸਮਰੱਥਾ ਘਟੀ, ਛੋਟੇ ਸਮੂਹਾਂ ’ਚ ਪੜ੍ਹਾਈ ’ਤੇ ਜ਼ੋਰ

ਵਾਸ਼ਿੰਗਟਨ – ਬੱਚਿਆਂ ਦੇ ਗਣਿਤ ਦੇ ਬੁਨਿਆਦੀ ਸਵਾਲ ਹੱਲ ਕਰਨ ਜਾਂ ਸਹੀ ਤਰੀਕੇ ਨਾਲ ਕਿਤਾਬਾਂ ਪੜ੍ਹਨ ਦੀ ਸਮਰੱਥਾ ਵਿਚ ਲਗਾਤਾਰ ਗਿਰਾਵਟ ਅਮਰੀਕਾ ’ਚ ਚਿੰਤਾ ਦਾ ਵੱਡਾ ਵਿਸ਼ਾ ਬਣ ਗਈ ਹੈ। ਪਿਛਲੇ ਇਕ ਦਹਾਕੇ ਵਿਚ 83 ਫੀਸਦੀ ਜ਼ਿਲਿਆਂ ਦੇ ਸਕੂਲਾਂ ਵਿਚ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ, ਜੋ ਨਾ ਤਾਂ ਸ਼ਬਦਾਂ ਦਾ ਸਹੀ ਉਚਾਰਨ ਕਰ ਪਾਉਂਦੇ ਹਨ ਅਤੇ ਨਾ ਹੀ ਗਣਿਤ ਦੇ ਆਮ ਸਵਾਲਾਂ ਨੂੰ ਸਮਝ ਪਾਉਂਦੇ ਹਨ। ਮਾਹਰਾਂ ਅਨੁਸਾਰ ਇਸ ਸਮੱਸਿਆ ਨੂੰ ਦੂਰ ਕਰਨ ਲਈ ਛੋਟੇ ਸਮੂਹਾਂ ਵਿਚ ਪੜ੍ਹਾਉਣਾ ਅਤੇ ਵਿਗਿਆਨਕ ਤਰੀਕੇ ਨਾਲ ਉਚਾਰਨ ਤੇ ਸੰਦਰਭ ਨੂੰ ਸਮਝਾਉਣਾ ਸਭ ਤੋਂ ਪ੍ਰਭਾਵਸ਼ਾਲੀ ਉਪਾਵਾਂ ’ਚ ਸ਼ਾਮਲ ਹਨ।

ਸਿੱਖਿਆ ਸ਼ਾਸਤਰੀਆਂ, ਅਰਥਸ਼ਾਸਤਰੀਆਂ ਅਤੇ ਮਾਹਰਾਂ ਤੋਂ ਪ੍ਰਾਪਤ ਨੀਤੀਗਤ ਵਿਚਾਰਾਂ ਦੇ ਪ੍ਰਭਾਵ ਅਤੇ ਲਾਗਤ ਦਾ 1 ਤੋਂ 7 ਦੇ ਪੈਮਾਨੇ ’ਤੇ ਮੁਲਾਂਕਣ ਕੀਤਾ ਗਿਆ। ਸਿੱਟੇ ਵਿਚ ਪਾਇਆ ਗਿਆ ਕਿ ਅਰਬਾਂ ਡਾਲਰ ਦੇ ਸਿਆਸੀ ਵਾਅਦਿਆਂ ਦੀ ਤੁਲਨਾ ਵਿਚ ਜ਼ਮੀਨੀ ਪੱਧਰ ’ਤੇ ਵਿਹਾਰਕ ਕਦਮ ਸਿੱਖਿਆ ਸੁਧਾਰ ਵਿਚ ਜ਼ਿਆਦਾ ਪ੍ਰਭਾਵਸ਼ਾਲੀ ਸਾਬਤ ਹੋ ਰਹੇ ਹਨ। ਮਾਹਰਾਂ ਨੇ ਪ੍ਰਾਇਮਰੀ ਜਮਾਤਾਂ ਵਿਚ ਬੱਚਿਆਂ ਨੂੰ 3-4 ਦੇ ਸਮੂਹਾਂ ਵਿਚ ਪੜ੍ਹਾਉਣ ਨੂੰ ਵਿਸ਼ੇਸ਼ ਤੌਰ ’ਤੇ ਪ੍ਰਭਾਵਸ਼ਾਲੀ ਉਪਾਅ ਦੱਸਿਆ ਹੈ।

**ਮਿਸੀਸਿਪੀ ਬਣਿਆ ਮਿਸਾਲ**

ਮਿਸੀਸਿਪੀ ਸੂਬੇ ਨੇ ਪੜ੍ਹਨ-ਸਿਖਾਉਣ ਦੇ ਵਿਗਿਆਨ ਅਤੇ ਸਖ਼ਤ ਜਵਾਬਦੇਹੀ ਵਾਲੀਆਂ ਨੀਤੀਆਂ ਨੂੰ ਸਖ਼ਤੀ ਨਾਲ ਲਾਗੂ ਕੀਤਾ। ਨਤੀਜਾ ਇਹ ਰਿਹਾ ਕਿ ਕਦੇ ਦੇਸ਼ ਵਿਚ ਸਭ ਤੋਂ ਹੇਠਲੇ ਨੰਬਰ ’ਤੇ ਰਹਿਣ ਵਾਲਾ ਇਹ ਸੂਬਾ ਅੱਜ ਪ੍ਰਾਇਮਰੀ ਜਮਾਤ ਵਿਚ ਪੜ੍ਹਨ ਦੀ ਸਮਰੱਥਾ ਦੇ ਮਾਮਲੇ ਵਿਚ ਲਗਾਤਾਰ ਬਿਹਤਰ ਪ੍ਰਦਰਸ਼ਨ ਕਰ ਰਿਹਾ ਹੈ। ਮਾਹਰਾਂ ਨੇ ਇਹ ਵੀ ਕਿਹਾ ਕਿ ਸਾਰੇ ਅਧਿਆਪਕਾਂ ਦੀ ਤਨਖਾਹ ਵਧਾਉਣ ਦੀ ਬਜਾਏ ਯੋਗ ਅਤੇ ਬਿਹਤਰੀਨ ਅਧਿਆਪਕਾਂ ਨੂੰ ਵਿਸ਼ੇਸ਼ ਬੋਨਸ ਅਤੇ ਵਾਧੂ ਤਨਖਾਹ ਦਿੱਤੀ ਜਾਵੇ। ਇਸ ਨਾਲ ਬਿਹਤਰ ਅਧਿਆਪਕਾਂ ਨੂੰ ਜ਼ਰੂਰਤ ਵਾਲੇ ਸਕੂਲਾਂ ਅਤੇ ਜਮਾਤਾਂ ਤੱਕ ਪਹੁੰਚਾਉਣ ਵਿਚ ਮਦਦ ਮਿਲ ਸਕਦੀ ਹੈ। ਮਾਹਰਾਂ ਦੇ ਅਨੁਸਾਰ ਸਮਾਰਟਫ਼ੋਨ-ਮੁਕਤ ਜਮਾਤਾਂ ਘੱਟ ਲਾਗਤ ਵਿਚ ਤੇਜ਼ੀ ਨਾਲ ਬਦਲਾਅ ਲਿਆਉਣ ਵਾਲਾ ਉਪਾਅ ਹਨ। ਜਮਾਤਾਂ ਵਿਚ ਫ਼ੋਨ ’ਤੇ ਪਾਬੰਦੀ ਲਾਉਣ ਨਾਲ ਬੱਚਿਆਂ ਦਾ ਧਿਆਨ ਘੱਟ ਭਟਕਦਾ ਹੈ। ਇਸ ਨਾਲ ਨਾ ਸਿਰਫ਼ ਟੈਸਟ ਸਕੋਰ ਸੁਧਰ ਸਕਦੇ ਹਨ, ਸਗੋਂ ਸਾਈਬਰ ਬੁਲਿੰਗ ਅਤੇ ਇਕੱਲੇਪਣ ਦੀ ਭਾਵਨਾ ਵਿਚ ਵੀ ਕਮੀ ਆ ਸਕਦੀ ਹੈ। ਤਕਨਾਲੋਜੀ ਦੀ ਵਰਤੋਂ ਪੜ੍ਹਾਈ ਲਈ ਕੀਤੀ ਜਾ ਸਕਦੀ ਹੈ ਪਰ ਸਿਰਫ਼ ਮੁਫ਼ਤ ਲੈਪਟਾਪ ਜਾਂ ਟੈਬਲੇਟ ਵੰਡਣ ਨਾਲ ਪੜ੍ਹਾਈ ਦਾ ਪੱਧਰ ਨਹੀਂ ਸੁਧਰਦਾ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 373

Website: www.preetnama.com Email preetnamausa@gmail.com

02 OCT TO 08 OCT, 2026




Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 373
Website: www.preetnama.com Email preetnamausa@gmail.com
02 OCT TO 08 OCT, 2026

# ਗੋਲਡੀ ਬਰਾੜ ’ਤੇ ਐਫਬੀਆਈ ਦਾ ਸ਼ਿਕੰਜਾ ਸਖ਼ਤ, 10 ਸਭ ਤੋਂ ਵੱਧ ਲੋੜੀਂਦੇ ਅਪਰਾਧੀਆਂ ਦੀ ਸੂਚੀ ਵਿੱਚ ਸ਼ਾਮਲ



## ਕੌਣ ਹੈ ਗੋਲਡੀ ਬਰਾੜ ?

ਗੋਲਡੀ ਬਰਾੜ ਦਾ ਨਾਮ ਸਿੱਧੂ ਮੂਸੇਵਾਲਾ ਕਤਲ ਅਤੇ ਕੈਨੇਡਾ ਵਿੱਚ ਵਾਪਰੇ ਹਰਦੀਪ ਸਿੰਘ ਨਿੱਜਰ ਕਤਲ ਸਮੇਤ ਕਈ ਮਾਮਲਿਆਂ ਵਿੱਚ ਆਉਂਦਾ ਹੈ। ਗੋਲਡੀ ਬਰਾੜ ਦਾ ਜਨਮ 11 ਮਾਰਚ, 1994 ਨੂੰ ਮੁਕਤਸਰ ਸਾਹਿਬ ਵਿੱਚ ਹੋਇਆ। ਉਹ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਪੜ੍ਹ ਲੈਂਦਾ ਹੈ। ਪੰਜਾਬ ਪੁਲਿਸ ਦੇ ਰਿਕਾਰਡ ਦੇ ਮੁਤਾਬਕ ਗੋਲਡੀ ਬਰਾੜ 2017 ਵਿੱਚ ਕੈਨੇਡਾ ਚਲਾ ਗਿਆ ਸੀ ਅਤੇ ਉੱਥੇ ਬੈਠ ਕੇ ਹੀ ਉਹ ਆਪਣੇ ਸਾਥੀਆਂ ਦੀ ਮਦਦ ਨਾਲ ਪੰਜਾਬ ਵਿੱਚ ਵਾਰਦਾਤਾਂ ਨੂੰ ਅੰਜਾਮ ਦੇ ਰਿਹਾ ਹੈ। ਪੰਜਾਬ ਪੁਲਿਸ ਦੇ ਰਿਕਾਰਡ ਦੇ ਮੁਤਾਬਕ ਗੋਲਡੀ ਬਰਾੜ ਪਿਛਲੇ 10-15 ਸਾਲਾ ਤੋਂ ਅਪਰਾਧ ਦੀ ਦੁਨੀਆ ਵਿੱਚ ਸਰਗਰਮ ਹੈ। ਪੰਜਾਬ ਅਤੇ ਚੰਡੀਗੜ੍ਹ ਪੁਲਿਸ ਦੀਆਂ ਨਜ਼ਰਾਂ ਵਿੱਚ ਗੋਲਡੀ ਖ਼ਾਸ ਤੌਰ ’ਤੇ ਅਕਤੂਬਰ 2020 ਵਿੱਚ ਆਇਆ। ਗੋਲਡੀ ਬਰਾੜ ਦੇ ਰਿਸ਼ਤੇਦਾਰ ਵਿਦਿਆਰਥੀ ਸੰਗਠਨ ਸੋਪੂ ਦੇ ਪ੍ਰਧਾਨ ਗੁਰਲਾਲ ਬਰਾੜ ਦਾ ਚੰਡੀਗੜ੍ਹ ਵਿੱਚ ਕਥਿਤ ਤੌਰ ’ਤੇ ਬੰਬੀਹਾ ਗੈਂਗ ਵੱਲੋਂ ਕਤਲ ਕਰ ਦਿੱਤਾ ਗਿਆ ਸੀ।

ਪੁਲਿਸ ਮੁਤਾਬਕ ਗੁਰਲਾਲ ਬਰਾੜ ਦੇ ਕਤਲ ਮਾਮਲੇ ਵਿੱਚ ਗੋਲਡੀ ਬਰਾੜ ਨੂੰ ਗੁਰਲਾਲ ਸਿੰਘ ਭਲਵਾਨ ਉੱਤੇ ਸ਼ੱਕ ਸੀ। ਇਲਜ਼ਾਮ ਸਨ ਕਿ ਗੋਲਡੀ ਨੇ ਫ਼ਰੀਦਕੋਟ ਯੂਥ ਕਾਂਗਰਸ ਦੇ ਪ੍ਰਧਾਨ ਗੁਰਲਾਲ ਸਿੰਘ ਭਲਵਾਨ ਨੂੰ ਮਾਰਨ ਲਈ ਲਾਰੈਂਸ ਬਿਸ਼ਨੋਈ ਨਾਲ ਮਿਲ ਕੇ ਸਾਜ਼ਿਸ਼ ਰਚੀ ਅਤੇ 18 ਫਰਵਰੀ, 2021 ਨੂੰ ਗੁਰਲਾਲ ਸਿੰਘ ਭਲਵਾਨ ਨੂੰ ਦੋ ਲੋਕਾਂ ਨੇ ਗੋਲੀਆਂ ਮਾਰ ਕੇ ਦਿਨ ਦਿਹਾੜੇ ਕਤਲ ਕਰ ਦਿੱਤਾ। ਪੁਲਿਸ ਦਾ ਦਾਅਵਾ ਹੈ ਕਿ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਆਪਣੇ ਬਿਆਨ ਦੌਰਾਨ ਖ਼ੁਲਾਸਾ ਕੀਤਾ ਕਿ ਗੋਲਡੀ ਇਸ ਕੇਸ ਦਾ ਮਾਸਟਰਮਾਈਂਡ ਹੈ ਜਿਸ ਨੇ ਗੁਰਲਾਲ ਸਿੰਘ ਭਲਵਾਨ ਦੀ ਹੱਤਿਆ ਕਰਨ ਲਈ ਵਾਹਨਾਂ, ਹਥਿਆਰਾਂ, ਸ਼ੂਟਰਾਂ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ। ਪੁਲਿਸ ਰਿਕਾਰਡਾਂ ਮੁਤਾਬਕ ਪੰਜਾਬ ਵਿੱਚ ਗੋਲਡੀ ਬਰਾੜ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਸੀ ਜਿਸ ਵਿੱਚ ਉਸਦਾ ਨਾਂ ਆਇਆ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਗੁਰਲਾਲ ਪਹਿਲਵਾਨ ਦੇ ਕਤਲ ਤੋਂ ਬਾਅਦ ਗੋਲਡੀ ਬਰਾੜ ਨੇ ਫ਼ਰੀਦਕੋਟ ਅਤੇ ਮੁਕਤਸਰ ਸਾਹਿਬ ਖੇਤਰਾਂ ਦੇ ਵੱਖ-ਵੱਖ ਵਿਅਕਤੀਆਂ ਨੂੰ ਕਥਿਤ ਤੌਰ ’ਤੇ ਫਿਰੌਤੀ ਲਈ ਕਾਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਤੋਂ ਬਾਅਦ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਿਤ ਗੋਲਡੀ ਬਰਾੜ 29 ਮਈ, 2022 ਨੂੰ ਸਿੱਧੂ ਮੂਸੇਵਾਲ ਦੇ ਕਤਲ ਤੋਂ ਬਾਅਦ ਇੱਕ ਦਮ ਸੁਰਖ਼ੀਆਂ ਵਿੱਚ ਆ ਗਿਆ ਸੀ। ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਦਾਅਵਾ ਕੀਤਾ ਸੀ ਉਸ ਨੇ ਹੀ ਮੂਸੇਵਾਲਾ ਦਾ ਕਤਲ ਕਰਵਾਇਆ ਹੈ। ਸਿੱਧੂ ਮੂਸੇਵਾਲ ਦੇ ਕਤਲ ਦੇ ‘ਮੁੱਖ ਸਾਜ਼ਿਸ਼ ਕਰਤਾ’ ਅਤੇ ਪੰਜਾਬ ਪੁਲਿਸ ਨੂੰ ਕਈ ਮਾਮਲਿਆਂ ਵਿੱਚ ਲੋੜੀਂਦੇ ਗੋਲਡੀ ਬਰਾੜ ਨੂੰ 2024 ਵਿੱਚ ਭਾਰਤ ਸਰਕਾਰ ਨੇ ਦਹਿਸ਼ਤਗਰਦ ਐਲਾਨਿਆ ਸੀ। ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਮੁਤਾਬਕ ਸਤਵਿੰਦਰ ਸਿੰਘ ਉਰਫ਼ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਨੂੰ ਗ਼ੈਰ-ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਯਾਨਿ ਯੂਏਪੀਏ ਤਹਿਤ ਦਹਿਸ਼ਤਗਰਦ ਐਲਾਨਿਆ ਗਿਆ ਸੀ।

ਅਮਰੀਕੀ ਜਾਂਚ ਏਜੰਸੀ ਐਫਬੀਆਈ ਨੇ ਗੋਲਡੀ ਬਰਾੜ ਨੂੰ ਦਸ ਸਭ ਤੋਂ ਲੋੜੀਂਦੇ ਭਗੌੜਿਆਂ ਦੀ ਸੂਚੀ ਵਿੱਚ ਸ਼ਾਮਲ ਕਰ ਦਿੱਤਾ ਹੈ ਅਤੇ ਉਸ ’ਤੇ ਇੱਕ ਮਿਲੀਅਨ ਡਾਲਰ ਦਾ ਇਨਾਮ ਰੱਖਿਆ ਹੈ। ਐਫਬੀਆਈ ਨੇ ਜਾਣਕਾਰੀ ਦਿੱਤੀ ਕਿ ਕਈ ਤਰ੍ਹਾਂ ਦੇ ਸੰਘੀ ਕਾਨੂੰਨਾਂ ਦੀ ਉਲੰਘਣਾ, ਜਿਸ ਵਿੱਚ ਕਤਲ, ਜਬਰਨ ਉਗਰਾਹੀ ਅਤੇ ਨਸ਼ਾ ਤਸਕਰੀ ਸ਼ਾਮਲ ਹੈ, ਲਈ ਲੋੜੀਂਦੇ ਇੱਕ ਵਿਅਕਤੀ ਨੂੰ ਐਫਬੀਆਈ ਦੀ ’ਦਸ ਸਭ ਤੋਂ ਲੋੜੀਂਦੇ ਭਗੌੜਿਆਂ’ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਐਫਬੀਆਈ ਨੇ ਐਕਸ ’ਤੇ ਲਿਖਿਆ ਕੀ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਜਿਸ ਨੂੰ ਹੋਰ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਲਾਰੈਂਸ ਬਿਸ਼ਨੋਈ ਸੰਗਠਿਤ ਅਪਰਾਧ ਗਰੁੱਪ ਵਿੱਚ ਸ਼ਮੂਲੀਅਤ ਲਈ ਲੋੜੀਂਦਾ ਹੈ ਜੋ ਕਥਿਤ ਤੌਰ ’ਤੇ ਦੱਖਣੀ ਕੈਲੀਫੋਰਨੀਆ ਅਤੇ ਪੂਰੇ ਅਮਰੀਕਾ ਵਿਚ ਕਈ ਹਿੰਸਕ ਗਤੀਵਿਧੀਆਂ ਵਿੱਚ ਸ਼ਾਮਲ ਹੈ। ਇਨ੍ਹਾਂ ਵਿੱਚ ਟਾਰਗੇਟ ਕਿਲਿੰਗ (ਜਿਸ ਵਿੱਚ ਇੱਕ ਪ੍ਰਮੁਖ ਸਿਆਸੀ ਤੇ ਧਾਰਮਿਕ ਸ਼ਖਸੀਅਤ ਦਾ ਕਤਲ ਸ਼ਾਮਲ ਹੈ), ਗੋਲੀਬਾਰੀ, ਕਤਲ, ਅਗਵਾ, ਫ਼ ?ਰੌਤੀ, ਹਮਲੇ ਅਤੇ ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਦੀ ਤਸਕਰੀ ਦੇ ਇਲਜ਼ਾਮ ਸ਼ਾਮਲ ਹਨ।

ਐਕਸ ’ਤੇ ਪੋਸਟ ਸਾਂਝੀ ਕਰਦਿਆਂ ਐਫਬੀਆਈ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਕਿਸੇ ਨੂੰ ਸਤਿੰਦਰਜੀਤ ਸਿੰਘ ਗੋਲਡੀ ਬਰਾੜ ਬਾਰੇ ਕੋਈ ਜਾਣਕਾਰੀ ਮਿਲੇ ਤਾਂ ਟੋਲ ? ਫ ?ਰੀ ਨੰਬਰ 1-800-255-5324 ’ਤੇ ਫੋਨ ਕਰਕੇ ਜਾਂ ਨੇੜਲੇ ਐਫਬੀਆਈ ਦਫ਼ਤਰ ਅਤੇ ਜਾਂ ਨੇੜਲੀ ਯੂਐਸ ਅੰਬੈਸੀ ਜਾਂ ਦੂਤਾਵਾਸ ਨੂੰ ਸੂਚਿਤ ਕੀਤਾ ਜਾਵੇ। ਆਲਾਈਨ ਜਾਣਕਾਰੀ ਦੇਣ ਲਈ ਵੀ ਲਿੰਕ ਸਾਂਝਾ ਕੀਤਾ ਗਿਆ ਹੈ।

ਦੱਸ ਦੇਈਏ ਕਿ ਇਸੇ ਸਾਲ ਜੁਲਾਈ ਮਹੀਨੇ ਐਫਬੀਆਈ ਨੇ ਗੋਲਡੀ ਬਰਾੜ ’ਤੇ 50 ਹਜ਼ਾਰ ਡਾਲਰ ਦਾ ਇਨਾਮ ਰੱਖਿਆ ਸੀ। ਪਰ ਹੁਣ ਗੋਲਡੀ ਨੂੰ ਦਸ ਸਭ ਤੋਂ ਲੋੜੀਂਦੇ ਅਪਰਾਧੀਆਂ ਦਾ ਸੂਚੀ ਵਿੱਚ ਸ਼ਾਮਲ ਕਰਨ ਦੇ ਨਾਲ ਨਾਲ ਇਨਾਮ ਰਾਸ਼ੀ ਵੀ ਇੱਕ ਮਿਲੀਅਨ ਡਾਲਰ ਕਰ ਦਿੱਤੀ ਗਈ ਹੈ।

**’ਉਸ ਨੂੰ ਮੰਨਿਆ ਜਾਂਦਾ ਹੈ ਬਹੁਤ ਜ਼ਿਆਦਾ ਹਿੰਸਕ, ਹਥਿਆਰਬੰਦ ਅਤੇ ਖਤਰਨਾਕ’**

ਐਫਬੀਆਈ ਮੁਤਾਬਕ ਉਹ ਅਮਰੀਕਾ ਵਿੱਚ ਰਹਿ ਰਿਹਾ ਹੈ ਅਤੇ ਉਹ ਉੱਤਰੀ ਅਮਰੀਕਾ ਵਿੱਚ ਇਸ ਗੈਂਗ ਦਾ ਕਥਿਤ ਲੀਡਰ ਹੈ। ਏਜੰਸੀ ਨੇ ਦੱਸਿਆ ਕਿ ਗੋਲਡੀ ਬਰਾੜ ’ਤੇ ਲਾਸ ਏਂਜਲਸ ਦੀ ਸੰਘੀ ਅਦਾਲਤ ਵਿਚ ਕਈ ਕਾਨੂੰਨੀ ਉਲੰਘਣਾਵਾਂ ਦੇ ਦੋਸ਼ ਲਗਾਏ ਹਨ ਜਿਨ੍ਹਾਂ ਵਿੱਚ ਰੀਕੋ ਕਾਨੂੰਨ ਤਹਿਤ ਫਿਰੌਤੀ ਨਾਲ ਵਪਾਰ ਵਿੱਚ ਦਖਲਅੰਦਾਜ਼ੀ ਦੀ ਸਾਜ਼ਿਸ਼ ਅਤੇ ਕੋਸ਼ਿਸ, ਨਸ਼ੀਲੇ ਪਦਾਰਥਾਂ ਨੂੰ ਵੰਡਣ ਅਤੇ ਵੰਡਣ ਦੇ ਇਰਾਦੇ ਨਾਲ ਆਪਣੇ ਕੋਲ ਰੱਖਣ ਦੀ ਸਾਜਿਸ਼ ਸ਼ਾਮਲ ਹੈ। ਐਫਬੀਆਈ ਨੇ ਦਸ ਸਭ ਤੋਂ ਲੋੜੀਂਦੇ ਭਗੌੜਿਆਂ ਵਿੱਚ ਸ਼ਾਮਲ ਕਰਦਿਆਂ ਗੋਲਡੀ ਬਰਾੜ ’ਤੇ ਇੱਕ ਮਿਲੀਅਨ ਡਾਲਰ ਤੱਕ ਦੇ ਇਨਾਮ ਦੀ ਪੇਸ਼ਕਸ਼ ਕੀਤੀ ਹੈ। ਐਫਬੀਆਈ ਲੈਸ ਏਂਜਲਸ ਦੀ ਐਕਸ ਪੋਸਟ ਮੁਤਾਬਕ ਐਫਬੀਆਈ ਦੇ ਅਸਿਸਟੈਂ ਡਾਇਰੈਕਟਰ ਇਨ ਚਾਰਜ ਪੈਟਰਿਕ ਗਰੈਂਡੀ ਨੇ ਕਿਹਾ, ਇਸ ਗੱਲ ਨੂੰ ਘਟਾ ਕੇ ਨਹੀਂ ਦੇਖਿਆ ਜਾ ਸਕਦਾ ਕਿ ਇਹ ਸੂਚੀ ਉਸ ਦੇ ਚਿਹਰੇ ਅਤੇ ਹੁਲੀਏ ਵਿੱਚ ਕਿੰਨਾ ਜ਼ਿਆਦਾ ਧਿਆਨ ਖਿੱਚੇਗੀ। ਉਸ ਦੀ ਫੋਟੋ ਐਫਬੀਆਈ ਨਾਲ ਜੁੜੀ ਹਰ ਵੈਬਸਾਈਟ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮ ’ਤੇ ਮਿਲੇਗੀ। ਜਦੋਂ ਤੱਕ ਉਹ ਫੜਿਆ ਨਹੀਂ ਜਾਂਦਾ, ਉਦੋਂ ਤੱਕ ਦੁਨੀਆਂ ਦੇ ਹਰ ਫੋਨ ’ਤੇ ਉਸ ਦਾ ਪ੍ਰਚਾਰ ਕੀਤਾ ਜਾਵੇਗਾ। ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਦੱਸਿਆ ਕਿ ਗੋਲਡੀ ਦਸ ਸਭ ਤੋਂ ਵੱਧ ਲੋੜੀਂਦੇ ਭਗੌੜਿਆਂ ਦੀ ਸੂਚੀ ਵਿੱਚ ਸ਼ਾਮਲ ਹੋਣ ਵਾਲਾ 543ਵਾਂ ਵਿਅਕਤੀ ਹੈ। 1950 ਵਿੱਚ ਇਸ ਸੂਚੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਲਾਸ ਏਂਜਲਸ ਖੇਤਰ ਵਿੱਚ ਅਪਰਾਧ ਕਰਨ ਵਾਲੇ ਜਾਂ ਅਪਰਾਧ ਦੇ ਇਲਜ਼ਾਮਾਂ ਵਾਲੇ 28 ਦੋਸ਼ੀਆਂ ਨੂੰ ਇਸ ਸੂਚੀ ਵਿੱਚ ਸ਼ਾਮਲ ਕੀਤਾ ਜਾ ਚੁੱਕਾ ਹੈ। ਦੇਸ਼ ਦੇ ਹੋਰ ਹਿੱਸਿਆਂ ਵਿੱਚ ਅਪਰਾਧ ਕਰਨ ਵਾਲੇ 36 ਦੋਸ਼ੀਆਂ ਨੂੰ ਲਾਸ ਏਂਜਲਸ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਐਫਬੀਆਈ ਮੁਤਾਬਕ ਗੋਲਡੀ ਨੂੰ ਬਹੁਤ ਜ਼ਿਆਦਾ ਹਿੰਸਕ, ਹਥਿਆਰਬੰਦ ਅਤੇ ਖਤਰਨਾਕ ਮੰਨਿਆ ਜਾਂਦਾ ਹੈ। ਉਸ ਦੇ ਕੈਲੀਫੋਰਨੀਆ ਅਤੇ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿੱਚ ਟਿਕਾਣਾ ਹੋਣ ਬਾਰੇ ਜਾਣਕਾਰੀ ਹੈ।



# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 373

Website: www.preetnama.com Email preetnamausa@gmail.com

02 OCT TO 08 OCT, 2026



Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 373
Website: www.preetnama.com Email preetnamausa@gmail.com
02 OCT TO 08 OCT, 2026


## ਐੱਲਪੀਯੂ ਅਤੇ ਚਿਤਕਾਰਾ ਮਾਮਲਾ

# ਅ.ਫਵਾਹਾਂ ਅਤੇ .ਗਲਤ ਸੂਚਨਾਵਾਂ ਕਿਵੇਂ ਫੈਲਦੀਆਂ ਹਨ, ਇਨ੍ਹਾਂ ਦੀ ਪਛਾਣ ਕਿਵੇਂ ਹੋ ਸਕਦੀ ਹੈ




ਫਗਵਾੜਾ ਦੀ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਅਤੇ ਰਾਜਪੁਰਾ ਦੀ ਚਿਤਕਾਰਾ ਯੂਨੀਵਰਸਿਟੀ ਵਿੱਚ ਹੋਏ ਹਿੰਸਕ ਪ੍ਰਦਰਸ਼ਨਾਂ ਨੇ ਸੋਸ਼ਲ ਮੀਡੀਆ ਉੱਤੇ ਬਿਨਾਂ ਤਸਦੀਕ ਫੈਲਣ ਵਾਲੀਆਂ ਸੂਚਨਾਵਾਂ ਦੇ ਅਸਰ ਨੂੰ ਇੱਕ ਵਾਰ ਮੁੜ ਚਰਚਾ ਵਿੱਚ ਲਿਆ ਦਿੱਤਾ ਹੈ। ਐੱਲਪੀਯੂ ਵਿੱਚ ਸ਼ਨੀਵਾਰ ਦੇਰ ਰਾਤ ਤੋਂ ਐਤਵਾਰ ਸ਼ਾਮ ਤੱਕ ਭੰਨਤੋੜ, ਵਾਹਨਾਂ ਨੂੰ ਅੱਗ ਲਾਉਣ ਅਤੇ ਪ੍ਰਦਰਸ਼ਨਾਂ ਦੀਆਂ ਘਟਨਾਵਾਂ ਵਾਪਰੀਆਂ। ਇਸ ਦੌਰਾਨ ਪਥਰਾਅ ਅਤੇ ਲਾਠੀਚਾਰਜ ਵੀ ਹੋਇਆ। ਪੁਲਿਸ ਨੇ ਹਿੰਸਾ ਨਾਲ ਜੁੜੇ ਇਸ ਮਾਮਲੇ ਵਿੱਚ ਅਣਪਛਾਤੇ ਲੋਕਾਂ ਖ਼?ਲਾਫ਼ ਤਿੰਨ ਐੱਫਆਈਆਰ ਦਰਜ ਕੀਤੀਆਂ ਹਨ। ਇਸੇ ਤਰ੍ਹਾਂ ਚਿਤਕਾਰਾ ਯੂਨੀਵਰਸਿਟੀ ਵਿੱਚ ਸ਼ੁੱਕਰਵਾਰ ਰਾਤ ਅਤੇ ਸ਼ਨੀਵਾਰ ਨੂੰ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨ ਕੀਤੇ ਗਏ। ਇੱਥੇ ਵੀ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ ਅਤੇ ਪੁਲਿਸ ਦੇ ਵਾਹਨਾਂ ਸਮੇਤ ਹੋਰ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਗਿਆ। ਦੋਵਾਂ ਮਾਮਲਿਆਂ ਵਿੱਚ ਸੋਸ਼ਲ ਮੀਡੀਆ ਉੱਤੇ ਫੈਲੀਆਂ ਅਜਿਹੀਆਂ ਸੂਚਨਾਵਾਂ ਸਾਹਮਣੇ ਆਈਆਂ, ਜਿਨ੍ਹਾਂ ਦੀ ਬਾਅਦ ਵਿੱਚ ਪੁਸ਼ਟੀ ਨਹੀਂ ਹੋ ਸਕੀ। ਇਹ ਜਾਣਕਾਰੀਆਂ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ, ਕਿਵੇਂ ਫੈਲਦੀਆਂ ਹਨ ਅਤੇ ਇਨ੍ਹਾਂ ਦੀ ਪਛਾਣ ਕਿਵੇਂ ਕੀਤੀ ਜਾ ਸਕਦੀ ਹੈ? ਇਸ ਬਾਰੇ ਮਾਹਰਾਂ ਦਾ ਮੰਨਣਾ ਹੈ ਕਿ ਲੋਕਾਂ ਦਾ ਮੀਡੀਆ ਦੇ ਗਿਆਨੀ (ਮੀਡੀਆ ਲਿਟਰੇਟ) ਹੋਣਾ ਅਤੇ ਆਲੋਚਨਾਤਮਕ ਨਜ਼ਰੀਆ ਅਪਣਾਇਆ ਜਾਣਾ ਬੇਹੱਦ ਜ਼ਰੂਰੀ ਹੈ। **ਕਿਹੜੀਆਂ ਸੂਚਨਾਵਾਂ ਫੈਲੀਆਂ?** ਪੁਲਿਸ ਮੁਤਾਬਕ ਚਿਤਕਾਰਾ ਯੂਨੀਵਰਸਿਟੀ ਵਿੱਚ ਸੋਸ਼ਲ ਮੀਡੀਆ ਉੱਤੇ ਇਹ ਜਾਣਕਾਰੀ ਫੈਲੀ ਸੀ ਕਿ ਕੈਂਪਸ ਵਿੱਚੋਂ ਦੋ ਵਿਦਿਆਰਥਣਾਂ ਲਾਪਤਾ ਹੋ ਗਈਆਂ ਹਨ। ਪੁਲਿਸ ਦੀ ਜਾਂਚ ਦੌਰਾਨ ਇਹ ਦਾਅਵਾ ਅਫ਼ਵਾਹ ਨਿਕਲਿਆ। ਐੱਲਪੀਯੂ ਵਿੱਚ ਇਸ ਦੌਰਾਨ ਸੋਸ਼ਲ ਮੀਡੀਆ ਉੱਤੇ ਇਹ ਦਾਅਵਾ ਫੈਲਿਆ ਕਿ ਕੈਂਪਸ ਵਿੱਚ ਇੱਕ ਵਿਦਿਆਰਥਣ ਨਾਲ ਬਲਾਤਕਾਰ ਹੋਇਆ ਹੈ।ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਦਾਅਵੇ ਨੂੰ ਨਕਾਰਿਆ ਹੈ। ਹਾਲਾਂਕਿ, ਪ੍ਰਦਰਸ਼ਨਕਾਰੀਆਂ ਦੇ ਦਬਾਅ ਤੋਂ ਬਾਅਦ ਪੁਲਿਸ ਨੇ ਇਸ ਦਾਅਵੇ ਨਾਲ ਸਬੰਧਤ ਇੱਕ ਐੱਫਆਈਆਰ ਦਰਜ ਕੀਤੀ ਅਤੇ ਜਾਂਚ ਲਈ ਇੱਕ ਕਮੇਟੀ ਦਾ ਗਠਨ ਵੀ ਕੀਤਾ ਹੈ। ਐੱਫਆਈਆਰ ਵਿੱਚ ਕਿਸੇ ਪੀੜਤ ਦਾ ਜ਼ਿਕਰ ਨਹੀਂ ਹੈ। ਪੁਲਿਸ ਮੁਤਾਬਕ ਅਜੇ ਤੱਕ ਕਿਸੇ ਵਿਦਿਆਰਥਣ, ਉਸ ਦੇ ਪਰਿਵਾਰਕ ਮੈਂਬਰ, ਦੋਸਤ ਜਾਂ ਸਹਿਪਾਠੀ ਨੇ ਵੀ ਇਸ ਦਾਅਵੇ ਸਬੰਧੀ ਪੁਲਿਸ ਕੋਲ ਪਹੁੰਚ ਨਹੀਂ ਕੀਤੀ ਹੈ। ਸੋਮਵਾਰ ਨੂੰ ਐੱਲਪੀਯੂ ਪਹੁੰਚੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ 26 ਅਤੇ 27 ਤਰੀਕ ਦੀ ਦਰਮਿਆਨੀ ਰਾਤ ਨੂੰ ਐੱਲਪੀਯੂ ਕੈਂਪਸ ਵਿੱਚ ਇੱਕ ਘਟਨਾ ਨੂੰ ਲੈ ਕੇ ਅਫ਼ਵਾਹਾਂ ਫੈਲੀਆਂ, ਜਿਸ ਤੋਂ ਬਾਅਦ ਵਿਦਿਆਰਥੀ ਬਾਹਰ ਆ ਗਏ ਅਤੇ ਭੰਨਤੋੜ ਤੇ ਅੱਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ।

**.ਗਲਤ ਜਾਣਕਾਰੀ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ?**

ਕੇਂਦਰੀ ਯੂਨੀਵਰਸਿਟੀ, ਬਠਿੰਡਾ ਦੇ ਜਨ ਸੰਚਾਰ ਅਤੇ ਮੀਡੀਆ ਅਧਿਐਨ ਵਿਭਾਗ ਦੇ ਮੁਖੀ ਅਤੇ .ਗਲਤ ਤੇ ਝੂਠੀ ਜਾਣਕਾਰੀ ਬਾਰੇ ਖੋਜ ਕਰਨ ਵਾਲੇ ਸਹਾਇਕ ਪ੍ਰੋਫੈਸਰ ਡਾ. ਰੂਬਲ ਕਨੋਜੀਆ ਮੁਤਾਬਕ ਅ.ਫਵਾਹਾਂ ਅਤੇ .ਗਲਤ ਜਾਣਕਾਰੀਆਂ ਵਿੱਚ ਅਕਸਰ ਭਾਵੁਕ ਸੁਨੇਹੇ ਹੁੰਦੇ ਹਨ ਅਤੇ ਭਾਵਨਾਵਾਂ ਨੂੰ ਉਤੇਜਿਤ ਕਰਦੇ ਹਨ। ਉਹ ਕਹਿੰਦੇ ਹਨ ਕਿ ਅਜਿਹੀਆਂ ਸੂਚਨਾਵਾਂ ਡਰ ਪੈਦਾ ਕਰ ਕਰਦੀਆਂ ਹਨ। ਲੋਕਾਂ ਜਾਂ ਸਮੂਹਾਂ ਵਿਚਾਲੇ ਧਰੁਵੀਕਰਨ ਵੀ ਕਰਦੀਆਂ ਹਨ। ਡਾ. ਰੂਬਲ ਮੁਤਾਬਕ ਅਜਿਹੀਆਂ ਸੂਚਨਾਵਾਂ ਕਿਸੇ ਸਮੂਹ ਨੂੰ ਪੀੜਤ ਵਜੋਂ ਪੇਸ਼ ਕਰਦੀਆਂ ਹਨ। ਇਸ ਨਾਲ ਉਸ ਸਮੂਹ ਵਿੱਚ ਆਪਸੀ ਹਮਦਰਦੀ ਪੈਦਾ ਹੁੰਦੀ ਹੈ। ਫਿਰ ਲੋਕ ਉਸ ਜਾਣਕਾਰੀ ਉੱਤੇ ਤੁਰੰਤ ਪ੍ਰਤੀਕਿਰਿਆ ਦਿੰਦੇ ਹਨ। ਦੋਵਾਂ ਯੂਨੀਵਰਸਿਟੀਆਂ ਦੇ ਮਾਮਲਿਆਂ ਦਾ ਹਵਾਲਾ ਦਿੰਦਿਆਂ ਉਹ ਕਹਿੰਦੇ ਹਨ, ਵਾਇਰਲ ਹੋਈਆਂ ਸੂਚਨਾਵਾਂ ਵਿੱਚ ਵਿਦਿਆਰਥੀਆਂ ਨੂੰ ਪੀੜਤ ਵਜੋਂ ਪੇਸ਼ ਕੀਤਾ ਗਿਆ ਸੀ। ਇਸ ਕਾਰਨ ਵਿਦਿਆਰਥੀਆਂ ਵਿੱਚ ਹਮਦਰਦੀ ਅਤੇ ਭਾਵਨਾਤਮਕ ਪ੍ਰਤੀਕਿਰਿਆ ਪੈਦਾ ਹੋਈ, ਜਿਸ ਨੇ ਉਨ੍ਹਾਂ ਨੂੰ ਪ੍ਰਦਰਸ਼ਨਾਂ ਵੱਲ ਧੱਕਿਆ।

**.ਗਲਤ ਜਾਣਕਾਰੀ ਤੋਂ ਕਿਵੇਂ ਬਚਿਆ ਜਾ ਸਕਦਾ ਹੈ?**

ਡਾ. ਰੂਬਲ ਕਨੋਜੀਆ ਮੁਤਾਬਕ ਇਸ ਲਈ ਮੀਡੀਆ ਸਾਖਰਤਾ ਬਹੁਤ ਮਹੱਤਵਪੂਰਨ ਹੈ। ਉਹ ਕਹਿੰਦੇ ਹਨ, ÷ਕਿਸੇ ਵੀ ਜਾਣਕਾਰੀ ਉੱਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਇਹ ਪਤਾ ਕਰਨਾ ਚਾਹੀਦਾ ਹੈ ਕਿ ਜਾਣਕਾਰੀ ਦਾ ਸਰੋਤ ਕੀ ਹੈ, ਇਹ ਕਿੱਥੋਂ ਆ ਰਹੀ ਹੈ, ਕਿਸ ਬਾਰੇ ਹੈ ਅਤੇ ਇਸ ਨੂੰ ਸਾਂਝਾ ਕਰਨ ਵਾਲਾ ਕੌਣ ਹੈ। ਇਸ ਦੇ ਨਾਲ ਇਹ ਵੀ ਦੇਖਣਾ ਚਾਹੀਦਾ ਹੈ ਕਿ ਜਾਣਕਾਰੀ ਕਿਸੇ ਰੂੜ੍ਹੀਵਾਦੀ ਧਾਰਨਾ ਜਾਂ ਪਹਿਲਾਂ ਤੋਂ ਬਣੀ ਸੋਚ ਉੱਤੇ ਤਾਂ ਆਧਾਰਿਤ ਨਹੀਂ ਹੈ।ਉਨ੍ਹਾਂ ਮੁਤਾਬਕ ਲੋਕਾਂ ਨੂੰ ਭਰੋਸੇਯੋਗ ਸਰੋਤਾਂ ਤੋਂ ਮਿਲੀ ਜਾਣਕਾਰੀ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਨ੍ਹਾਂ ਵਿੱਚ ਮੀਡੀਆ ਅਦਾਰੇ, ਪੁਲਿਸ ਅਤੇ ਸਿਵਲ ਪ੍ਰਸ਼ਾਸਨ ਦੀਆਂ ਵੈੱਬਸਾਈਟਾਂ ਅਤੇ ਉਨ੍ਹਾਂ ਦੇ ਅਧਿਕਾਰਤ ਸੋਸ਼ਲ ਮੀਡੀਆ ਖਾਤੇ ਅਤੇ ਹੋਰ ਸਰੋਤ ਸ਼ਾਮਲ ਹੋ ਸਕਦੇ ਹਨ। ਉਹ ਕਹਿੰਦੇ ਹਨ ਕਿ ਜੇ ਕਿਸੇ ਜਾਣਕਾਰੀ ਵਿੱਚ ਸਰੋਤ ਦਾ ਜ਼ਿਕਰ ਨਹੀਂ ਹੈ ਤਾਂ ਉਸ ਉੱਤੇ ਤੁਰੰਤ ਵਿਸ਼ਵਾਸ ਕਰਨ ਤੋਂ ਬਚਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਇਹ ਵੀ ਸਲਾਹ ਦਿੱਤੀ ਕਿ ਕਿਸੇ ਵਾਇਰਲ ਦਾਅਵੇ ਦੇ ਮੁੱਖ ਸ਼ਬਦਾਂ ਨੂੰ ਗੂਗਲ ਉੱਤੇ ਸਰਚ ਕੀਤਾ ਜਾਵੇ ਅਤੇ ਦੇਖਿਆ ਜਾਵੇ ਕਿ ਕੀ ਕਿਸੇ ਭਰੋਸੇਯੋਗ ਮੀਡੀਆ ਅਦਾਰੇ ਨੇ ਵੀ ਇਸ ਬਾਰੇ ਰਿਪੋਰਟ ਕੀਤੀ ਹੈ। ਹਾਲਾਂਕਿ, ਉਹ ਇਹ ਵੀ ਮੰਨਦੇ ਹਨ ਕਿ ਹੁਣ ਕਈ ਵਾਰ ਮੀਡੀਆ ਅਦਾਰਿਆਂ ਵਿੱਚ ਵੀ .ਗਲਤ ਜਾਣਕਾਰੀ ਪ੍ਰਕਾਸ਼ਿਤ ਹੋ ਜਾਂਦੀ ਹੈ। ਇਸ ਲਈ ਸਿਰ.ਫ ਕਿਸੇ ਇੱਕ ਸਰੋਤ ਉੱਤੇ ਨਿਰਭਰ ਕਰਨ ਦੀ ਬਜਾਏ ਜਾਣਕਾਰੀ ਦੀ ਪੁਸ਼ਟੀ ਹੋਰ ਸਰੋਤਾਂ ਤੋਂ ਕਰਨਾ ਜ਼ਰੂਰੀ ਹੈ। ਉਨ੍ਹਾਂ ਮੁਤਾਬਕ ਸੋਸ਼ਲ ਮੀਡੀਆ ਅਤੇ ਰਵਾਇਤੀ ਮੀਡੀਆ ਵਿਚਕਾਰ ਇੱਕ ਵੱਡਾ .ਫਰਕ ਇਹ ਹੈ ਕਿ ਰਵਾਇਤੀ ਮੀਡੀਆ ਵਿੱਚ ਜਾਣਕਾਰੀ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਸੰਪਾਦਕਾਂ ਅਤੇ ਹੋਰ ਗੇਟਕੀਪਰਾਂ ਵਿੱਚੋਂ ਲੰਘਦੀ ਹੈ, ਜਦਕਿ ਸੋਸ਼ਲ ਮੀਡੀਆ ਉੱਤੇ ਕੋਈ ਅਜਿਹਾ ਲਾਜ਼ਮੀ ਪੜਾਅ ਨਹੀਂ ਹੁੰਦਾ।



### ਤੁਰੰਤ ਪ੍ਰਤੀਕਿਰਿਆ ਤੋਂ ਬਚਣਾ ਕਿਉਂ ਜ਼ਰੂਰੀ ਹੈ?

ਡੀਏਵੀ ਯੂਨੀਵਰਸਿਟੀ, ਜਲੰਧਰ ਦੇ ਜਨ ਸੰਚਾਰ ਵਿਭਾਗ ਵਿੱਚ ਪ੍ਰੋਫੈਸਰ ਡਾ. ਨਿਧੀ ਸ਼ਰਮਾ ਮੀਡੀਆ ਐਜੂਕੇਟਰ ਅਤੇ ਟ?ਰੇਨਰ ਵਜੋਂ ਵੀ ਕੰਮ ਕਰਦੇ ਹਨ। ਉਹ ਸਕੂਲਾਂ ਅਤੇ ਕਾਲਜਾਂ ਵਿੱਚ ਵਰਕਸ਼ਾਪਾਂ ਰਾਹੀਂ ਲੋਕਾਂ ਨੂੰ ਫੇਕ ਨਿਊਜ਼, .ਗਲਤ ਸੂਚਨਾਵਾਂ ਅਤੇ ਅ.ਫਵਾਹਾਂ ਦੀ ਪਛਾਣ ਕਰਨ ਬਾਰੇ ਸਿਖਲਾਈ ਦਿੰਦੇ ਹਨ।ਉਹ ਕਹਿੰਦੇ ਹਨ, ਫੇਕ ਨਿਊਜ਼, .ਗਲਤ ਸੂਚਨਾਵਾਂ ਅਤੇ ਅ.ਫਵਾਹਾਂ ਦੇ ਤੇਜ਼ੀ ਨਾਲ ਫੈਲਣ ਦਾ ਇੱਕ ਵੱਡਾ ਕਾਰਨ ਲੋਕਾਂ ਵੱਲੋਂ ਜਾਣਕਾਰੀ ਉੱਤੇ ਤੁਰੰਤ ਪ੍ਰਤੀਕਿਰਿਆ ਦੇਣਾ ਹੈ।ਉਨ੍ਹਾਂ ਮੁਤਾਬਕ ਕਿਸੇ ਵੀ ਵਾਇਰਲ ਜਾਣਕਾਰੀ ਨੂੰ ਦੇਖਦਿਆਂ ਤੁਰੰਤ ਪ੍ਰਤੀਕਿਰਿਆ ਦੇਣ ਦੀ ਬਜਾਏ ਉਸ ਦੀ ਤਸਦੀਕ ਕਰਨੀ ਚਾਹੀਦੀ ਹੈ।ਹਰ ਜਾਣਕਾਰੀ ਨੂੰ ਆਲੋਚਨਾਤਮਿਕ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 373 | Website: www.preetnama.com Email preetnamausa@gmail.com | 02 OCT TO 08 OCT, 2026


# ਈਰਾਨੀ ਗਾਇਕਾ ਨੂੰ ਕੋੜੇ ਮਾਰਨ ਦੀ ਸਜ਼ਾ ਬਰਕਰਾਰ, ਆਖਿਰ ਉਸ ਸੰਗੀਤ ਸਮਾਰੋਹ ਵਿੱਚ ਕੀ ਹੋਇਆ ਸੀ ?



## ਫ਼ੈਸਲੇ 'ਤੇ ਨਰਾਜ਼ਗੀ

ਸ਼ੁਰੂਆਤੀ ਸਜ਼ਾ ਦੀ ਖ਼ਬਰ ਸਾਹਮਣੇ ਆਉਣ ਬਾਅਦ ਈਰਾਨੀ ਨਾਗਰਿਕਾਂ ਵਿੱਚ ਸੋਸ਼ਲ ਮੀਡੀਆ 'ਤੇ ਇੱਕ ਵਿਆਪਕ ਪ੍ਰਤੀਕਿਰਿਆ ਦੇਖਣ ਨੂੰ ਮਿਲੀ। ਉਸ ਸਮੇਂ ਦੇਸ਼ ਨਿਕਾਲੇ ਵਿਚ ਰਹਿ ਰਹੀ ਗਾਇਕਾ ਗੂਗੂਸ਼ ਨੇ ਇੰਸਟਾਗ੍ਰਾਮ 'ਤੇ ਲਿਖਿਆ ਸੀ, ÷ਉਮੀਦ ਹੈ ਕਿ ਇਹ ਹਨੇਰੇ ਦਿਨ ਖਤਮ ਹੋਣਗੇ। ਮਹਿਲਾਵਾਂ ਦੁਬਾਰਾ ਇਹ ਤੈਅ ਕਰਨ ਦੀ ਅਜ਼ਾਦੀ ਹਾਸਿਲ ਕਰਨਗੇ ਕਿ ਉਹ ਕਿਵੇਂ ਰਹਿਣ ਅਤੇ ਕੀ ਪਹਿਨਣ। ਸਾਡੇ ਪਿਆਰੇ ਦੇਸ਼ ਵਿਚ ਕਲਾਤਮਕ ਅਜ਼ਾਦੀ ਇੱਕ ਵਾਰ ਫਿਰ ਵਧ ਫੁੱਲ ਸਕੇਗੀ। ਉਧਰ, ਸੰਗੀਤਕਾਰ ਹੁਸੈਨ ਅਲੀਜ਼ਾਦੇਹ ਨੇ ਕਿਹਾ ਸੀ ਕਿ ਉਹ ਪਰਸਤੂ ਅਹਿਮਦੀ ਦੀ ਥਾਂ 70 ਕੋੜੇ ਖਾਣ ਲਈ ਤਿਆਰ ਹਨ। ਮਨੁੱਖੀ ਅਧਿਕਾਰ ਕਾਰਜ ਕਰਤਾਵਾਂ ਨੇ ਵੀ ਇਸ ਸਜ਼ਾ ਦੀ ਨਿੰਦਾ ਕੀਤੀ ਸੀ। ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਸੀ ਕਿ ਕੋੜੇ ਮਾਰਨਾ ਕਰੂਰ, ਗੈਰ-ਮਨੁੱਖੀ ਅਤੇ ਅਪਮਾਨਜਨਕ ਸਜ਼ਾ ਹੈ। ਇਹ ਯਾਤਨਾ ਅਤੇ ਦੂਜੀ ਤਰ੍ਹਾਂ ਦੇ ਦੁਰਵਿਹਾਰ 'ਤੇ ਪੂਰੀ ਤਰ੍ਹਾਂ ਲੱਗੀ ਰੋਕ ਦੀ ਉਲੰਘਣਾ ਹੈ। ਜਨਵਰੀ 2024 ਵਿੱਚ ਕੁਰਦ-ਈਰਾਨੀ ਐਕਟੀਵਿਸਟ ਰੋਇਆ ਹੇਸ਼ਮਤੀ ਨੂੰ ਸ਼ੋਸ਼ਲ ਮੀਡੀਆ 'ਤੇ ਬਿਨ੍ਹਾਂ ਹਿਜਾਬ ਦੀ ਤਸਵੀਰ ਪੋਸਟ ਕਰਨ ਦੇ ਮਾਮਲੇ ਵਿੱਚ 'ਜਨਤਕ ਨੈਤਿਕਤਾ ਦੀ ਉਲੰਘਣਾ' ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ 74 ਕੋੜੇ ਮਾਰੇ ਗਏ ਸੀ। ਕੁਰਦ ਮਨੁੱਖੀ ਅਧਿਕਾਰ ਸੰਗਠਨ ਹੇਂਗਾ ਮੁਤਾਬਕ, ਰੋਇਆ ਹੇਸ਼ਮਤੀ ਨੇ ਦੱਸਿਆ ਸੀ ਕਿ ਤੇਹਰਾਨ ਦੇ ਸਰਕਾਰੀ ਵਕੀਲ ਦੇ ਦਫ਼ਤਰ ਦੀ ਇੱਕ ਮਹਿਲਾ ਅਧਿਕਾਰੀ ਨੇ ਜ਼ਬਰਦਸਤੀ ਉਸ ਦੇ ਸਿਰ 'ਤੇ ਸਕਾਰਫ਼ ਰੱਖ ਦਿੱਤਾ। ਇਸ ਤੋਂ ਬਾਅਦ ਪੁਰਸ਼ ਅਧਿਕਾਰੀ ਨੇ ਉਨ੍ਹਾਂ ਦੇ ਮੋਢਿਆਂ, ਪਿੱਠ, ਕਮਰ ਅਤੇ ਪੈਰਾਂ 'ਤੇ ਕੋੜੇ ਮਾਰੇ।

ਈਰਾਨ ਦੀ ਇੱਕ ਅਪੀਲੀ ਅਦਾਲਤ ਨੇ ਮਸ਼ਹੂਰ ਗਾਇਕਾ ਪਰਸਤੂ ਅਹਿਮਦੀ ਨੂੰ ਸੁਣਾਈ ਗਈ 74 ਕੋੜੇ ਮਾਰਨ ਦੀ ਸਜ਼ਾ ਬਰਕਰਾਰ ਰੱਖੀ ਹੈ। ਵਕੀਲਾਂ ਨੇ ਇਹ ਜਾਣਕਾਰੀ ਦਿੱਤੀ ਹੈ। ਪਰਸਤੂ ਅਹਿਮਦੀ ਨੇ ਦਸੰਬਰ 2024 ਵਿੱਚ ਆਪਣੇ ਯੂਟਿਊਬ ਚੈਨਲ 'ਤੇ ਲਾਈਵਸਟ ?ਰੀਮ ਕੀਤੇ ਗਏ ਇੱਕ ਕੰਸਰਟ ਵਿੱਚ ਸਲੀਵਲੈਸ ਡਰੈੱਸ ਪਹਿਨ ਕੇ ਗਾਣਾ ਗਾਇਆ ਸੀ। ਈਰਾਨ ਦੇ ਕਾਨੂੰਨ ਜਨਤਕ ਤੌਰ 'ਤੇ ਮਹਿਲਾਵਾਂ ਦੇ ਗਾਉਣ 'ਤੇ ਰੋਕ ਲਾਉਂਦੇ ਹਨ। ਮਹਿਲਾਵਾਂ ਲਈ ਸਿਰ 'ਤੇ ਸਕਾਰਫ਼ ਪਹਿਨਣਾ ਅਤੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਹਿਨਣਾ ਵੀ ਜ਼ਰੂਰੀ ਹੈ। ਵੀਡੀਓ ਵਾਇਰਲ ਹੋਣ ਅਤੇ ਉਸ ਨੂੰ ਲੱਖਾਂ ਵਾਰ ਦੇਖੇ ਜਾਣ ਬਾਅਦ ਈਰਾਨ ਦੀ ਨਿਆਂਪਾਲਿਕਾ ਨੇ 29 ਸਾਲ ਦੀ ਪਰਸਤੂ ਅਹਿਮਦੀ ਖ਼ ?ਲਾਫ਼ ਕਾਰਵਾਈ ਸ਼ੁਰੂ ਕੀਤੀ ਸੀ। ਨਿਆਂਪਾਲਿਕਾ ਨੇ ਕਿਹਾ ਸੀ ਕਿ ਉਨ੍ਹਾਂ ਦਾ ਪ੍ਰਦਰਸ਼ਨ ਦੇਸ਼ ਦੇ ਕਾਨੂੰਨੀ ਅਤੇ ਸੱਭਿਆਚਾਰਕ ਨਿਯਮਾਂ ਦਾ ਉਲੰਘਣ ਸੀ। ਜੂਨ ਵਿਚ ਕੁਮ ਦੀ ਇੱਕ ਅਪਰਾਧਿਕ ਅਦਾਲਤ ਨੇ ਕਥਿਤ ਤੌਰ 'ਤੇ ਪਰਸਤੂ ਅਹਿਮਦੀ ਅਤੇ ਉਨ੍ਹਾਂ ਦੇ ਬੈਂਡ ਅਤੇ ਪ੍ਰੋਡਕਸ਼ਨ ਟੀਮ ਦੇ ਅੱਠ ਮੈਂਬਰਾਂ ਨੂੰ ਦੋਸ਼ੀ ਠਹਿਰਾਇਆ ਸੀ। ਉਨ੍ਹਾਂ 'ਤੇ ਅਸ਼ਲੀਲ ਅਤੇ ਇਤਰਾਜ਼ਯੋਗ ਸਮੱਗਰੀ ਪ੍ਰਕਾਸ਼ਿਤ ਕਰਨ ਦੇ ਇਲਜ਼ਾਮ ਹਨ।74 ਕੋੜੇ ਮਾਰਨ ਦੀ ਸਜ਼ਾ ਤੋਂ ਇਲਾਵਾ ਉਨ੍ਹਾਂ ਨੂੰ ਦੋ ਸਾਲ ਲਈ ਆਡੀਓ-ਵੀਜ਼ੁਅਲ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਦੇਸ਼ ਛੱਡਣ 'ਤੇ ਵੀ ਰੋਕ ਲਗਾ ਦਿੱਤੀ ਗਈ ਸੀ। ਉਨ੍ਹਾਂ ਦੇ ਵਕੀਲਾਂ ਮੁਤਾਬਕ ਸ਼ੁਕਰਵਾਰ ਨੂੰ ਇੱਕ ਉੱਚ ਅਦਾਲਤ ਨੇ ਬਿਨ੍ਹਾਂ ਸੁਣਵਾਈ ਕੀਤਿਆਂ ਮੁਲਜ਼ਮਾਂ ਦੀ ਅਪੀਲ ਖਾਰਿਜ ਕਰ ਦਿੱਤੀ। ਅਹਿਮਦੀ ਦੇ ਇੱਕ ਵਕੀਲ ਨੇ ਬੀਬੀਸੀ ਨੂੰ ਕਿਹਾ, ਸਾਡੇ ਹਿਸਾਬ ਨਾਲ ਕੰਸਰਟ ਕਰਨਾ ਕੋਈ ਅਪਰਾਧ ਸੀ ਹੀ ਨਹੀਂ। ਉਨ੍ਹਾਂ ਨੇ ਕਿਹਾ, ਟਰਾਇਲ ਕੋਰਟ ਨੇ ਇਨ੍ਹਾਂ ਇਲਜ਼ਾਮਾਂ ਲਈ ਸਭ ਤੋਂ ਸਖਤ ਸਜ਼ਾਵਾਂ ਵਿੱਚੋਂ ਇੱਕ ਸੁਣਾਈ, ਜਦਕਿ ਜੁਰਮਾਨੇ ਅਤੇ ਇਸ ਤੋਂ ਸਖਤ ਸਜ਼ਾਵਾਂ ਦਾ ਵੀ ਵਿਕਲਪ ਸੀ।

ਵਕੀਲ ਨੇ ਕਿਹਾ, ਅਪੀਲੀ ਅਦਾਲਤ ਕੋਲ ਸੁਣਵਾਈ ਕਰਨ ਦਾ ਵਿਕਲਪ ਸੀ ਪਰ ਉਸ ਨੇ ਸੁਣਵਾਈ ਨਹੀਂ ਕੀਤੀ ਅਤੇ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਬਰਕਰਾਰ ਰੱਖਿਆ। ਉਨ੍ਹਾਂ ਨੇ ਕਿਹਾ, ਅਜਿਹਾ ਲਗਦਾ ਹੈ ਕਿ ਇਹ ਫੈਸਲਾ ਸੁਣਾਉਣ ਦਾ ਮੁੱਖ ਕਾਰਨ ਇਸੇ ਤਰ੍ਹਾਂ ਦੀਆਂ ਘਟਨਾਵਾਂ ਨੂੰ ਦੁਬਾਰਾ ਹੋਣ ਤੋਂ ਰੋਕਣਾ ਸੀ।

**ਮਹਿਸਾ ਅਮੀਨੀ ਦੀ ਹਿਰਾਸਤ ਵਿੱਚ ਮੌਤ ਅਤੇ ਪ੍ਰਦਰਸ਼ਨ**

ਈਰਾਨ ਦੇ ਕਾਨੂੰਨ ਦੇਸ਼ ਵਿਚ ਸ਼ਰੀਆ ਦੀ ਵਿਆਖਿਆ 'ਤੇ ਅਧਾਰਿਤ ਹਨ। ਇਨ੍ਹਾਂ ਤਹਿਤ ਕਿਸ਼ੋਰ ਅਵਸਥਾ ਪਾਰ ਕਰ ਚੁੱਕੀਆਂ ਮਹਿਲਾਵਾਂ ਅਤੇ ਲੜਕੀਆਂ ਲਈ ਹਿਜਾਬ ਨਾਲ ਵਾਲ ਢਕਣਾ ਅਤੇ ਸਰੀਰ ਦਾ ਅਕਾਰ ਲੁਕਾਉਣ ਵਾਲੇ ਲੰਬੇ ਅਤੇ ਢਿੱਲੇ ਕੱਪੜੇ ਪਹਿਨਣਾ ਜ਼ਰੂਰੀ ਹੈ। 2022 ਵਿੱਚ ਈਰਾਨ ਵਿੱਚ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋਏ ਸੀ। ਇਸ ਦੀ ਸ਼ੁਰੂਆਤ 22 ਸਾਲ ਦੀ ਕੁਰਦ ਮਹਿਲਾ ਮਹਿਸਾ ਅਮੀਨੀ ਦੀ ਹਿਰਾਸਤ ਵਿੱਚ ਮੌਤ ਤੋਂ ਬਾਅਦ ਹੋਈ ਸੀ। ਮਹਿਸਾ ਅਮੀਨੀ ਨੂੰ ਸਤੰਬਰ 2022 ਵਿਚ ਤੇਹਰਾਨ ਦੀ ਮੌਰੈਲਟੀ ਪੁਲਿਸ ਨੇ ਕਥਿਤ ਤੌਰ 'ਤੇ ਸਹੀ ਤਰੀਕੇ ਨਾਲ ਹਿਜਾਬ ਨਹੀਂ ਪਹਿਨਣ ਦੇ ਇਲਜ਼ਾਮ ਵਿੱਚ ਹਿਰਾਸਤ ਵਿਚ ਲਿਆ ਸੀ। ਮੌਲਵੀ ਸ਼ਾਸਨ ਖ਼ ?ਲਾਫ਼ ਦੇਸ਼ ਭਰ ਵਿੱਚ ਹੋਏ ਪ੍ਰਦਰਸ਼ਨਾਂ ਦੌਰਾਨ ਮਹਿਲਾਵਾਂ ਨੇ ਆਪਣੇ ਸਿਰ ਦੇ ਸਕਾਰਫ਼ ਜਲਾ ਦਿੱਤੇ ਜਾਂ ਉਨ੍ਹਾਂ ਨੂੰ ਹਵਾ ਵਿੱਚ ਲਹਿਰਾਇਆ। ਇਨ੍ਹਾਂ ਪ੍ਰਦਰਸ਼ਨਾਂ ਨੂੰ ਦਬਾਉਣ ਲਈ ਸੁਰੱਖਿਆ ਬਲਾਂ ਦੀ ਕਾਰਵਾਈ ਵਿੱਚ ਸੈਂਕੜੇ ਲੋਕ ਮਾਰੇ ਗਏ ਸੀ।ਇਸ ਤੋਂ ਬਾਅਦ ਕਈ ਮਹਿਲਾਵਾਂ ਅਤੇ ਲੜਕੀਆਂ ਨੇ ਜਨਤਕ ਥਾਂਵਾਂ 'ਤੇ ਵਾਲ ਢਕਣਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਹੈ। ਇਹ ਡ ?ਰੈਸ ਕੋਡ ਦੀ ਸ਼ਰੇਆਮ ਉਲੰਘਣਾ ਹੈ। ਅਧਿਕਾਰੀਆਂ ਨੇ ਇਸ ਦੇ ਜਵਾਬ ਵਿਚ ਸਮੇਂ ਸਮੇਂ ਗ੍ਰਿਫਤਾਰੀਆਂ ਕੀਤੀਆਂ ਹਨ। ਚੇਤਾਵਨੀਆਂ ਜਾਰੀ ਕੀਤੀਆਂ ਹਨ ਕਾਰੋਬਾਰ ਬੰਦ ਕਰਵਾਏ ਹਨ। ਇਸ ਤੋਂ ਇਲਾਵਾ ਵੀ ਕਈ ਤਰ੍ਹਾਂ ਦੇ ਕਦਮ ਚੁੱਕੇ ਗਏ ਹਨ। ਇਸ ਮਹੀਨੇ ਦੀ ਸ਼ੁਰੂਆਤ ਵਿਚ ਹਿਜਾਬ ਲਾਗੂ ਕਰਨ ਦੇ ਮੁੱਦੇ 'ਤੇ ਚਰਚਾ ਕਰਦਿਆਂ ਰੂੜੀਵਾਦੀ ਨੇਤਾ ਅਤੇ ਐਕਸਪੀਡਿਐਂਸੀ ਕਾਉਂਸਲ ਦੇ ਮੈਂਬਰ ਗੁਲਾਮ ਅਲੀ ਹਦਾਦ ਅਦੇਲ ਨੇ ਕਿਹਾ ਸੀ ਕਿ ਈਰਾਨ ਦੀ ਅਮਰੀਕਾ ਅਤੇ ਇਜ਼ਰਾਈਲ ਨਾਲ ਚੱਲ ਰਹੀ ਜੰਗ ਕਾਰਨ ਅਧਿਕਾਰੀ ਫ਼ ?ਲਹਾਲ ਇਸ ਮੋਰਚੇ 'ਤੇ ਓਨਾ ਧਿਆਨ ਨਹੀਂ ਦੇ ਸਕਦੇ, ਜਿਨ੍ਹਾਂ ਦੇਣਾ ਚਾਹੀਦਾ ਹੈ। ਗੁਲਾਮ ਅਲੀ, ਈਰਾਨ ਦੇ ਸੁਪਰੀਮ ਲੀਰ ਮੋਜਤਬਾ ਖਾਮੇਨੇਈ ਦੇ ਸਹੁਰਾ ਵੀ ਹਨ। ਇਹ ਜੰਗ ਫ਼ਰਵਰੀ ਦੇ ਅੰਤ ਵਿਚ ਸ਼ੁਰੂ ਹੋਈ ਸੀ। ਇਸ ਤੋਂ ਕੁਝ ਹਫਤੇ ਪਹਿਲਾਂ ਈਰਾਨੀ ਸੁਰੱਖਿਆ ਬਲਾਂ ਨੇ ਦੇਸ਼ ਵਿੱਚ ਆਰਥਿਕ ਸੰਕਟ ਨਾਲ ਸ਼ੁਰੂ ਹੋਏ ਵੱਡੇ ਪੈਮਾਨੇ ਦੇ ਪ੍ਰਦਰਸ਼ਨਾਂ ਨੂੰ ਹਿੰਸਕ ਤਰੀਕੇ ਨਾਲ ਦਬਾਇਆ ਸੀ। ਇਸ ਕਾਰਵਾਈ ਵਿਚ ਹਜ਼ਾਰਾਂ ਲੋਕ ਮਾਰੇ ਗਏ ਸੀ।





Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 373

Website: www.preetnama.com Email preetnamausa@gmail.com

02 OCT TO 08 OCT, 2026


# ਉੱਡਦੇ ਜਹਾਜ਼ ਵਿੱਚ ਹੰਗਾਮਾ: ਪਾਇਲਟਾਂ ਦੀ ਹੋਈ ਲੜਾਈ, ਝਗੜਾ ਕਰਦੇ ਪਾਇਲਟ ਨੂੰ ਯਾਤਰੀਆਂ ਨੇ ਬੰਨ੍ਹਿਆ, ਅੱਗੇ ਕੀ ਹੋਇਆ

ਦੁਬਈ ਤੋਂ ਇਜ਼ਰਾਈਲ ਜਾ ਰਹੀ ਇੱਕ ਫਲਾਈਟ ਪਾਇਲਟਾਂ ਵਿਚਾਲੇ ਕਥਿਤ ਤੌਰ ’ਤੇ ਝਗੜਾ ਹੋਣ ਤੋਂ ਬਾਅਦ ਸਾਊਦੀ ਅਰਬ ਵਿੱਚ ਉਤਰੀ। ਫਲਾਈਟ ਵਿੱਚ ਸਵਾਰ ਇੱਕ ਇਜ਼ਰਾਈਲੀ ਯਾਤਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕਰੂ ਨੇ ਉਨ੍ਹਾਂ ਤੋਂ ਮਦਦ ਮੰਗੀ ਸੀ, ਜਿਸ ਤੋਂ ਬਾਅਦ ਯਾਤਰੀਆਂ ਨੇ ਇੱਕ ਪਾਇਲਟ ਨੂੰ ਕਾਬੂ ਕਰਨ ਅਤੇ ਉਸ ਨੂੰ ਬੰਨ੍ਹਣ ਵਿੱਚ ਮਦਦ ਕੀਤੀ। ਫਲਾਈਦੁਬਈ ਦੀ ਇਹ ਫਲਾਈਟ ਬੁੱਧਵਾਰ ਸਵੇਰੇ ਰਵਾਨਾ ਹੋਈ ਸੀ। ਫਲਾਈਟ ਟ ?ਰੈਕਿੰਗ ਵੈੱਬਸਾਈਟ ਫਲਾਈਟਰੈਡਾਰ24 ਮੁਤਾਬਕ, ਉਡਾਣ ਭਰਨ ਦੇ ਕਰੀਬ ਦੋ ਘੰਟੇ ਬਾਅਦ ਜਹਾਜ਼ ਨੇ ਐਮਰਜੈਂਸੀ ਕੋਡ ਜਾਰੀ ਕੀਤਾ। ਕੁਝ ਮਿੰਟ ਬਾਅਦ ਜਹਾਜ਼ ਨੇ ਇਸ ਨੂੰ ਬਦਲ ਕੇ ਹਾਈਜੈਕਿੰਗ ਦਾ ਕੋਡ ਕਰ ਦਿੱਤਾ। ਹਾਲਾਂਕਿ, ਬਾਅਦ ਵਿੱਚ ਇਸ ਨੂੰ ਮੁੜ ਆਮ ਐਮਰਜੈਂਸੀ ਸਿਗਨਲ ਵਿੱਚ ਬਦਲ ਦਿੱਤਾ ਗਿਆ।ਇਜ਼ਰਾਈਲੀ ਮੀਡੀਆ ਮੁਤਾਬਕ, ਉਡਾਣ ਦੌਰਾਨ ਪਾਇਲਟ ਅਤੇ ਕੋ-ਪਾਇਲਟ ਵਿਚਾਲੇ ਝਗੜਾ ਹੋਇਆ ਸੀ। ਇਸ ਤੋਂ ਬਾਅਦ ਜਹਾਜ਼ ਨੇ ਐਮਰਜੈਂਸੀ ਸਿਗਨਲ ਭੇਜਿਆ ਅਤੇ ਕੁਝ ਸਮੇਂ ਲਈ ਹਾਈਜੈਕਿੰਗ ਦਾ ਖਦਸ਼ਾ ਪੈਦਾ ਹੋ ਗਿਆ। ਫਲਾਈਟ FZ1073 ਨੇ ਸੰਯੁਕਤ ਅਰਬ ਅਮੀਰਾਤ ਦੇ ਦੁਬਈ ਇੰਟਰਨੈਸ਼ਨਲ ਏਅਰਪੋਰਟ ਤੋਂ ਉਡਾਣ ਭਰੀ ਸੀ। ਇਸ ਵਿੱਚ ਕਰੀਬ 150 ਤੋਂ 180 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਇਜ਼ਰਾਈਲੀ ਨਾਗਰਿਕ ਸਨ। ਫਲਾਈਟ ਟਰੈਕਿੰਗ ਵੈੱਬਸਾਈਟ ਫਲਾਈਟਰੈਡਾਰ24 ਮੁਤਾਬਕ, ਉਡਾਣ ਭਰਨ ਦੇ ਕਰੀਬ ਦੋ ਘੰਟੇ ਬਾਅਦ ਜਹਾਜ਼ ਨੇ ਪਹਿਲਾਂ ਸਕੁਆਕ ਕੋਡ 7700 ਭੇਜਿਆ। ਇਹ ਆਮ ਐਮਰਜੈਂਸੀ ਦੀ ਸਥਿਤੀ ਦਾ ਸੰਕੇਤ ਹੁੰਦਾ ਹੈ। ਕੁਝ ਮਿੰਟ ਬਾਅਦ ਜਹਾਜ਼ ਨੇ ਕੋਡ 7500 ਭੇਜਿਆ, ਜੋ ਜਹਾਜ਼ ਨਾਲ ਗ਼ੈਰ-ਕਾਨੂੰਨੀ ਦਖ਼ਲਅੰਦਾਜ਼ੀ ਜਾਂ ਹਾਈਜੈਕਿੰਗ ਦਾ ਸੰਕੇਤ ਦਿੰਦਾ ਹੈ। ਬਾਅਦ ਵਿੱਚ ਜਹਾਜ਼ ਨੇ ਮੁੜ 7700 ਕੋਡ ਭੇਜਿਆ।

**ਚਸ਼ਮਦੀਦਾਂ ਨੇ ਕੀ ਦੱਸਿਆ ?**

ਯਾਸਮਿਨ ਨਾਮ ਦੀ ਇੱਕ ਔਰਤ ਨੇ ਦੱਸਿਆ ਕਿ ਦੁਬਈ ਤੋਂ ਤੇਲ ਅਵੀਵ ਜਾ ਰਹੀ ਫਲਾਈਟ ਵਿੱਚ ਉਨ੍ਹਾਂ ਦੀ ਧੀ ਵੀ ਸਵਾਰ ਸੀ। ਧੀ ਨੇ ਉਨ੍ਹਾਂ ਨੂੰ ਫੋਨ ਕਰਕੇ ਦੱਸਿਆ ਕਿ ਉਸ ਨੇ ਜਹਾਜ਼ ਵਿੱਚ ਚੀਕਣ ਦੀਆਂ ਆਵਾਜ਼ਾਂ ਸੁਣੀਆਂ। ਇੱਕ ਪਾਇਲਟ ਮਦਦ ਲਈ ਪੁਕਾਰ ਰਿਹਾ ਸੀ। ਯਾਸਮਿਨ ਨੇ ਸਮਾਚਾਰ ਏਜੰਸੀ ਏਪੀ ਨੂੰ ਦੱਸਿਆ, ਜਹਾਜ਼ ਨੇ ਕੰਟ ?ਰੋਲ ਗੁਆਉਣਾ ਸ਼ੁਰੂ ਕਰ ਦਿੱਤਾ। ਸਾਰੇ ਲੋਕ ਚੀਕਣ ਲੱਗੇ। ਉਨ੍ਹਾਂ ਨੂੰ ਲੱਗਾ ਕਿ ਹੁਣ ਉਨ੍ਹਾਂ ਦੀ ਜਾਨ ਨਹੀਂ ਬਚੇਗੀ।




ਰਾਇਟਰਜ਼ ਨਾਲ ਗੱਲ ਕਰਦੇ ਹੋਏ ਯਾਸਮਿਨ ਨੇ ਦੱਸਿਆ ਕਿ ਦੋ ਹੋਰ ਪਾਇਲਟਾਂ ਨੇ ਜਹਾਜ਼ ਦਾ ਕੰਟ ?ਰੋਲ ਸੰਭਾਲ ਲਿਆ। ਇਸੇ ਦੌਰਾਨ ਦੂਜੇ ਯਾਤਰੀ ਇੱਕ ਅਜਿਹੇ ਵਿਅਕਤੀ ਵੱਲ ਦੌੜੇ, ਜਿਸ ਦੇ ਹੱਥ ਵਿੱਚ ਚਾਕੂ ਸੀ। ਇਜ਼ਰਾਈਲੀ ਅਧਿਕਾਰੀਆਂ ਵਿੱਚੋਂ ਇੱਕ ਨੇ ਚੈਨਲ 12 ਨੂੰ ਕਿਹਾ, ÷ਇੱਕ ਬਹੁਤ ਗੰਭੀਰ ਹਾਦਸਾ ਟਲ ਗਿਆ।÷ ’ਦਿ ਯੇਰੂਸ਼ਲਮ ਪੋਸਟ’ ਨੇ ਵੀ ਇੱਕ ਅਣਪਛਾਤੇ ਇਜ਼ਰਾਈਲੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਹੈ ਕਿ ÷ਇੱਕ ਵੱਡਾ ਹਾਦਸਾ ਵਾਲ-ਵਾਲ ਟਲ ਗਿਆ। ਫਲਾਈਟਰੈਡਾਰ24 ਦੇ ਡੇਟਾ ਮੁਤਾਬਕ, ਸਾਊਦੀ ਅਰਬ ਦੇ ਉੱਪਰ ਜਹਾਜ਼ ਨੇ ਅਚਾਨਕ ਦਿਸ਼ਾ ਬਦਲੀ ਅਤੇ ਤੇਜ਼ੀ ਨਾਲ ਹੇਠਾਂ ਉਤਰਨਾ ਸ਼ੁਰੂ ਕੀਤਾ। ਜਹਾਜ਼ ਦੋ ਮਿੰਟ ਤੋਂ ਵੀ ਘੱਟ ਸਮੇਂ ਵਿੱਚ 17,000 ਫੁੱਟ ਯਾਨੀ 5,000 ਮੀਟਰ ਤੋਂ ਜ਼ਿਆਦਾ ਹੇਠਾਂ ਆ ਗਿਆ।ਇਸ ਤੋਂ ਬਾਅਦ ਜਹਾਜ਼ ਨੇ ਕਰੀਬ ਸੱਤ ਮਿੰਟ ਤੱਕ ਐਮਰਜੈਂਸੀ ਸਿਗਨਲ ਜਾਰੀ ਕੀਤਾ। 05:40 ’ਤੇ ਫਲਾਈਟ ਕੁਝ ਸਮੇਂ ਲਈ ਜਾਰਡਨ ਦੇ ਹਵਾਈ ਖੇਤਰ ਵਿੱਚ ਦਾਖ਼ਲ ਹੋਈ। ਕੁਝ ਮਿੰਟ ਬਾਅਦ ਇਹ ਮੁੜ ਸਾਊਦੀ ਅਰਬ ਵੱਲ ਮੁੜ ਗਈ ਅਤੇ ਇਸ ਤੋਂ ਬਾਅਦ ਉਤਰਨਾ ਸ਼ੁਰੂ ਕਰ ਦਿੱਤਾ। ਜਹਾਜ਼ ਨੂੰ ਤੇਲ ਅਵੀਵ ਦੇ ਬੇਨ ਗੁਰਿਓਨ ਏਅਰਪੋਰਟ ’ਤੇ ਉਤਰਨਾ ਸੀ, ਪਰ ਇਹ ਉੱਤਰ-ਪੂਰਬੀ ਸਾਊਦੀ ਅਰਬ ਦੇ ਤਬੂਕ ਏਅਰਪੋਰਟ ’ਤੇ ਉਤਰਿਆ। ਯਾਤਰੀਆਂ ਨੇ ਸਥਾਨਕ ਮੀਡੀਆ ਨੂੰ ਦੱਸਿਆ ਕਿ ਘਟਨਾ ਦੌਰਾਨ ਜਦੋਂ ਜਹਾਜ਼ ਹੇਠਾਂ ਆਉਣ ਲੱਗਾ ਤਾਂ ਉਨ੍ਹਾਂ ਨੂੰ ਆਪਣੀ ਜਾਨ ਦਾ ਡਰ ਸਤਾਉਣ ਲੱਗਾ।

ਸਮਾਚਾਰ ਏਜੰਸੀ ਰਾਇਟਰਜ਼ ਨਾਲ ਇੱਕ ਇਜ਼ਰਾਈਲੀ ਅਧਿਕਾਰੀ ਨੇ ਨਾਮ ਜ਼ਾਹਿਰ ਨਾ ਕਰਨ ਦੀ ਸ਼ਰਤ ’ਤੇ ਦੱਸਿਆ ਕਿ ਪਾਇਲਟਾਂ ਵਿਚਾਲੇ ਹੱਥੋਪਾਈ ਹੋਣ ਤੋਂ ਬਾਅਦ ਦੋਵਾਂ ਨੇ ਐਮਰਜੈਂਸੀ ਸਿਗਨਲ ਭੇਜੇ ਸਨ। ਹਾਲਾਂਕਿ, ਇਹ ਤੁਰੰਤ ਸਪੱਸ਼ਟ ਨਹੀਂ ਹੋ ਸਕਿਆ ਕਿ ਦੋਵਾਂ ਵਿੱਚੋਂ ਕਿਸੇ ਪਾਇਲਟ ਨੇ ਜਾਣਬੁੱਝ ਕੇ ਐਮਰਜੈਂਸੀ ਸਿਗਨਲ ਭੇਜਿਆ ਸੀ ਜਾਂ ਨਹੀਂ। ਇਜ਼ਰਾਈਲੀ ਪ੍ਰਸਾਰਕ ਐੱਨ12ਨਿਊਜ਼ ਦੇ ਚੀਫ਼ ਪੌਲਿਟਿਕਲ ਐਨਲਿਸਟ ਅਮਿਤ ਸੇਗਲ ਨੇ ਐਕਸ ’ਤੇ ਲਿਖਿਆ ਹੈ, ÷ਅਜਿਹਾ ਲੱਗਦਾ ਹੈ ਕਿ ਦੋਵੇਂ ਪਾਇਲਟਾਂ ਵਿਚਾਲੇ ਉਡਾਣ ਦੌਰਾਨ ਹੱਥੋਪਾਈ ਹੋ ਗਈ, ਜਿਸ ਤੋਂ ਬਾਅਦ ਪੂਰੇ ਮੱਧ ਪੂਰਬ ਵਿੱਚ ਹਾਈ ਅਲਰਟ ਕਰ ਦਿੱਤਾ ਗਿਆ।÷ ਇਸ ਟਿੱਪਣੀ ਨੂੰ ਰੀਪੋਸਟ ਕਰਦਿਆਂ ਹੋਇਆਂ ਇਜ਼ਰਾਈਲ ਵਿੱਚ ਅਮਰੀਕਾ ਦੇ ਰਾਜਦੂਤ ਮਾਈਕ ਹਕਬੀ ਨੇ ਲਿਖਿਆ ਹੈ, ÷ਅੱਜ ਸਵੇਰੇ ਇਸ ਘਟਨਾ ਨੇ ਪੂਰੇ ਮੱਧ ਪੂਰਬ, ਖ਼ਾਸ ਕਰਕੇ ਇਜ਼ਰਾਈਲ ਵਿੱਚ, ਲੋਕਾਂ ਅਤੇ ਸੁਰੱਖਿਆ ਏਜੰਸੀਆਂ ਨੂੰ ਪੂਰੀ ਤਰ੍ਹਾਂ ਹਾਈ ਅਲਰਟ ’ਤੇ ਕਰ ਦਿੱਤਾ। ਚੰਗਾ ਹੈ ਕਿ ਮਾਮਲਾ ਇਸ ਤੋਂ ਜ਼ਿਆਦਾ ਗੰਭੀਰ ਨਹੀਂ ਹੋਇਆ।÷ ਯਰੂਸ਼ਲਮ ਪੋਸਟ ਦੀ ਰਿਪੋਰਟ ਮੁਤਾਬਕ, ਸੰਭਾਵਿਤ ਐਮਰਜੈਂਸੀ ਨਾਲ ਨਜਿੱਠਣ ਦੀ ਤਿਆਰੀ ਵਿੱਚ ਇਜ਼ਰਾਈਲੀ ਹਵਾਈ ਫੌਜ ਨੇ ਆਪਣੇ ਅਲਰਟ ਦਾ ਪੱਧਰ ਵਧਾ ਦਿੱਤਾ ਸੀ। ਇਜ਼ਰਾਈਲੀ ਪ੍ਰਧਾਨ ਮੰਤਰੀ ਦਫ਼ਤਰ ਨੇ ਕਿਹਾ ਕਿ ਇਸ ਘਟਨਾ ਨੂੰ ਹਾਈਜੈਕਿੰਗ ਨਹੀਂ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਜ਼ਰਾਈਲ ਦੇ ਤਿੰਨ ਸੁਰੱਖਿਆ ਅਧਿਕਾਰੀਆਂ ਨੇ ਰਾਇਟਰਜ਼ ਨੂੰ ਦੱਸਿਆ ਸੀ ਕਿ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਸ ਉਡਾਣ ਨੂੰ ਲੈ ਕੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਇਜ਼ਰਾਈਲੀ ਫੌਜ ਨੇ ਇੱਕ ਬਿਆਨ ਵਿੱਚ ਕਿਹਾ ਕਿ ਫੌਜ ਮੁਖੀ ਅਯਾਲ ਜ਼ਮੀਰ ਨੇ ਹਵਾਈ ਫੌਜ ਦੇ ਕਮਾਂਡਰ ਅਤੇ ਹੋਰ ਫੌਜੀ ਅਧਿਕਾਰੀਆਂ ਨਾਲ ਸਥਿਤੀ ਦਾ ਮੁਲਾਂਕਣ ਵੀ ਲਿਆ।

ਫਲਾਈਦੁਬਈ ਦੇ ਬੁਲਾਰੇ ਨੇ ਪੁਸ਼ਟੀ ਕੀਤੀ ਕਿ ਫਲਾਈਟ ਨੂੰ ÷ਰਸਤੇ ਵਿੱਚ ਇੱਕ ਘਟਨਾ ਦਾ ਸਾਹਮਣਾ ਕਰਨਾ ਪਿਆ।÷ ਬੁਲਾਰੇ ਨੇ ਕਿਹਾ ਕਿ ਜਿਵੇਂ-ਜਿਵੇਂ ਹੋਰ ਜਾਣਕਾਰੀ ਮਿਲੇਗੀ, ਉਸ ਬਾਰੇ ਅਪਡੇਟ ਜਾਰੀ ਕੀਤੇ ਜਾਣਗੇ। ਬੁਲਾਰੇ ਨੇ ਕਿਹਾ, ÷ਸਾਡੀਆਂ ਟੀਮਾਂ ਸਬੰਧਤ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ।ਫਲਾਈਦੁਬਈ ਦੁਬਈ ਅਤੇ ਤੇਲ ਅਵੀਵ ਵਿਚਾਲੇ ਰੋਜ਼ਾਨਾ ਉਡਾਣਾਂ ਚਲਾਉਂਦੀ ਹੈ। ਇਹ ਰੂਟ ਇਜ਼ਰਾਈਲੀ ਨਾਗਰਿਕਾਂ ਵੱਲੋਂ ਕਾਫੀ ਵਰਤਿਆ ਜਾਂਦਾ ਹੈ।

## ਜਹਾਜ਼ ਦਾ ਕੈਪਟਨ ਅਤੇ ਫ਼ਰਸਟ ਅਫ਼ਸਰ ਜ਼ਖ਼ਮੀ

ਫ਼ਲਾਈ ਦੁਬਈ ਕੰਪਨੀ ਨੇ ਕਿਹਾ ਹੈ ਕਿ ਇਸ ਘਟਨਾ ਵਿੱਚ ਕੈਪਟਨ ਅਤੇ ਫ਼ਰਸਟ ਆਫ਼ ?ਸਰ ਦੋਵੇਂ ਜ਼ਖ਼ਮੀ ਹੋਏ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਕੰਪਨੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਸਥਾਨਕ ਸਮੇਂ ਮੁਤਾਬਕ 8 .44 ਵਜੇ ਏਅਰ ਟ ?ਰੈਫ਼ ?ਕ ਕੰਟ ?ਰੋਲ ਸੈਂਟਰ ਨੂੰ ਐਮਰਜੈਂਸੀ ਲੈਂਡਿੰਗ ਲਈ ਸਿਗਨਲ ਮਿਲਿਆ ਸੀ। ਇਸ ਤੋਂ ਇੱਕ ਘੰਟੇ ਬਾਅਦ ਹੀ ਜਹਾਜ਼ ਸੁਰੱਖਿਅਤ ਢੰਗ ਨਾਲ ਰਨਵੇਅ ’ਤੇ ਉਤਰ ਗਿਆ। ਯਾਤਰੀਆਂ ਨੇ ਇਜ਼ਰਾਈਲੀ ਮੀਡੀਆ ਨੂੰ ਦੱਸਿਆ ਕਿ ਸਾਊਦੀ ਅਰਬ ਵੱਲ ਡਾਇਵਰਟ ਹੋਣ ਤੋਂ ਪਹਿਲਾਂ ਇੱਕ ਪਾਇਲਟ ਚਾਕੂ ਨਾਲ ਜ਼ਖ਼ਮੀ ਹੋ ਗਿਆ ਸੀ।






ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD
Joga Singh
Jaswinder Singh New Jersey
Mindi Manak
NewYork
Jagjit Singh Dasuya
Gurmeet Singh Dhalwan
Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar
(Bhagata Bhaika) Vancouver,

Sunil Kumar Gund
(Journalist) India
Raj Rani
Video editor
Jagmeet Kaur
97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਏ. ਆਈ. ਦਾ ਦੌਰ ਭਰੋਸਾ ਹੀ ਅਸਲ ਕੁੰਜੀ

ਪੱਚੀ ਸਾਲ ਪਹਿਲਾਂ 9/11 ਦੇ ਹਮਲੇ ਤੋਂ ਬਾਅਦ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਜੁਲਾਈ 2001 ਵਿੱਚ ਪਰਵੇਜ਼ ਮੁਸ਼ੱਰਫ਼ ਨਾਲ ਹੋਏ ਅਸਫਲ ਆਗਰਾ ਸੰਮੇਲਨ ਦੇ ਹਾਲਾਤ ਨਾਲ ਜੂਝ ਰਹੇ ਸਨ, ਤੇ ਓਧਰ ਅਮਰੀਕਾ ਨੇ ਉਦੋਂ ਆਪਣੇ ਸਭ ਤੋਂ ਵੱਡੇ ਸੁਰੱਖਿਆ ਖ਼ਤਰੇ ਨਾਲ ਨਜਿੱਠਣ ਲਈ ਮੁਸ਼ੱਰਫ਼ ਨੂੰ ਧਮਕੀ ਦਿੱਤੀ ਸੀ ਕਿ ਜੇ ਉਸ ਦੀ ਫ਼ੌਜੀ ਖੁਫੀਆ ਏਜੰਸੀ ਓਸਾਮਾ ਬਿਨ ਲਾਦੇਨ ਨੂੰ ਨਾ ਲੱਭ ਸਕੀ ਜਾਂ ਅਮਰੀਕੀਆਂ ਨੂੰ ਨਾਲ ਲੱਗਦੇ ਅਫ਼ਗਾਨਿਸਤਾਨ ਵਿੱਚ ਅਲਕਾਇਦਾ ਦਾ ਸਫ਼ਾਇਆ ਕਰਨ ਲਈ ਰਾਹ ਨਾ ਦਿੱਤਾ ਤਾਂ ਉਹ ਪਾਕਿਸਤਾਨ ਨੂੰ ਬੰਬ ਮਾਰ ਕੇ ਵਾਪਸ ਪੱਥਰ ਯੁੱਗ ਵਿੱਚ ਪਹੁੰਚਾ ਦੇਣਗੇ।

ਅੱਜ, ਪੱਚੀ ਸਾਲਾਂ ਬਾਅਦ ਦੁਨੀਆ ਦਾ ਸਭ ਤੋਂ ਤਾਕਤਵਰ ਦੇਸ਼ ਦਹਿਸ਼ਤਗਰਦੀ ਵੱਲੋਂ ਧਿਆਨ ਹਟਾ ਕੇ ਐਂਥ ?ਰੋਪਿਕ ਅਤੇ ਓਪਨਏਆਈ ਵਰਗੀਆਂ ਤਾਕਤਵਰ ਪਰ ਨਿੱਜੀ ਏ ਆਈ ਕੰਪਨੀਆਂ ਰਾਹੀਂ ਮਸਨੂਈ ਬੁੱਧੀ ਤੱਕ ਪਹੁੰਚਣ ਦੀ ਕਾਫ਼ੀ ਦਿਲਚਸਪ ਦੌੜ ਵਿੱਚ ਲੱਗਿਆ ਹੋਇਆ ਹੈ। ਸਿਵਾਏ ਇਸ ਹਫ਼ਤੇ ਦੇ, ਜਦੋਂ ਇਨ੍ਹਾਂ ਵਿੱਚੋਂ ਇੱਕ ਕੰਪਨੀ ਤੋਂ ਅਸਤੀਫ਼ਾ ਦੇਣ ਵਾਲੇ ਇੱਕ ਏ ਆਈ ਖੋਜੀ ਨੇ ਇਸ ਕੋਸ਼ਿਸ਼ ਉੱਤੇ ਪਾਣੀ ਫੇਰਦਿਆਂ ਚੇਤਾਵਨੀ ਦਿੱਤੀ ਕਿ ਬਿਨਾਂ ਰੋਕ-ਟੋਕ ਦੇ ਤਿਆਰ ਕੀਤੇ ਜਾ ਰਹੇ ਇਹ ਆਪਣੇ ਆਪ ਨੂੰ ਸੁਧਾਰਨ ਵਾਲੇ ਏ ਆਈ ਮਾਡਲ ਇੱਕ ਦਿਨ ਸਾਨੂੰ ਸਾਰਿਆਂ ਨੂੰ ਮਾਰ ਦੇਣਗੇ। ਖੁਸ਼ਕਿਸਮਤੀ ਨਾਲ ਭਾਰਤ ਵਿੱਚ ਅਜਿਹੀਆਂ ਤਬਾਹੀ ਦੀਆਂ ਭਵਿੱਖਬਾਣੀਆਂ ਜ਼ਿਆਦਾ ਦੇਰ ਨਹੀਂ ਟਿਕਦੀਆਂ ਕਿਉਂਕਿ ਇੱਥੇ ਰੋਜ਼ਾਨਾ ਦੀ ਜ਼ਿੰਦਗੀ ਜਿਊਣਾ ਹੀ ਆਪਣੇ ਆਪ ਵਿੱਚ ਬਹੁਤ ਔਖਾ ਕੰਮ ਹੈ। ਜੇਕਰ ਪਹਿਲਗਾਮ ਵਿੱਚ ਛੁੱਟੀ ਮਨਾਉਂਦੇ ਹੋਏ ਕੋਈ ਅਤਿਵਾਦੀ ਹਮਲਾ ਤੁਹਾਡੀ ਜਾਨ ਨਹੀਂ ਲੈਂਦਾ ਤਾਂ ਉੱਤਰੀ ਭਾਰਤ ਵਿੱਚ ਜੰਮੂ-ਕਸ਼ਮੀਰ, ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸ਼ਰੇਆਮ ਮਿਲਦੀ ਹੈਰੋਇਨ ਜਾਂ ਚਿੱਟੇ ਦੀ ਭੈੜੀ ਆਦਤ ਤੁਹਾਨੂੰ ਲੰਮੇ ਸਮੇਂ ਲਈ ਬਰਬਾਦ ਕਰਨ ਲਈ ਕਾਫ਼ੀ ਹੈ। ਅਤੇ ਜੇ ਇਸ ਸਭ ਤੋਂ ਬਾਅਦ ਵੀ ਬਚ ਗਏ ਤਾਂ ਜੌਹਨ ਮੇਨਾਰਡ ਕੀਨਜ਼ ਦੀ ਇਹ ਗੱਲ ਸਾਨੂੰ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ 'ਆਖ਼ਰਕਾਰ, ਇੱਕ ਦਿਨ ਅਸੀਂ ਸਭ ਨੇ ਮਰਨਾ ਹੀ ਹੈ।' ਅਸਲ ਸਮੱਸਿਆ ਮੌਤ ਜਾਂ ਹਲਕੀ-ਫੁਲਕੀ ਬੇਪਰਵਾਹੀ ਦਾ ਖ਼ਤਰਾ ਨਹੀਂ ਹੈ, ਸਗੋਂ ਯਾਦਦਾਸ਼ਤ ਅਤੇ ਉਨ੍ਹਾਂ ਮੌਕਿਆਂ ਦੀ ਹੈ ਜੋ ਜ਼ਿੰਦਾ ਰਹਿਣ ਤੱਕ ਸਾਨੂੰ ਮਿਲਦੇ ਹਨ। ਆਖ਼ਰਕਾਰ, ਅਸੀਂ 1881 ਤੋਂ ਮੌਜੂਦ ਹਾਂ, ਇੱਥੋਂ ਤੱਕ ਕਿ ਬੰਬਈ ਦੇ ਗੋਕੁਲਦਾਸ ਤੇਜਪਾਲ ਸੰਸਕ੍ਰਿਤ ਕਾਲਜ ਵਿੱਚ 1885 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਬਣਨ ਤੋਂ ਵੀ ਪਹਿਲਾਂ। 'ਟ੍ਰਿਬਿਊਨ' ਦੇ ਪਹਿਲੇ ਸੰਪਾਦਕੀ ਵਿੱਚ ਲੋਕਾਂ ਦੀ ਆਵਾਜ਼ ਬਣਨ ਅਤੇ ਲੋਕ ਭਲਾਈ ਲਈ ਆਵਾਜ਼ ਉਠਾਉਣ ਦਾ ਵਾਅਦਾ ਕੀਤਾ ਗਿਆ ਸੀ, ਜੋ ਖ਼ਬਰਾਂ ਦੀ ਨਿਰਪੱਖਤਾ ਪ੍ਰਤੀ ਸਾਡੀ ਇੱਕ ਪੱਕੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਸੇਵਾ-ਮੁਕਤ ਜਸਟਿਸ ਦੀਪਕ ਗੁਪਤਾ ਨੇ 7 ਸਤੰਬਰ ਨੂੰ ਇਸ ਅਖ਼ਬਾਰ ਵਿੱਚ 'ਆਜ਼ਾਦੀ ਦਾ ਅਸਲੀ ਅਰਥ' ਸਿਰਲੇਖ ਹੇਠ ਨਿਆਂਪਾਲਿਕਾ ਦੀ ਆਜ਼ਾਦੀ ਦੀ ਲੋੜ ਉੱਤੇ ਲਿਖੇ ਆਪਣੇ ਲੇਖ ਵਿੱਚ, ਉੱਘੇ ਪੱਤਰਕਾਰ ਕਰਨ ਥਾਪਰ ਨਾਲ ਇੱਕ ਇੰਟਰਵਿਊ ਦੌਰਾਨ 'ਟ੍ਰਿਬਿਊਨ' ਦੀ ਨਿਰਪੱਖਤਾ ਪ੍ਰਤੀ ਵਫ਼ਾਦਾਰੀ ਨੂੰ ਫਿਰ ਤੋਂ ਦੁਹਰਾਇਆ। ਜਸਟਿਸ ਗੁਪਤਾ ਨੇ ਕਿਹਾ ਕਿ ਇਹ ਅਖ਼ਬਾਰ ਕਿਸੇ ਨਿੱਜੀ ਮਾਲਕ ਵੱਲੋਂ ਨਹੀਂ ਸਗੋਂ ਇੱਕ ਟਰੱਸਟ ਵੱਲੋਂ ਚਲਾਇਆ ਜਾਂਦਾ ਹੈ, ਅਤੇ ਨਾਲ ਹੀ ਜੋੜਿਆ ਕਿ ਇਹੀ ਕਾਰਨ ਹੈ ਕਿ 'ਟ੍ਰਿਬਿਊਨ' ਨੇ ਸਨਸਨੀਖੇਜ਼ ਅਤੇ ਪੀਲੀ ਪੱਤਰਕਾਰੀ ਦੇ ਖ਼ਤਰਿਆਂ ਨੂੰ ਆਪਣੇ ਵਿੱਚ ਕਦੇ ਘਰ ਨਹੀਂ ਕਰਨ ਦਿੱਤਾ। ਪਿਆਰੇ ਪਾਠਕੋ, ਆਪਣੀ ਤਾਰੀਫ਼ ਕਰਨਾ ਇਸ ਕਾਲਮ ਦਾ ਅਸਲ ਮਕਸਦ ਨਹੀਂ ਹੈ। ਇਸ ਦੀ ਬਜਾਏ ਅਸਲ ਗੱਲ ਇਹ ਦੁਹਰਾਉਣ ਦੀ ਹੈ ਕਿ ਖ਼ਬਰਾਂ ਦੀ ਪੇਸ਼ਕਾਰੀ ਵਿੱਚ ਭਰੋਸਾ ਰਾਤੋ-ਰਾਤ ਨਹੀਂ ਬਣਦਾ ਸਗੋਂ ਇਸ ਨੂੰ ਸਾਲਾਂ, ਦਹਾਕਿਆਂ ਅਤੇ ਕਈ ਵਾਰ ਪੂਰੀ ਸਦੀ ਦੀ ਮਿਹਨਤ ਨਾਲ ਕਮਾਉਣਾ ਪੈਂਦਾ ਹੈ। ਅੱਜ ਦੇ ਇਸ ਏ ਆਈ ਦੇ ਜੋਖਮ ਭਰੇ ਦੌਰ ਵਿੱਚ, ਜਿੱਥੇ ਦੁਨੀਆ ਨੂੰ ਅਜਿਹੇ ਤਰੀਕਿਆਂ ਨਾਲ ਬਦਲਣ ਅਤੇ ਤੋੜਨ-ਮਰੋੜਨ ਦੀ ਸਮਰੱਥਾ ਹੁਣ ਸਾਫ਼ ਦਿਖਾਈ ਦੇ ਰਹੀ ਹੈ, ਜੋ ਸਾਡੀ ਸਮਝ ਤੋਂ ਬਾਹਰ ਹੈ। ਸਾਡਾ ਮੁੱਢਲਾ ਫਰਜ਼ ਇਹੀ ਹੈ ਕਿ ਅਸੀਂ ਲਗਾਤਾਰ ਬਦਲਦੇ ਇਸ ਖ਼ਤਰੇ ਦਾ ਸਿੱਧਾ ਮੁਕਾਬਲਾ ਕਰੀਏ ਕਿਉਂਕਿ ਹੁਣ ਚੋਣ ਸਿਰਫ਼ ਤਕਨੀਕੀ ਤਰੱਕੀ ਨੂੰ ਸੰਭਾਲਣ ਦੀ ਨਹੀਂ, ਸਗੋਂ ਖੁਦ ਮਨੁੱਖੀ ਅਸਲੀਅਤ ਦੀ ਰੱਖਿਆ ਕਰਨ ਦੀ ਹੈ। ਤੁਸੀਂ ਇਸ ਮੋੜ ਉੱਤੇ ਸਵਾਲ ਪੁੱਛ ਸਕਦੇ ਹੋ ਕਿ ਇਸ ਨਾਲ ਕਿਵੇਂ ਨਜਿੱਠਿਆ ਜਾਵੇ। ਤੁਸੀਂ ਇਹ ਵੀ ਜੋੜ ਸਕਦੇ ਹੋ ਕਿ ਕੀ ਇਹ ਤਬਾਹੀ ਸਿਰਫ਼ ਏ ਆਈ ਤੱਕ ਹੀ ਸੀਮਤ ਹੈ। ਪਹਿਲੇ ਸਵਾਲ ਦਾ ਜਵਾਬ ਭਰੋਸੇ ਵਿੱਚ ਹੈ, ਭਾਵ ਭਰੋਸਾ ਕਰੋ ਅਤੇ ਪੜਤਾਲ ਕਰੋ। ਜਿੱਥੋਂ ਤੱਕ ਦੂਜੇ ਸਵਾਲ ਦੀ ਗੱਲ ਹੈ, ਸੱਚਾਈ ਇਹ ਹੈ ਕਿ ਦੇਸ਼ ਅੰਦਰ ਆਰਥਿਕ ਸੁਧਾਰਾਂ ਅਤੇ ਬਾਹਰ ਸ਼ੀਤ ਯੁੱਧ ਦੇ ਖ਼ਤਮ ਹੋਣ ਦੇ ਨਤੀਜੇ ਵਜੋਂ ਮੀਡੀਆ ਦਾ ਦਾਇਰਾ ਵਿਸ਼ਾਲ ਹੋਇਆ ਸੀ। ਇਸ ਤੋਂ ਇਹ ਉਮੀਦ ਕੀਤੀ ਜਾਂਦੀ ਸੀ ਕਿ ਇਹ ਬੋਲਣ ਦੀ ਆਜ਼ਾਦੀ ਰਾਹੀਂ ਸਾਨੂੰ ਮੁਕਤ ਕਰੇਗਾ ਪਰ ਅੱਜ ਇਹ ਮੀਡੀਆ ਏ ਆਈ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਆਪਣੇ ਆਪ ਨੂੰ ਮਸਾਂ ਹੀ ਮਜ਼ਬੂਤ ਕਰ ਸਕਿਆ ਹੈ। ਜੇਕਰ ਤੁਹਾਨੂੰ ਉਹ ਸਮਾਂ ਯਾਦ ਹੈ ਜਦੋਂ ਟੀਵੀ ਸਕ੍ਰੀਨਾਂ ਅਤੇ ਪ੍ਰਸਾਰਣ ਉੱਤੇ ਸਿਰਫ਼ 'ਦੂਰਦਰਸ਼ਨ' ਦਾ ਹੀ ਪੂਰਾ ਦਬਦਬਾ ਹੁੰਦਾ ਸੀ, ਤਾਂ ਤੁਸੀਂ ਉਸ ਦੌਰ ਦੀ ਉਹ ਬੇਚੈਨੀ ਨੂੰ ਵੀ ਚੇਤੇ ਕਰ ਸਕਦੇ ਹੋ ਜੋ ਇਸ ਨਾਲ ਜੁੜੀ ਹੋਈ ਸੀ। ਸਰਕਾਰ ਵਿਰੋਧੀ ਹੋਣ ਦਾ ਮਤਲਬ ਕਾਂਗਰਸ ਦੀ ਆਲੋਚਨਾ ਕਰਨਾ ਸਮਝਿਆ ਜਾਂਦਾ ਸੀ ਪਰ ਵਿਦੇਸ਼ ਨੀਤੀ ਹਮੇਸ਼ਾ ਅਪਵਾਦ ਰਹੀ ਹੈ ਕਿਉਂਕਿ ਇਹ ਹਰ ਤਰ੍ਹਾਂ ਦੀਆਂ ਵਿਚਾਰਧਾਰਕ ਵੰਡਾਂ ਤੋਂ ਉੱਪਰ ਇੱਕ ਪਵਿੱਤਰ ਵਿਸ਼ਾ ਰਹੀ ਹੈ। ਇਹੀ ਕਾਰਨ ਹੈ ਕਿ ਜਦੋਂ ਤੁਸੀਂ ਪੱਤਰਕਾਰਾਂ ਨੂੰ 'ਵਿਦੇਸ਼ ਨੀਤੀ ਦਾ ਇੱਕ ਭਾਰਤੀ ਦ੍ਰਿਸ਼ਟੀਕੋਣ' ਬਾਰੇ ਗੱਲ ਕਰਦਿਆਂ ਸੁਣਦੇ ਹੋ ਤਾਂ ਤੁਸੀਂ ਤੁਰੰਤ ਸਮਝ ਜਾਂਦੇ ਹੋ ਕਿ ਉਹ ਕਿਸੇ ਬੀਤੇ ਹੋਏ ਪੁਰਾਣੇ ਯੁੱਗ ਨਾਲ ਸਬੰਧਿਤ ਹਨ। ਕਿਉਂਕਿ ਵਿਦੇਸ਼ੀ ਨੇਤਾਵਾਂ ਨਾਲ ਇੰਟਰਵਿਊਜ਼ ਨੂੰ ਸਪਾਂਸਰ ਕਰਨ ਵਾਲੀ ਹਮੇਸ਼ਾ ਸਰਕਾਰ ਹੀ ਹੁੰਦੀ ਸੀ, ਕੋਈ ਮੀਡੀਆ ਹਾਊਸ ਨਹੀਂ, ਜਿਸ ਕਰਕੇ ਉਨ੍ਹਾਂ ਇੰਟਰਵਿਊਜ਼ ਉੱਤੇ ਹਮੇਸ਼ਾ ਸਰਕਾਰੀ ਸੋਚ ਦੀ ਮੋਹਰ ਲੱਗੀ ਹੁੰਦੀ ਸੀ।

ਇਹ ਦੇਖਣਾ ਦਿਲਚਸਪ ਹੈ ਕਿ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਬਾਅਦ, ਹਾਲਾਤ ਫਿਰ ਘੁੰਮ ਕੇ ਉੱਥੇ ਹੀ ਆ ਗਏ ਹਨ। ਸਰਕਾਰੀ ਅਤੇ ਨਿੱਜੀ ਮੀਡੀਆ ਵਿੱਚ ਹੁਣ ਬਹੁਤ ਘੱਟ ਫ਼ਰਕ ਰਹਿ ਗਿਆ ਹੈ ਅਤੇ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਨਿੱਜੀ ਮੀਡੀਆ ਨੇ ਵੀ ਅਕਸਰ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਹਨ। ਇਹ ਸਭ ਕੁਝ ਤਾਂ ਪੁਰਾਣੀ ਖੇਡ ਹੈ, ਪਰ ਜੋ ਨਵੀਂ ਚੀਜ਼ ਹੈ, ਉਹ ਹੈ ਮੀਡੀਆ ਵੱਲੋਂ ਬੱਚਿਆਂ ਵਰਗੇ ਚਾਅ ਨਾਲ ਉਨ੍ਹਾਂ ਹੀ ਏ ਆਈ ਸਾਧਨਾਂ ਦੀ ਵਰਤੋਂ ਕਰਨਾ, ਜਿਸ ਨਾਲ ਜਾਣਬੁੱਝ ਕੇ ਇੱਕ ਸਾਧਾਰਨ ਖ਼ਬਰ ਨੂੰ ਉਸਦੇ ਆਪਣੇ ਹੀ ਇੱਕ ਭਿਆਨਕ ਰੂਪ ਵਿੱਚ ਬਦਲ ਦਿੱਤਾ ਜਾਂਦਾ ਹੈ। ਇਹ ਸਿਰਫ਼ ਟੀ ਆਰ ਪੀ ਦੀ ਦੌੜ ਵਿੱਚ ਹੇਠਾਂ ਡਿੱਗਣ ਦੀ ਗੱਲ ਨਹੀਂ ਹੈ, ਸਗੋਂ ਪੱਖਪਾਤ ਨੂੰ ਹੋਰ ਡੂੰਘਾ ਕਰਨ ਦਾ ਇੱਕ ਖ਼ਤਰਨਾਕ ਤਰੀਕਾ ਹੈ। ਵਿਡੰਬਨਾ ਇਹ ਹੈ ਕਿ ਕਿਸੇ ਦੀ ਵੀ ਚੀਨ ਵਰਗੇ ਸ਼ਕਤੀਸ਼ਾਲੀ ਦੇਸ਼ਾਂ ਸੰਬੰਧੀ ਵਿਅੰਗ ਚਿੱਤਰ ਬਣਾਉਣ ਦੀ ਹਿੰਮਤ ਨਹੀਂ ਪੈਂਦੀ, ਉਦੋਂ ਵੀ ਨਹੀਂ ਜਦੋਂ ਚੀਨੀ ਫ਼ੌਜ ਨੇ ਦੇਸ਼ ਦੀ ਪ੍ਰਭੂਸੱਤਾ ਅਤੇ ਖ਼ੇਤਰੀ ਅਖੰਡਤਾ ਦੋਵਾਂ ਦੀ ਉਲੰਘਣਾ ਕੀਤੀ ਸੀ। ਇਹ ਬਿਲਕੁਲ ਸਪੱਸ਼ਟ ਹੈ ਕਿ ਨਿੱਜੀ ਮੀਡੀਆ ਆਪਣੀ ਤਾਕਤ ਦੀਆਂ ਸੀਮਾਵਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਖ਼ਬਰਾਂ ਦੀ ਪੇਸ਼ਕਾਰੀ ਵਿੱਚ ਜ਼ਿੰਮੇਵਾਰੀ ਦੇ ਇਸ ਉਲਟਫੇਰ ਦਾ ਸਿੱਧਾ ਨਤੀਜਾ ਸੋਸ਼ਲ ਮੀਡੀਆ ਦਾ ਲਗਾਤਾਰ ਉਭਾਰ ਹੈ। ਅਸੀਂ ਦੇਖਿਆ ਹੈ ਕਿ ਕਿਵੇਂ ਕੌਕਰੋਚ ਜਨਤਾ ਪਾਰਟੀ ਵਰਗੇ ਸੋਸ਼ਲ ਮੀਡੀਆ ਵਰਤਾਰਿਆਂ ਦਾ ਪ੍ਰਭਾਵ ਕਈ ਗੁਣਾ ਵਧ ਗਿਆ ਹੈ ਅਤੇ ਕਈ ਵਾਰ ਇਹ ਅਸਲ ਜੀਵਨ ਵਿੱਚ ਵੀ ਫੈਲਣਾ ਸ਼ੁਰੂ ਹੋ ਗਿਆ ਹੈ। ਜੋ ਕੰਮ ਰਵਾਇਤੀ ਮੀਡੀਆ ਕਈ ਵਾਰ ਕਰਨ ਵਿੱਚ ਅਸਫ਼ਲ ਰਿਹਾ ਹੈ, ਉਹ ਸੋਸ਼ਲ ਮੀਡੀਆ ਨੇ ਗ਼ਲਤ ਕੰਮਾਂ ਨੂੰ ਉਜਾਗਰ ਕਰਕੇ ਅਕਸਰ ਸਫ਼ਲਤਾਪੂਰਵਕ ਕਰ ਦਿਖਾਇਆ ਹੈ। ਸਚਾਈ ਇਹ ਹੈ ਕਿ ਦੇਸ਼ ਦੀ ਜ਼ਮੀਰ ਦੇ ਰਾਖੇ ਅਸੀਂ, ਯਾਨੀ ਰਵਾਇਤੀ ਮੀਡੀਆ, ਹੋਣੇ ਚਾਹੀਦੇ ਸੀ, ਨਾ ਕਿ ਉਹ ਵੈੱਬਸਾਈਟਾਂ ਜਾਂ ਸੋਸ਼ਲ ਮੀਡੀਆ ਹੈਂਡਲ ਜੋ ਕਈ ਵਾਰ ਏ ਆਈ ਸਾਧਨਾਂ ਦੀ ਦੁਰਵਰਤੋਂ ਕਰਦੇ ਹਨ। ਸਾਡੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਏ ਆਈ ਨੂੰ ਕਾਬੂ ਵਿੱਚ ਕਿਵੇਂ ਰੱਖਿਆ ਜਾਵੇ ਅਤੇ ਇਸ ਨੂੰ ਆਪਣੇ ਉਲਟ ਚੱਲਣ ਦੇਣ ਦੀ ਬਜਾਏ ਆਪਣੇ ਕੰਮ ਕਿਵੇਂ ਲਾਇਆ ਜਾਵੇ। ਪੱਚੀ ਸਾਲ ਪਹਿਲਾਂ ਅਮਰੀਕਾ ਉੱਤੇ ਹੋਏ ਅਤਿਵਾਦੀ ਹਮਲੇ ਨੇ ਭਾਵੇਂ ਅਮਰੀਕਾ ਅਤੇ ਦੁਨੀਆ ਨੂੰ ਬਦਲ ਦਿੱਤਾ ਹੋਵੇ, ਪਰ ਇਤਿਹਾਸ ਦੇ ਲੰਮੇ ਸਫ਼ਰ ਵਿੱਚ ਉਹ ਮਹਿਜ਼ ਇੱਕ ਛੋਟੀ ਜਿਹੀ ਘਟਨਾ ਸੀ। ਅੱਜ ਦੇ ਖ਼ਤਰੇ ਬਿਲਕੁਲ ਵੱਖਰੇ ਹਨ, ਅਤੇ ਜੇਕਰ ਅਸੀਂ ਇਨ੍ਹਾਂ ਦਾ ਮੁਕਾਬਲਾ ਕਰਨਾ ਹੈ, ਤਾਂ 'ਭਰੋਸਾ' ਹੀ ਸਭ ਤੋਂ ਵੱਡੀ ਕੁੰਜੀ ਹੈ।



Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 373 Website: www.preetnama.com Email preetnamausa@gmail.com 02 OCT TO 08 OCT, 2026

### विश्व स्वास्थ्य संगठन की रिपोर्ट में खुलासा

# विश्वभर में बढ़ रहा आत्महत्या का रुझान बना चिंताजनक

**रमेश सर्राफधमोरा**

विश्व स्वास्थ्य संगठन की रिपोर्ट के मुताबिक दुनिया में हर साल लगभग आठ लाख लोग आत्महत्या करते हैं। जिनमें से 21 फीसदी आत्महत्याएं भारत में होती है। हमारे देश में शायद ही कोई दिन ऐसा बीतता होगा जब किसी न किसी इलाके से गरीबी, भुखमरी कुपोषण बेरोजगारी कर्ज जैसी तमाम आर्थिक तथा अन्य सामाजिक दुश्वारियों से परेशान लोगों के आत्महत्या करने की खबरें न आती हों। देश में हर चार मिनट में एक आत्महत्या की जाती है। 2018 में पारित हुए मेंटल हेल्थ केयर एक्ट 2017 के तहत भारत में आत्महत्या के अपराधी करण का कानून खत्म करते हुए मानसिक बीमरियों से जूझ रहे लोगों को मुफ्त मदद का प्रावधान किया गया है। इस नए कानून के तहत आत्महत्या का प्रयास करने वाले किसी भी व्यक्ति को बिना किसी भेदभाव के मदद पहुंचाना इलाज करवाना और पुनर्वास देना सरकार की जिम्मेदारी होगी।

भारत के साथ.साथ पूरे विश्व में मानसिक स्वास्थ से जूझ रहे लोगों की संख्या बढ़ने की आशंका जताई जा रही है। हालांकि इस मामले में अभी तक विश्व स्वास्थ्य संगठन की ओर से कोई ठोस बयान जारी नहीं किया गया है। लेकिन विश्व के अलग.अलग हिस्सों में हो रहे आत्महत्याओं के बढ़ते मामलों पर तुरंत संज्ञान लेने की जरूरत है।

विश्व स्वास्थ्य संगठन की रिपोर्ट खुलासा करती है कि विकसित देशों की तुलना में विकासशील देशों के लोग अधिक आत्महत्या कर रहे हैं। रिपोर्ट में कहा गया है कि विकसित देशों में महिलाओं के मुकाबले पुरुषों में आत्महत्या की दर अधिक है। परन्तु विकासशील देशों में महिलाओं की आत्महत्या की दर अधिक पाई गई है। विश्व स्वास्थय संगठन के आंकड़े यह भी खुलासा करते हैं कि आत्महत्या के मामले में भारत की स्थिति भी चिंताजनक है। राष्ट्रीय अपराध रिकॉर्ड ब्यूरो के तुलनात्मक आंकड़े बताते हैं कि भारत में आत्महत्या की दर विश्व आत्महत्या दर के मुकाबले बढ़ी है। भारत में पिछले दो दशकों की आत्महत्या दर में एक लाख लोगों पर 2.5 फीसद की वृद्धि हुई है। आज भारत में 37.8 फीसद आत्महत्या करने वाले लोग 30 वर्ष से भी कम उम्र के हैं। दूसरी ओर 44 वर्ष तक के लोगों में आत्महत्या की दर 71 फीसद तक बढ़ी है।राष्ट्रीय अपराध रिकॉर्ड ब्यूरो के आंकड़ों के अनुसार भारत में 2019 में आत्महत्या करने से रोजाना 381 मौतें हुईं व पूरे साल में कुल 1 लाख 39 हजार 123 लोग मरे। 2018 में 1 लाख 34 हजार 516 और 2017 एक लाख 29 हजार 887 लोगों ने आत्म हत्या की थी। 2018 की तुलना में 2019 के दौरान देश में आत्महत्याओं में 3 प्रतिशत की वृद्धि देखी गई। पिछले वर्ष देश में फांसी लगाकर आत्महत्या करने वाले 53.6 प्रतिशत लोग थे। वहीं जहर खाकर 25 प्रतिशत पानी में डूब कर 5.2 प्रतिशत लोगों ने आत्महत्या की थी। आत्महत्या करने वालों में 70.2 प्रतिषत पुरुष और 29 प्रतिशत महिलाएं थी।



देश में सबसे ज्यादा महाराष्ट्र में 18 हजार 916 लोगों द्वारा आत्महत्याओं की गयी थी। इसके बाद तमिलनाडु में 13493 पश्चिम बंगाल में 12665 मध्य प्रदेश में 12457 और कर्नाटक में 11288 लोगों ने आत्महत्या की थी। देश में दर्ज कुल आत्महत्याओं का 49.5 प्रतिशत हिस्सा इन पांच राज्यों में था। शेष 50.5 प्रतिशत आत्म हत्याओं की रिपोर्ट देश के अन्य सभी प्रदेशों की थी। देश के कई हिस्सों में गरीब किसानों के द्वारा की जाने वाली खुदकुशी की घटनाएं भी किसी से छिपी नहीं हैं। महाराष्ट्र का विदर्भ क्षेत्र तो इसके लिए कुख्यात है। देश के अन्य हिस्सों में कर्ज में डूबे गरीब व निर्धन किसान भी आत्महत्या करने को मजबूर हो रहे हैं। असलियत तो यह है कि देश में किसी भी व्यक्ति द्वारा की गई आत्महत्या इस सामाजिक व्यवस्था पर एक करारा तमाचा है। देश के किसानों में आत्महत्या की प्रवृत्ति रुकने का नाम ही नहीं ले रही है। बीते वर्ष खुदकुशी के कारण देश ने 3 हजार किसानों को खोया था।

पिछले 20 सालों में हजारों किसानों ने अपना जीवन त्याग दिया। किसान जो अन्नदाता हैं। अपनी मेहनत से देश की 130 करोड़ जनसंख्या के पेट की आग बुझाता हैं। वही आज अपने पेट की आग नहीं बुझा पा रहे हैं। प्राकृतिक प्रकोप और ऊपर से सरकारी उदासीनता के कारण अन्नदाता दाने.दाने को मोहताज नजर आ रहे हैं। ऐसे में जब हालात बद से बदतर हो जाते हैं तब वे मजबूरन आत्महत्या करने को मजबूर हो जाते हैं।भारत में अवसाद की बीमारी भी तेजी से पांव पसार रही है। आंकड़े बताते हैं कि विगत दशकों में बदलते परिवेश आधुनिक जीवन.शैली तात्कालिक विफलता और बढ़ती बेरोजगारी के कारण ग्रामीण भारत के युवाओं में अवसाद के कारण आत्महत्या करने की प्रवृति बढ़ी है। राष्ट्रीय अपराध रिकॉर्ड ब्यूरो के आंकड़ों के अनुसार 2019 में कुल 139123 लोगों ने आत्महत्या की थी। जिसमें बेरोजगारों की संख्या 14019 थी। जो 2018 की तुलना में 8.37 प्रतिशत अधिक है। विश्व स्वास्थ्य संगठन के अनुसार देश में करीब 23 लाख लोगों को तात्कालिक तौर पर मानसिक स्वास्थ्य संबंधी देखभाल की जरूरत है। जबकि देश में मानसिक स्वास्थ्य सेवाओं का बुरा हाल है। देश में 130 करोड़ आबादी के लिए मात्र 5 हजार मानसिक रोग चिकित्सक हैं।बिगड़ते मानसिक स्वास्थ्य को एक वैश्विक चुनौती करार देते हुए संयुक्त राष्ट्र संघ और विश्व स्वास्थ्य संगठन ने दुनिया के हर देश को मेंटल हेल्थ पर गंभीर कदम उठाने की सलाह दी है। विश्व स्वास्थ्य संगठन और इंटरनेशनल एसोसिएशन फॉर सुसाइड प्रिवेंशन के मुताबिक व्यक्ति को समय रहते भावनात्मक संबल मिल जाना ही आत्महत्या से बचाव का सबसे कारगर उपाय है। दुनिया के अनेक मनोविज्ञानियों ने अभिभावकों के लिए सलाह जारी की है। बच्चों से प्रतिदिन सहज संवाद को सबसे कारगर बताया गया है। बच्चों को यह सिखाया जाना जरूरी है कि खतरा क्या है और संभावित किसी भी परिस्थिति का सामना वह कैसे करें। वे अभिभावकों के साथ रोजमर्रा की छोटी से छोटी बात की जानकारी साझा करें। ताकि समय रहते सावधानी बरती जा सके।

सरकार को आत्महत्या के लिए प्रेरित करने वाले आर्थिक. सामाजिक और मनोवैज्ञानिक कारणों की गहराई से पड़ताल करनी चाहिये और अपनी प्राथमिक जिम्मेदारी के तौर पर ऐसे उपाय करे कि लोग अपनी जीवनलीला समाप्त करने का विचार ही दिमाग में न लाए। विश्व स्वास्थ्य संगठन की रिपोर्ट में सरकारों को सलाह दी गई है कि आत्महत्या का मीडिया ट्रायल नहीं हो। देश में अल्कोहल को लेकर ठोस नीति बनाई जाए। आत्महत्या के संसाधनों पर रोक लगाते हुए आत्महत्या के प्रयास करने वालों की उचित देखभाल की जाए। समाज में सफल लोगों की असफलताओं से सीख लेकर भी आत्महत्या के बढ़ते रुझान पर काबू पाया जा सकता है। मनोचिकित्सकों के मुताबिक आर्थिक परिवेश सामाजिक परिवेश के साथ ही कई और भी कारण है। जिसके चलते अक्सर लोग निराश होकर आत्महत्या करने को मजबूर हो जाते है। इसमें सबसे बड़ा कारण परिवारिक समस्याओं का सामने आ रहा है। इसके बाद दूसरा बड़ा कारण असाध्य बीमारियों का है। जिसके चलते जीवन से निराश होकर लोग आत्महत्या करने को मजबूर हो जाते हैं।विशेषज्ञों का कहना है कि आत्महत्या के मामलों के अध्ययन के बाद सरकार और गैर.सामाजिक संगठनों को मिल कर एक ठोस पहल करनी होगी। इसके लिए जागरुकता अभियान चलाने के अलावा हेल्पलाइन नंबरों के प्रचार.प्रसार पर ध्यान देना होगा। इसके साथ ही समाज में लोगों को अपने आस.पास ऐसे लोगों पर निगाह रखनी होगी जिनमें आत्महत्या या अवसाद का कोई संकेत मिलता है। सबको मिल कर आगे बढ़ना होगा। ऐसा नहीं हुआ तो यह आंकड़े साल दर साल बढ़ते ही रहेंगे। ऐसे मामलों पर अंकुश लगाने की ठोस रणनीति बहुत जरुरी है।

# कांग्रेस देश में लापता होते लोकतंत्र की तलाश में

**– नवीन जैन, स्वतंत्र पत्रकार**

मल्लिकार्जुन खड़गे का कांग्रेस का नया अध्यक्ष बनना लगभग तय ही है। कारण कि वे नेहरू गांधी परिवार के किचन केबिनेट के सदस्य रहे हैं। यूपीए सरकार में वे काबीना मंत्री भी थे और फिर सीनियर मोस्ट कांग्रेसी हैं। वे खुद बताते हैं कि आजादी के आंदोलन में गांधी नेहरू के विचारों से वे इतने आंदोलित हुए थे कि दीवारों पर पोस्टर तक चिपकाया करते थे उधर, तिरुवन्नमपुरम से कांग्रेस की तरफ़ से लगातार लोकसभा में जाने वाले शशि थरूर नेता कम, अपने व्यक्तित्व से बालीवुड सेलिब्रिटी ज़्यादा लगते हैं। बावजूद इसके वे इतने बुद्धिमान और क्रिएटिव हैं कि विभिन्न विषयों पर अब तक दस से ज्यादा पुस्तकें दे चुके हैं, जिन्हें पढ़ने के लिए किसी खां को भी चांसलर्स शब्द कोष फॉलो करना पढ़ता है। वे जब हाउस में बोलने खड़े होते हैं, तो इंग्लिश में बोलें या हिंदी में सन्नाटा छा जाता है। वे इतने निडर हैं कि एक बार तो लंदन जाकर अंग्रेजों से उनके द्वारा भारत की पूरी दौलत ब्याज सहित वापस करने की मांग सार्वजनिक रूप से उठा आए थे, लेकिन इंदिरा गांधी के ज़माने से ही कांग्रेस आला कमान यस मैंन को ही तरजीह देता रहा है। कांग्रेसी बायो डेटा में यही गुण सबसे पहले देखा जाता है। शशि थरूर में भी यह गुण देखा गया था, लेकिन कांग्रेस में आंतरिक लोकतंत्र के लिए, जो सुधार किए जा सकने वाला जी–23 पत्र लिखा गया इसमें चूंकि थरूर भी शामिल थे इसलिए वहीं से पार्टी में दो धाराएं विकसित हो गई। इन्हें स्वतंत्रता के पहले वाले गर्म और नर्म दल तो नहीं कह सकते, लेकिन 23 वरिष्ठ सदस्यों को पार्टी में अपनी भूमिका शून्य होती नजर आने लगी थी।

जो झंझावात इस बार अध्यक्ष पद को लेकर कांग्रेस में मचा उसका क्या परिणाम होता है, यह तो भविष्य ही बताएगा, लेकिन यह फिर निश्चित हो चुका है, कि जिसके माथे पर नेहरू परिवार हाथ रखेगा वही उच्च पद के स्वर्ग का भागी बनेगा। खड़गे के नामांकन और उनकी ही जीत की संभावना से यह, तो पक्का है कि कांग्रेस सालों बाद राजनीति का जवाब वैसे ही राजनीति से दे रही है, क्योंकि आदिवासी समुदाय को लुभाने के लिए भाजपा ने आदिवासी महिला द्रोपदी को राष्ट्रपति बनाया। खड़गे दलित हैं। उनके दशकों पहले स्व. बाबू जगजीवन राम ने यह पद सम्हाला था, जो प्रधानमंत्री भी बनाए जा सकते थे और दलित थे। कांग्रेस किसी भी तरह हरेक समुदाय में अपना जनाधार बढ़ाने की जी तोड़ कवायद कर रही है। राहुल गांधी की पांव–पांव, गांव–गांव यात्रा भी उसी दिशा में उठाया जा रहा अभिनव, तो नहीं, लेकिन आजमाया हुआ नुस्खा है। कहते हैं एक आदमी सदियों पहले अफ्रीका से चला था और फिर खरामा खरामा दुनियां बसती गई। भगवान राम को भी राजपाट के लिए चौदह साल वनवास करना पड़ा था ताज़ा इतिहास राष्ट्रपिता महात्मा गांधी का है जिन्होंने नमक पर बढ़ाए गए टैक्स के विरोध में दांडी मार्च निकाली थी जिसके लगभग सत्रह साल बाद देश को आजादी मिली। स्व.राजीव गांधी, पूर्व प्रधानमंत्री स्व.चंद्रशेखर, मेगसेस पुरुस्कार से नवाजे गए समाज सेवी बाबा आमटे, अभिनेता–राजनेता सुनील दत्त ने भी पैदल यात्रा के प्रयोग किए, लेकिन राहुल की उक्त यात्रा पार्टी अध्यक्ष के चुनाव को लेकर मची घमासान के कारण बीच सफर में भारी उलझन में पड गई। दिग्विजय सिंह, अशोक गेहलोत जैसे पके नेता अपने नाम आगे बढ़ाकर अपने बूढ़े सपनों की पतंगे उड़ाने लगे थे, लेकिन अच्छी बात यह कि में खड़गे के नाम पर लगभग आम सहमति हो गई है। जहां तक करोड़ों में खेलने वाले शशि थरूर का सवाल है, तो वे तो करीब दो महीने पहले ही अखबारों में अपने लिखे लेखों के मार्फत उक्त चुनाव लडने की इच्छा जाहिर कर चुके थे, जिसके लिए इशारों इशारों में हरी झंडी सोनिया गांधी भी दे चुकी थीं।

# सिर्फ आधा घंटा व्यायाम भी आपको रखेगा फिट



व्यायाम सभी को करना चाहिये। इससे हम फिट रहते हैं। अगर आप हर दिन 30 से 40 मिनट व्यायाम करते हैं तो आप बहुत सी बीमारियों से दूर रहते हैं एक सर्वेक्षण में कहा गया है अगर कोई आदमी 70 साल का है और वह हर रोज व्यायाम करता है तो उसकी उम्र बढ़ जाती है और बीमारियों से भी दूर रहता है। स्वस्थ रहने के लिए यह सबसे बड़ा उपाय है।

**पौष्टिक भोजन**

स्वस्थ रहने के लिए संतुलित आहार की बहुत जरूरत होती है क्योंकि आप जानते हैं ज्यादातर बीमारी गलत आहार से होती है। इसलिए संतुलित आहार को अपनाएं। इसके साथ ही 3 से 5 लीटर पानी पिएं। फल और सब्जी भी खाएं खाने को चबाकर खाएं रात में कम खाना कम खाएं किसी भी एक चीज का ज्यादा मात्रा में सेवन ना करें।

**सकारात्मक रहें**

यह आपके जिंदगी का यह एक बहुत ही महत्वपूर्ण पहलू है। लोग इस पर ध्यान कम देते हैं। निराशाजनक माहौल से दूर रहें सोते समय ना सोचें कमाई से अधिक खर्च ना करें किसी से झूठा वादा ना करेंए जिसको आप पूरा ना कर सके बिना मतलब का कुछ ना सोचें हैं। अच्छे लोगों से मिले हैं और उसे दोस्त करें खूब हंसे और दूसरे को हंसाने की कोशिश करें। दिमाग का सीधा रिश्ता दिल से होता है अगर आप तनाव में रहते हैं तो आपका ब्लड प्रेशर बढ़ता है जिस से बहुत सारी बीमारियां होती हैं जैसे हार्ट अटैक आदि। अपने लाइफ स्टाइल को ठीक करें जल्दी सोएं और जल्दी जगे! चिंता क्रोध शोक शक और दूसरों से अधिक उम्मीद न करें।

**अच्छी नींद**

वैज्ञानिक मानते हैं कि नींद सबसे बड़ी दवा है आप गौर कीजिए जब आप काम करके बहुत ज्यादा थक जाते हैं। अगर आप गहरी नींद से सोते हैं तो सुबह अपने आप को तरोताजा पाते हैं। इसीलिए कहा जाता है अच्छी नींद का होना बहुत जरुरी है! कम नींद होना या ज्यादा नींद का होना इसका सीधा प्रभाव स्वास्थ्य पड़ता है। वैज्ञानिक अध्ययन से पाया गया है कि 8 घंटा से ज्यादा और 6 घंटे से कम नहीं सोना चाहिए। सोते समय सोचना नहीं चाहिए जिससे आपका नींद खराब होता है और आप सही सोच भी नहीं पाते हैं क्योंकि आप थके हुए होते हैं।

**इलाज करवाने में देरी ना करें**

लोग अपनी बीमारियों को डालने की कोशिश करता है या फिर अपनी बीमारियों को झूठलाता है कि मुझे यह बीमारी नहीं है इसका चयन स्वयं करें। डॉक्टरी सलाह अवश्य लें समय रहते अगर आप डॉक्टर से मिलते हैं तो आप का इलाज कम खर्च में जल्दी हो जाता है।

विश्व स्वास्थ संगठन के अनुसार आप हर रोज पांच अलग रंग का फल खाएं। संडे हो या मंडे हर दिन एक अंडे कम से कम खाएं। साफ पानी तीन से 5 लीटर हर दिन पीने की कोशिश करें। दूध का इस्तेमाल करें चाय पीने में दूध का इस्तेमाल होना इसे दूध का सेवन नहीं माना जाता है दूध पिए हैं या दूध से बना हुआ खाना खाएं।

**खुश रहने के बहाने खोजें**

सिर्फ अपने आपको कामनाएं वयस्त रखना स्वास्थ्य के लिए हानिकारक है। आप काम भी करें साथ ही साथ खुश रहने के लिए अलग.अलग तरीकों को अपनाएं जैसे खेल कूद में भाग लेना फिल्म देखना अपने मनपसंद दोस्त से मिलना घूमने जाना मजाकिया आदत रखनाए और मनपसंद खाना खाना आदि।

**अपनाएं साफसफाई**

स्वस्थ रहने के लिए हाइजीन का होना बहुत जरूरी है सिर्फअपने आप को साफकरना बहुत बड़ी बात नहीं है। आप जो समान इस्तेमाल करते हैं उसका भी साफहोना उतना ही जरुरी है और जहां पर आपका खाना पकता है उसका भी साफहोना जरूरी है।

# प्राकृतिक सौंदर्य: नारी अपनी असली सुंदरता को स्वयं पहचाने

Disappointment can either become a graveyard for faith or a doorway into deeper faith. The choice lies in how we interpret the moment and where we turn when our hearts are hurting.So, when life does not answer your prayers in the way you expected, do not allow your disappointment to become an argument against God's love. Do not allow Satan to turn one painful experience into a lifetime of doubt. Do not mistake what you cannot understand for something God has ceased to control.Hold on.Pray even when you do not feel like praying. Trust even when you cannot see the reason. Remain close to God even when your heart is asking questions for which you have no immediate answers.Because sometimes, the very disappointment that makes us feel forgotten by God is the experience through which He is quietly preparing us for something we are not yet capable of seeing.

Do not let disappointment take you away from God. Let it teach you to seek Him more deeply. For faith is not the absence of questions; faith is choosing God even when the answers have not yet arrived…..

---




India has so far kept the petrol pumps running despite the turmoil around the Strait of Hormuz, but the claim of 80 days of fuel security masks a thinner strategic cushion Seven months after the US-Israel war on Iran began, the Strait of Hormuz remains a battlefield, not a shipping lane. Brent crude rose to about $107 on Monday after President Donald Trump rejected an Iranian proposal, nearly 50 per cent above its pre-war price. The June 17 memorandum to reopen the strait collapsed, and Houthi strikes on Saudi energy sites have widened the war. In Kolkata that same day, Petroleum Minister Hardeep Puri said India holds over 80 days of fuel and has “insulated” itself from the turbulence. How true is that optimism? Partly.

On supply, the record is creditable: pumps have not run dry, refiners now buy from 41 countries against 27 earlier, Russia has cushioned the loss of Gulf barrels, and Gulf supplies have recovered to roughly three million barrels a day. The 80-day figure, however, flatters. India’s strategic caverns at Visakhapatnam, Mangaluru and Padur hold 5.33 million tonnes at full capacity, about 9.5 days of crude, and were only 64 per cent full in March. The rest is refinery and commercial inventory, working stock rather than emergency reserve. Japan holds around 254 days; China 110 to 140. IEA members must keep 90. India’s Phase-II expansion at Chandikhol and Padur, approved in 2021, is still stuck in land acquisition and tendering. Puri conceded last Thursday: “I cannot say that if the crisis exacerbates, we can still continue.” That is more honest than the headline number. Nor has the insulation come free. The Indian crude basket touched $117 a barrel on September 21, against a 2025-26 average of about $66, while retail petrol and diesel prices have not moved since the May 25 hike. Oil marketing companies are losing roughly `530 crore a day. The April-July crude import bill jumped 57 per cent to $63.4 billion, and Motilal Oswal warns the current account deficit could reach 1.7 per cent of GDP if crude stays above $90. LPG, which Puri himself calls his most critical concern, remains exposed, and Washington’s pressure on buyers of Russian oil threatens the largest single supplier.

What is the way out? Four steps. First, diplomacy. As BRICS chair and a friend to Tehran, Washington and the Gulf alike, India should press for the phased deal negotiators are reportedly exploring, with Hormuz reopened in exchange for the US easing its blockade. Second, stocks. Fill every cavern now, fast-track Chandikhol and Padur, and build LPG and gas storage so 90 days means emergency cover, not accounting. Third, sourcing. Convert spot dependence into long-term contracts with Atlantic-basin suppliers, so Russian crude stays a choice, not a necessity. Fourth, demand. Ethanol, CNG, electric mobility and public transport are the cheapest barrels India will ever find, and prices must reflect costs through staggered pass-through with targeted relief, not an open-ended freeze. Puri says every crisis is an opportunity. It is one only for governments that use it. Eighty days buys time; what India does with that time is the strategic question.

# ਕਿਤਾਬ । ਰੌਸ਼ਨੀ ਦਾ ਸ਼ੀਸ਼ਾ, ਅਤੇ ਵਿਨਾਸ਼ ਦੀ ਯਾਤਰਾ, ਇੱਕ ਵਿਸ਼ੇਸ਼ਤਾ

ਟਿੱਪਣੀਕਾਰ: ਜ਼ਫ਼ਰ ਇਕਬਾਲ ਜ਼ਫ਼ਰ
+92 300 4837173

ਕੀ ਤੁਸੀਂ ਕਦੇ ਸ਼ੀਸ਼ੇ ਵਿੱਚ ਦੇਖਿਆ ਹੈ ਅਤੇ ਇਹ ਮਹਿਸੂਸ ਕੀਤਾ ਹੈ ਕਿ ਤੁਹਾਡੇ ਸਾਹਮਣੇ ਪ੍ਰਤੀਬਿੰਬ ਤੁਹਾਡੀ ਅਸਲੀਅਤ ਨਹੀਂ ਹੈ, ਸਗੋਂ ਸਿਰਫ਼ ਇੱਕ ਅਸਥਾਈ ਸਕੈਚ ਹੈ ? ਜ਼ੈਨਬ ਜਹਾਂਜ਼ੇਬ ਦੀਆਂ ਲਿਖਤਾਂ 'ਤੇ ਆਧਾਰਿਤ ਇਹ ਸਬਕ ਸਾਨੂੰ ਇੱਕ ਰਹੱਸਮਈ ਯਾਤਰਾ ਦੇ ਰਸਤੇ 'ਤੇ ਲੈ ਜਾਂਦਾ ਹੈ ਜਿੱਥੇ ਇੱਕ ਵਿਅਕਤੀ ਆਪਣੀ ਭੌਤਿਕ ਹੋਂਦ ਤੋਂ ਪਰੇ ਜਾਂਦਾ ਹੈ ਅਤੇ ਸੱਚੀ ਰੌਸ਼ਨੀ ਅਤੇ ਵਿਨਾਸ਼ ਦੀ ਮੰਜ਼ਿਲ 'ਤੇ ਪਹੁੰਚਦਾ ਹੈ। ਇਹ ਯਾਤਰਾ ਆਪਣੇ ਆਪ ਨੂੰ ਗੁਆ ਕੇ ਆਪਣੇ ਆਪ ਨੂੰ ਲੱਭਣ ਦੀ ਇੱਕ ਸੁੰਦਰ ਪ੍ਰਕਿਰਿਆ ਹੈ। ਆਪਣੇ ਆਪ ਅਤੇ ਹੋਂਦ ਦੇ ਰਹੱਸਮਈ ਸੰਕਲਪ ਨੂੰ ਸਮਝਣਾ ਅਤੇ ਇਹ ਜਾਣਨਾ ਕਿ ਭੌਤਿਕ ਪ੍ਰਤੀਬਿੰਬ ਸੱਚੀ ਹਕੀਕਤ ਨੂੰ ਕਿਵੇਂ ਲੁਕਾਉਂਦਾ ਹੈ। ਪਰਛਾਵੇਂ (ਨਫਸ-ਏ-ਅਮਾਰਾ) ਦੀ ਅਸਲੀਅਤ ਨੂੰ ਪਛਾਣਨਾ ਅਤੇ ਇਸ ਤੋਂ ਛੁਟਕਾਰਾ ਪਾ ਕੇ ਜਾਗ੍ਰਿਤੀ ਪ੍ਰਾਪਤ ਕਰਨਾ। ਦਰਦ, ਚੁੱਪ ਅਤੇ ਸਬਰ ਨੂੰ ਅਧਿਆਤਮਿਕ ਸਿਖਲਾਈ ਦੇ ਸਭ ਤੋਂ ਮਹੱਤਵਪੂਰਨ ਸਾਧਨ ਵਜੋਂ ਸਮਝਣਾ। ਵਿਨਾਸ਼ ਅਤੇ ਬਚਾਅ ਦੇ ਸਹੀ ਅਰਥ ਸਿੱਖਣਾ, ਜਿੱਥੇ ਫਿੱਕਾ ਪੈਣਾ ਅਸਲ ਵਿੱਚ ਸੰਪੂਰਨਤਾ ਬਣ ਜਾਂਦਾ ਹੈ। ਮਨੁੱਖੀ ਹੋਂਦ ਇੱਕ ਸ਼ੀਸ਼ੇ ਵਾਂਗ ਹੈ, ਪਰ ਭੌਤਿਕ ਸੰਸਾਰ ਦੇ ਰੰਗ ਇਸ ਸ਼ੀਸ਼ੇ 'ਤੇ ਧੁੰਦ ਦੀ ਇੱਕ ਪਰਤ ਬਣਾਉਂਦੇ ਹਨ। ਸੂਫ਼ੀ ਵਿਚਾਰ ਅਨੁਸਾਰ, ਅਸੀਂ ਅਕਸਰ ਆਪਣੇ ਬਾਹਰੀ ਪ੍ਰਤੀਬਿੰਬ ਨੂੰ ਆਪਣਾ ਸੱਚਾ ਸਵੈ ਮੰਨਦੇ ਹਾਂ, ਭਾਵੇਂ ਇਹ ਸਾਡੇ ਅਸਲੀ ਚਿਹਰੇ ਦਾ ਇੱਕ ਅਸਥਾਈ ਅਤੇ ਧੁੰਦਲਾ ਪ੍ਰਤੀਬਿੰਬ ਹੁੰਦਾ ਹੈ। ਜਦੋਂ ਕੋਈ ਵਿਅਕਤੀ ਆਪਣੇ ਅੰਦਰੂਨੀ ਸਵੈ ਵੱਲ ਯਾਤਰਾ ਕਰਦਾ ਹੈ, ਤਾਂ ਉਸਨੂੰ ਪਹਿਲਾਂ ਆਪਣੇ 'ਪਰਛਾਵੇਂ', ਅਚੇਤ ਸਵੈ ਦਾ ਸਾਹਮਣਾ ਕਰਨਾ ਪੈਂਦਾ ਹੈ। ਸੂਫ਼ੀ ਕਹਿੰਦੇ ਹਨ ਕਿ ਇਹ ਪਰਛਾਵਾਂ ਅਸਲ ਵਿੱਚ ਹਨੇਰੇ ਦਾ ਉਹ ਹਿੱਸਾ ਹੈ ਜਿੱਥੇ ਰੌਸ਼ਨੀ ਨਹੀਂ ਪਹੁੰਚ ਸਕਦੀ। ਜਦੋਂ ਤੱਕ ਕੋਈ ਵਿਅਕਤੀ ਆਪਣੇ ਇਸ ਪਰਛਾਵੇਂ ਨੂੰ ਸਵੀਕਾਰ ਨਹੀਂ ਕਰਦਾ ਅਤੇ ਇਸਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਕਰਦਾ, ਗਿਆਨ ਦੀ ਯਾਤਰਾ ਸ਼ੁਰੂ ਨਹੀਂ ਹੋ ਸਕਦੀ। ਸੁਪਨੇ ਵਿੱਚ ਜਾਗਦੀ ਅੱਖ ਅਸਲ ਵਿੱਚ ਅੰਦਰੂਨੀ ਜਾਗ੍ਰਿਤੀ ਲਈ ਇੱਕ ਰੂਪਕ ਹੈ, ਜਿੱਥੇ ਸਰੀਰ ਸੌਂ ਜਾਂਦਾ ਹੈ ਪਰ ਆਤਮਾ ਜਾਗਦੀ ਹੈ। ਇੱਕ ਇੰਟਰਐਕਟਿਵ ਮਨ ਨਕਸ਼ਾ ਜੋ ਮਨੁੱਖੀ ਸਵੈ, ਅਚੇਤ ਸਵੈ (ਪਰਛਾਵੇਂ), ਅਤੇ ਅੰਦਰੂਨੀ ਜਾਗ੍ਰਿਤੀ (ਸੁਪਨੇ ਵਿੱਚ ਜਾਗਦੀ ਅੱਖ) ਵਿਚਕਾਰ ਆਪਸੀ ਸਬੰਧਾਂ ਨੂੰ ਸਪੱਸ਼ਟ ਕਰਦਾ ਹੈ।

ਰੌਸ਼ਨੀ ਅਤੇ ਬ੍ਰਹਮ ਹਕੀਕਤ। ਰੌਸ਼ਨੀ ਹਮੇਸ਼ਾ ਹਨੇਰੇ ਤੋਂ ਪੈਦਾ ਹੁੰਦੀ ਹੈ। ਸੂਫ਼ੀਵਾਦ ਦੇ ਅਨੁਸਾਰ, ਹਨੇਰਾ ਰੌਸ਼ਨੀ ਦਾ ਦੁਸ਼ਮਣ ਨਹੀਂ ਹੈ, ਸਗੋਂ ਚੁੱਪ ਇਕਾਂਤ ਹੈ ਜਿੱਥੇ ਰੌਸ਼ਨੀ ਆਪਣੀ ਹੋਂਦ ਬਾਰੇ ਜਾਗਰੂਕਤਾ ਪਾਉਂਦੀ ਹੈ। ਜਦੋਂ ਕੋਈ ਵਿਅਕਤੀ, ਦੁਨੀਆ ਦੀਆਂ ਬਾਹਰੀ ਰੌਸ਼ਨੀਆਂ ਤੋਂ ਥੱਕਿਆ ਹੋਇਆ, ਆਪਣੇ ਅੰਦਰੂਨੀ ਸਵੈ ਦੇ ਹਨੇਰੇ ਵਿੱਚ ਉਤਰਦਾ ਹੈ, ਤਾਂ ਉਸਨੂੰ ਸੱਚੀ ਰੌਸ਼ਨੀ ਮਿਲਦੀ ਹੈ। ਪਹਿਲੇ ਪਿਆਰ ਦੀ ਗੂੰਜ ਬ੍ਰਹਿਮੰਡ ਦੀ ਸਿਰਜਣਾ ਦਾ ਮੂਲ ਰਾਜ਼ ਹੈ। ਸੋਫੀਆ ਕਹਿੰਦੀ ਹੈ ਕਿ ਪਰਮਾਤਮਾ ਇੱਕ ਛੁਪਿਆ ਹੋਇਆ ਖਜ਼ਾਨਾ ਸੀ, ਜਿਸਨੇ ਬ੍ਰਹਿਮੰਡ ਨੂੰ ਆਪਣੀ ਪਛਾਣ ਲਈ ਬਣਾਇਆ। ਜਦੋਂ ਕੋਈ ਵਿਅਕਤੀ ਆਪਣੇ ਅੰਦਰ ਡੂੰਘਾਈ ਨਾਲ ਉਤਰਦਾ ਹੈ ਅਤੇ 'ਲਾ ਮਾਕਨ' ਦੀ ਰੌਸ਼ਨੀ ਨੂੰ ਢੂੰਡਦਾ ਹੈ, ਤਾਂ ਉਸ ਨੂੰ ਇਹ ਰਾਜ਼ ਖੁੱਲ੍ਹ ਜਾਂਦਾ ਹੈ ਕਿ ਉਹ ਰੌਸ਼ਨੀ ਕਿਤੇ ਬਾਹਰ ਨਹੀਂ ਸੀ, ਸਗੋਂ ਉਸਦੇ ਆਪਣੇ ਦਿਲ ਦੇ ਬਾਥਰੂਮ ਵਿੱਚ ਮੌਜੂਦ ਸੀ। ਅੱਖਾਂ ਦੇ ਪਿੱਛੇ ਇੱਕ ਦੁਨੀਆਂ ਵੀ ਹੈ, ਜੋ ਬਾਹਰੀ ਦੁਨੀਆਂ ਨਾਲੋਂ ਕਿਤੇ ਜ਼ਿਆਦਾ ਅਸਲੀ ਅਤੇ ਵਿਸ਼ਾਲ ਹੈ। ਬਾਹਰੀ ਤੋਂ ਅੰਦਰੂਨੀ ਤੱਕ ਦੀ ਯਾਤਰਾ। ਇੱਕ ਸਲਾਈਡ ਪੇਸ਼ਕਾਰੀ ਜੋ ਚਿੱਤਰਾਂ ਅਤੇ ਮਹੱਤਵਪੂਰਨ ਬਿੰਦੂਆਂ ਰਾਹੀਂ ਭੌਤਿਕ ਸੰਸਾਰ ਦੇ ਬਾਹਰੀ ਦ੍ਰਿਸ਼ਟੀਕੋਣ ਤੋਂ ਅੰਦਰ ਦੀ ਸੱਚੀ ਸਮਝ ਅਤੇ 'ਲਾ ਮਾਕਨ ਦੀ ਰੌਸ਼ਨੀ' ਤੱਕ ਪਹੁੰਚਣ ਦੇ ਪੜਾਵਾਂ ਦੀ ਵਿਆਖਿਆ ਕਰਦੀ ਹੈ। ਦਰਦ, ਧੀਰਜ ਅਤੇ ਵਿਵਹਾਰ। ਮਨੁੱਖੀ ਜੀਵਨ ਵਿੱਚ ਦੁੱਖ ਅਤੇ ਦਰਦ ਸਿਰਫ਼ ਮੁਸੀਬਤਾਂ ਨਹੀਂ ਹਨ, ਸਗੋਂ ਆਤਮਾ ਦੀ ਸ਼ੁੱਧਤਾ ਅਤੇ ਅਧਿਆਤਮਿਕ ਸਿਖਲਾਈ ਦਾ ਸਰੋਤ ਹਨ। ਮੁਸਕਰਾਉਂਦੇ ਚਿਹਰਿਆਂ ਦੇ ਪਿੱਛੇ, ਅਕਸਰ ਡੂੰਘੇ ਤੂਫਾਨ ਛੁਪੇ ਹੁੰਦੇ ਹਨ, ਅਤੇ ਸੂਫੀ ਵਿਵਹਾਰ ਵਿੱਚ, ਇਹ ਦਰਦ ਪੂਜਾ ਬਣ ਜਾਂਦਾ ਹੈ ਜਦੋਂ ਇਸਨੂੰ ਚੁੱਪਚਾਪ ਸਵੀਕਾਰ ਕੀਤਾ ਜਾਂਦਾ ਹੈ। ਧੀਰਜ ਦਾ ਮਤਲਬ ਮਜਬੂਰੀ ਵਿੱਚ ਸਮੇਂ ਨੂੰ ਸਹਿਣਾ ਨਹੀਂ ਹੈ, ਸਗੋਂ ਆਪਣੇ ਆਪ ਨੂੰ ਸਮੇਂ ਦੇ ਅੱਗੇ ਸਮਰਪਣ ਕਰਨਾ ਹੈ। ਜਦੋਂ ਕੋਈ ਵਿਅਕਤੀ ਸ਼ਿਕਾਇਤ ਕਰਨਾ ਬੰਦ ਕਰ ਦਿੰਦਾ ਹੈ, ਤਾਂ ਉਸਦਾ ਦਿਲ ਅਧੀਨਗੀ ਅਤੇ ਸੰਤੁਸ਼ਟੀ ਦਾ ਪੰਘੂੜਾ ਬਣ ਜਾਂਦਾ ਹੈ। ਜਦੋਂ ਦਿਲ ਇੱਕ ਤੀਰਥ ਬਣ ਜਾਂਦਾ ਹੈ, ਤਾਂ ਹਰ ਤਰ੍ਹਾਂ ਦਾ ਹੰਕਾਰ ਅਤੇ ਲਾਲਚ ਉੱਥੋਂ ਅਲੋਪ ਹੋ ਜਾਂਦਾ ਹੈ ਅਤੇ ਇੱਕ ਵਿਅਕਤੀ ਆਪਣੀਆਂ ਹਾਰਾਂ ਵਿੱਚ ਵੀ ਬ੍ਰਹਮ ਗਿਆਨ ਪ੍ਰਾਪਤ ਕਰਦਾ ਹੈ। ਚੁੱਪ ਵਿੱਚ ਆਤਮਾ ਦਾ ਨਾਚ ਅਸਲ ਵਿੱਚ ਉਹ ਅਵਸਥਾ ਹੈ ਜਿੱਥੇ ਸ਼ਬਦ ਅਲੋਪ ਹੋ ਜਾਂਦੇ ਹਨ ਅਤੇ ਸਿਰਫ਼ ਪਰਮਾਤਮਾ ਦੀ ਮੌਜੂਦਗੀ ਦੀ ਭਾਵਨਾ ਰਹਿੰਦੀ ਹੈ। ਦਰਦ ਅਤੇ ਧੀਰਜ ਦਾ ਸੂਫੀ ਮਹੱਤਵ। ਇੱਕ ਆਡੀਓ ਗੱਲਬਾਤ ਜੋ ਇਸ ਗੱਲ 'ਤੇ ਚਰਚਾ ਕਰਦੀ ਹੈ ਕਿ ਕਿਵੇਂ ਦਰਦ, ਦੁੱਖ ਅਤੇ ਧੀਰਜ ਨੂੰ ਮਨੁੱਖੀ ਆਤਮਾ ਨੂੰ ਸ਼ੁੱਧ ਕਰਨ ਅਤੇ ਸੂਫੀ ਪਰੰਪਰਾ ਵਿੱਚ ਬ੍ਰਹਮ ਨੇੜਤਾ ਪ੍ਰਾਪਤ ਕਰਨ ਲਈ ਸਾਧਨਾਂ ਵਜੋਂ ਦੇਖਿਆ ਜਾਂਦਾ ਹੈ। ਸੰਪਰਕ, ਸਮਝ ਅਤੇ ਵਿਨਾਸ਼। ਸੂਫੀ ਯਾਤਰਾ ਦੀ ਅੰਤਮ ਅਤੇ ਉੱਚੀ ਮੰਜ਼ਿਲ 'ਵਿਨਾਸ਼' ਹੈ। ਵਿਨਾਸ਼ ਦਾ ਅਰਥ ਸਰੀਰਕ ਮੌਤ ਨਹੀਂ ਹੈ, ਸਗੋਂ ਆਪਣੇ ਅੰਦਰਲੇ ਹਉਮੈ, ਹੰਕਾਰ ਅਤੇ 'ਮੈਂ' ਦਾ ਖਾਤਮਾ ਹੈ। ਜਦੋਂ ਕਿਸੇ ਵਿਅਕਤੀ ਦਾ ਅੰਦਰੂਨੀ ਸਵੈ ਪੂਰੀ ਤਰ੍ਹਾਂ ਨਸ਼ਟ ਹੋ ਜਾਂਦਾ ਹੈ, ਤਾਂ ਉਹ ਨਾਸ਼ ਨਹੀਂ ਹੁੰਦਾ ਸਗੋਂ 'ਹਮੇਸ਼ਾ ਲਈ' ਰਹਿੰਦਾ ਹੈ। ਇਸ ਪੜਾਅ 'ਤੇ ਪਹੁੰਚਣ ਤੋਂ ਬਾਅਦ, ਇੱਕ ਵਿਅਕਤੀ ਪੁਕਾਰਦਾ ਹੈ: 'ਮੈਂ ਨਾਸ਼ ਨਹੀਂ ਹੋਇਆ, ਮੈਂ ਸੰਪੂਰਨ ਹਾਂ'। ਜਦੋਂ ਇੱਕ ਬੂੰਦ ਸਮੁੰਦਰ ਵਿੱਚ ਮਿਲ ਜਾਂਦੀ ਹੈ, ਤਾਂ ਇਹ ਹੁਣ ਇੱਕ ਬੂੰਦ ਨਹੀਂ ਰਹਿੰਦੀ ਸਗੋਂ ਸਮੁੰਦਰ ਬਣ ਜਾਂਦੀ ਹੈ। ਬ੍ਰਹਿਮੰਡ ਇੱਕ ਵਿਅਕਤੀ ਦੇ ਅੰਦਰ ਸੰਘਣਾ ਹੋ ਜਾਂਦਾ ਹੈ ਅਤੇ ਸਮੇਂ ਦੀਆਂ ਦੂਰੀਆਂ ਮਿਟ ਜਾਂਦੀਆਂ ਹਨ।

ਸੂਫ਼ੀ ਲਈ, ਇਹ ਛੋਹ ਅਮਰਤਾ ਅਤੇ ਸਦੀਵੀ ਸ਼ਾਂਤੀ ਵੱਲ ਲੈ ਜਾਂਦੀ ਹੈ ਜਿੱਥੇ ਉਹ ਖੁਦ ਪ੍ਰਕਾਸ਼ ਬਣ ਜਾਂਦਾ ਹੈ ਅਤੇ ਬ੍ਰਹਿਮੰਡ ਦੇ ਹਰ ਕਣ ਵਿੱਚ ਪਰਮਾਤਮਾ ਦੇ ਪ੍ਰਗਟਾਵੇ ਨੂੰ ਵੇਖਦਾ ਹੈ।: ਸਾਡਾ ਭੌਤਿਕ ਹੋਂਦ ਅਤੇ ਬਾਹਰੀ ਪ੍ਰਤੀਬਿੰਬ ਅਸਲੀ ਨਹੀਂ ਹਨ, ਪਰ ਅਸਲ ਸੱਚ ਅੰਦਰੋਂ ਛੁਪਿਆ ਹੋਇਆ ਹੈ। ਆਪਣੇ ਆਪ ਅਤੇ ਪਰਛਾਵੇਂ ਦਾ ਸਾਹਮਣਾ ਕਰਨਾ ਗਿਆਨ ਅਤੇ ਅੰਦਰੂਨੀ ਜਾਗਰਣ ਵੱਲ ਪਹਿਲਾ ਕਦਮ ਹੈ। ਆਤਮਾ ਦੀ ਸਿਖਲਾਈ ਲਈ ਦਰਦ, ਧੀਰਜ ਅਤੇ ਚੁੱਪ ਜ਼ਰੂਰੀ ਹਨ, ਜੋ ਮਨੁੱਖ ਨੂੰ ਅਧੀਨਗੀ ਅਤੇ ਸੰਤੁਸ਼ਟੀ ਦਾ ਸਬਕ ਸਿਖਾਉਂਦੇ ਹਨ। ਵਿਨਾਸ਼ ਦਾ ਅਸਲ ਸੰਕਲਪ ਆਪਣੇ ਹਉਮੈ ਨੂੰ ਮਿਟਾਉਣਾ ਅਤੇ ਬ੍ਰਹਮ ਸੱਚ ਨਾਲ ਅਭੇਦ ਹੋਣਾ ਹੈ, ਜੋ ਮਨੁੱਖ ਨੂੰ ਸੱਚਮੁੱਚ ਸੰਪੂਰਨ ਬਣਾਉਂਦਾ ਹੈ।

ਇਸ ਸਾਰੀ ਅਧਿਆਤਮਿਕ ਜਾਣਕਾਰੀ ਦਾ ਇੱਕ ਛੋਟਾ ਜਿਹਾ ਹਿੱਸਾ ਜੋ ਤੁਹਾਡੇ ਮਨ ਵਿੱਚ ਆਇਆ ਹੈ, ਜ਼ੈਨਬ ਜਹਾਂਜ਼ੇਬ ਦੀ ਕਿਤਾਬ, ਆਈਨਾ ਰੋਸ਼ਨੀ, ਅਤੇ ਫਨਾ ਕਾ ਸਫ਼ਰ ਤੋਂ ਲਿਆ ਗਿਆ ਹੈ। ਜੇਕਰ ਤੁਸੀਂ ਪਰਮਾਤਮਾ ਦੇ ਅਧਿਆਤਮਿਕ ਸੰਸਾਰਾਂ ਵਿੱਚ ਸੁਤੰਤਰ ਤੌਰ 'ਤੇ ਉੱਡਣਾ ਚਾਹੁੰਦੇ ਹੋ, ਤਾਂ ਕਿਤਾਬ, ਆਈਨਾ ਰੋਸ਼ਨੀ, ਅਤੇ ਫਨਾ ਕਾ ਸਫ਼ਰ, ਨੇ ਤੁਹਾਨੂੰ ਨਾ ਸਿਰਫ਼ ਉੱਡਣ ਲਈ ਖੰਭ ਦਿੱਤੇ ਹਨ, ਸਗੋਂ ਤੁਹਾਨੂੰ ਸਵਰਗਾਂ ਦੇ ਮਾਰਗਾਂ 'ਤੇ ਵੀ ਮਾਰਗਦਰਸ਼ਨ ਕੀਤਾ ਹੈ। ਇਹ ਇੱਕ ਅਜਿਹਾ ਯੁੱਗ ਹੈ ਜਿਸ ਵਿੱਚ ਮਨੁੱਖ ਮਨੁੱਖ ਤੱਕ ਪਹੁੰਚਣ ਦੇ ਯੋਗ ਨਹੀਂ ਹੈ, ਇਸ ਲਈ ਇੱਕ ਕਿਤਾਬ ਵਿੱਚ ਮਨੁੱਖ ਨੂੰ ਪਰਮਾਤਮਾ ਤੱਕ ਪਹੁੰਚਣ ਦਾ ਰਸਤਾ ਅਤੇ ਤਰੀਕਾ ਪ੍ਰਦਾਨ ਕਰਨਾ ਕੋਈ ਛੋਟਾ ਕੰਮ ਨਹੀਂ ਹੈ। ਜ਼ੈਨਬ ਜਹਾਂਜ਼ੇਬ ਦੀ ਇਹ ਕਿਤਾਬ ਉਹ ਕਿਤਾਬ ਹੈ ਜੋ ਹਰ ਬੱਚੇ ਵਾਲੇ ਆਦਮੀ ਨੂੰ ਆਪਣੇ ਸਿਰਹਾਣੇ ਹੇਠ ਰੱਖਣੀ ਚਾਹੀਦੀ ਹੈ।

# ਪੰਜਾਬੀ ਲੋਕ ਗਾਇਕੀ ਦੀ ਬੁਲੰਦ ਆਵਾਜ਼ :- ਲਾਭ ਹੀਰਾ

ਸਰੂਪ ਸਿੰਘ, ਚੌਧਰੀ ਮਾਜਰਾ
99886-27880

ਲਾਭ ਹੀਰਾ ਪੰਜਾਬੀ ਗਾਇਕੀ ਦਾ ਇੱਕ ਧੜੱਲੇਦਾਰ ਗਵੱਈਆ ਹੈ ਜੋ ਮਾਨਸਾ ਜ਼ਿਲ੍ਹੇ ਦੀ ਤਹਿਸੀਲ ਬੁਢਲਾਡਾ ਦੇ ਪਿੰਡ ਅਚਾਣਕ (ਚਾਣਕ) ਵਿਚ ਪਿਤਾ ਸ੍ਰ. ਭਜਨ ਸਿੰਘ ਮਾਤਾ ਬੀਰੋ ਦੀ ਕੁੱਖੋਂ 2 ਜੂਨ 1971 ਨੂੰ ਇੱਕ ਸਾਧਾਰਨ ਪਰਿਵਾਰ ਵਿਚ ਪੈਦਾ ਹੋਇਆ। ਭੈਣ-ਭਰਾਵਾਂ ਤੋਂ ਸਭ ਤੋਂ ਛੋਟੇ ਲਾਭ ਨੇ ਬੁਢਲਾਡੇ ਦੇ ਗੁਰੂ ਨਾਨਕ ਕਾਲਜ ਤੋਂ ਉੱਚ ਪੱਧਰੀ ਸਿੱਖਿਆ ਗ੍ਰਹਿਣ ਕੀਤੀ। ਬਚਪਨ ਵਿਚ ਮੁੱਢਲੀ ਪੜ੍ਹਾਈ ਕਰਦਿਆਂ ਲਾਭ ਨੇ ਇੱਕ ਗੀਤ ਲਿਖਿਆ ਜਿਸ ਨੂੰ ਮਾਸਟਰ ਹਰਿੰਦਰ ਸ਼ਰਮਾ ਨੇ ਅਕਾਲੀ ਪੱਤ੍ਰਿਕਾ ਅਖ਼ਬਾਰ ਵਿਚ ਪ੍ਰਕਾਸ਼ਿਤ ਕਰਵਾਇਆ।ਜਿਸ ਦੇ ਮਿਲੇ ਹੁੰਗਾਰੇ ਨੇ ਇਸਨੂੰ ਹੋਰ ਵੀ ਆਪਣੇ ਦਿਲੀ ਜਜ਼ਬਾਤਾਂ ਨੂੰ ਕਾਪੀ ਤੇ ਚੀਰਟਣ ਲਈ ਪ੍ਰੇਰਿਤ ਕੀਤਾ। ਹੌਲੀ ਹੌਲੀ ਉਹ ਇੱਕ ਗੀਤਕਾਰ ਦੇ ਨਾਲ ਨਾਲ ਸਫ਼ਲ ਗਾਇਕ ਵਜੋਂ ਵੀ ਸੰਗੀਤਕ ਇੰਡਸਟਰੀ ਵਿਚ ਉੱਭਰ ਕੇ ਸਾਹਮਣੇ ਆਇਆ।ਉਸਦੀ ਆਵਾਜ਼ ਅਤੇ ਸ਼ਬਦਾਵਲੀ ਤੋਂ ਪ੍ਰਭਾਵਿਤ ਹੋ ਕੇ ਬੰਗਾ ਦੇ ਪ੍ਰਾਇਮਰੀ ਸਕੂਲ ਦੇ ਅਧਿਆਪਕ ਸ੍ਰੀ ਸ਼ਾਮ ਲਾਲ ਮਲਹੋਤਰਾ ਜੀ ਨੇ ਲਾਭ ਹੀਰੇ ਦੇ ਨਾਂ ਦਾ ਨਾਮਕਰਨ ਕਰਿਆ।ਬਚਪਨ ਵਿਚ ਪੁਰਾਤਨ ਗਾਇਕੀ ਦੇ ਸੀਨੀਅਰ ਗਾਇਕਾਂ ਤੋਂ ਪ੍ਰਭਾਵਿਤ ਹੋ ਕੇ ਲਾਭ ਇਸ ਖੇਤਰ ਵਿਚ ਆਇਆ।ਜਿਸਨੇ ਆਪਣੀ ਗਾਇਕੀ ਦੇ ਦਮ ਤੇ ਉੱਚ ਪੱਧਰੀ ਮੁਕਾਮ ਹਾਸਲ ਕੀਤਾ। ਇਸ ਮੁਕਾਮ ਤੱਕ ਪਹੁੰਚਣ ਲਈ ਉਸਨੇ ਆਪਣੀ ਗ਼ਰੀਬ ਜ਼ਿੰਦਗੀ ਨਾਲ ਬੜਾ ਹੀ ਮਿਹਨਤਕਸ਼ ਸੰਘਰਸ਼ ਕੀਤਾ। ਸ਼ੁਰੂਆਤੀ ਦੇ ਦਿਨਾਂ ਵਿਚ ਤਾਂ ਕਈ ਵਾਰ ਉਹ ਆਪਣੇ ਰਹਿਣ ਬਸੇਰੇ ਲਈ ਵੀ ਅਸਮਰੱਥ ਰਿਹਾ। ਸੰਗੀਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਬਣਾਉਣ ਵਾਲਾ ਲਾਭ ਹੀਰਾ ਖਾਸ ਕਰਕੇ ਆਪਣੇ ਸਾਫ਼-ਸੁਥਰੇ ਅਖਾੜਿਆਂ, ਲੋਕ ਤੱਥਾਂ ਅਤੇ ਦਰਦ ਭਰੇ ਗੀਤਾਂ ਲਈ ਜਾਣੇ ਜਾਂਦੇ ਹਨ। ਉਨ੍ਹਾਂ ਦੀ ਆਵਾਜ਼ ਵਿੱਚ ਪੰਜਾਬ ਦੀ ਮਿੱਟੀ ਅਤੇ ਲੋਕ-ਰੰਗ ਦੀ ਖੁਸ਼ਬੂ ਮਹਿਸੂਸ ਹੁੰਦੀ ਹੈ। ਲੋਕ-ਗੀਤਾਂ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੀ ਗਾਇਕੀ ਨੇ ਉਨ੍ਹਾਂ ਨੂੰ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਉਨ੍ਹਾਂ ਨੂੰ ਇੱਕ 'ਉਸਤਾਦ' ਵਜੋਂ ਨਿਵਾਜਿਆ ਹੈ। ਬੁਲੰਦੀਆਂ ਦੀਆਂ ਸਿਖਰਾਂ ਨੂੰ ਛੋਹਣ ਲਈ ਕਿਸੇ ਵੀ ਕਲਾਕਾਰ ਪਿੱਛੇ ਉਸ ਦੀ ਸਖ਼ਤ ਮਿਹਨਤ ਦਾ ਹੱਥ ਹੁੰਦਾ ਹੈ ।ਆਪਣੀ ਵਿਲੱਖਣ ਅਵਾਜ਼ ਦੀ ਖਿੱਚ ਅਤੇ ਡੂੰਘੇ ਬੋਲਾਂ ਕਰਕੇ ਜਾਣੇ ਜਾਂਦੇ ਲਾਭ ਹੀਰੇ ਨੇ ਸੰਗੀਤ ਜਗਤ ਨੂੰ ਕਈ ਸੁਪਰਹਿੱਟ ਗੀਤ ਦਿੱਤੇ ਹਨ ਜੋ ਲੋਕਾਂ ਸਿਰ ਚੜ੍ਹ ਬੋਲਦੇ ਹਨ। ਸਾਲ 1994-95 ਤੋਂ ਆਪਣੀ ਗਾਇਕੀ ਦੀ ਸ਼ੁਰੂਆਤ ਕਰਨ ਵਾਲੇ ਲਾਭ ਹੀਰੇ ਨੇ ਆਪਣੀ ਗਾਇਕੀ ਦਾ ਇੱਕ ਵਿੱਲਖਣ ਇਤਿਹਾਸ ਸਿਰਜਿਆ ਜੋ ਜੱਗ ਜ਼ਾਹਰ ਹੈ। ਉਸ ਦੀਆਂ ਆਈਆਂ ਕੈਸਿਟਾਂ/ਐਲਬਮਾਂ ਆਪਣੀ ਕਾਬਲੀਅਤ ਨੂੰ ਦਰਸਾਉਂਦੀਹਨ ਜਿਵੇਂ ਕਿ:-ਖੜੀ ਟੇਂਸ਼ਨ ਤੇ ਰਹਿਗੀ, ਨਾ ਵੇ ਸੱਜਣਾ ਨਾ, ਦੁੱਖ ਟੁੱਟੀ ਯਾਰੀ ਦਾ, ਮਾਫ਼ ਕਰੀਂ ਸੱਜਣਾ, ਰਾਤ ਗੁਜ਼ਰਦੀ ਠੇਕੇ ਤੇ, ਮਸਤੀ ਲਾਭ ਹੀਰੇ ਦੀ, ਮਤਲਬੀ ਯਾਰ,ਇਸ਼ਕੇ ਦੀ ਮਾਰ,ਨਤੀਜਾ ਆਪੇ ਦੇਖਗਾ ਚੜਦਾ ਸੀ ਜੰਨ ਹੱਸਕੇ, ਲੱਗੀ ਪੜ੍ਹਨ ਪਟਿਆਲੇ, ਗੱਭਰੂ ਦਾ ਦਿਲ ਰੋ ਪਿਆ,ਬਹੁਤ ਦੁੱਖੀ ਹਾਂ ਸੱਜਣਾਂ,ਗਲ ਲੱਗ ਜਾ ਹਾਣੀਆਂ,ਕੁੜੀ ਕਿੱਥੋਂ ਖੈਰ ਕਰੂੰ,ਰੱਬ ਨਾ ਵਿਛੋੜੇ ਪਾਵੇ, ਮਸਤੀ ਭਰਿਆ ਅਖਾੜਿਆਂ ਸਮੇਤ ਉਸ ਦੀਆਂ ਆਈਆਂ ਧਾਰਮਿਕ ਕੈਸਟਾਂ ਦੇ ਪੁੱਤਰਾ ਦੀਆਂ ਦਾਤਾਂ, ਅੰਮ੍ਰਿਤ ਵੇਲਾ,ਬਾਬਾ ਨਾਨਕ, ਕਹਿੰਦੇ ਨੇ ਲਾਲ ਗੁਰਾਂ ਦੇ,ਜੁਗ ਜੁਗ ਜੀਵੇ ਵਰਗੀਆਂ ਵੀ ਉਸ ਕਾਬਲੀਅਤ ਨੂੰ ਦਰਸਾਉਂਦੀਆਂ ਹਨ।ਸਾਦਗੀ, ਲੋਕ-ਰੰਗ ਅਤੇ ਦਿਲ ਨੂੰ ਛੂਹਣ ਵਾਲੀ ਗਾਇਕੀ ਦੇ ਨਾਲ ਲੰਮੇ ਅਰਸੇ ਤੋਂ ਗਾਇਕੀ ਦੇ ਖੇਤਰ ਚ ਧਾਂਕ ਜਮਾਈ ਬੈਠੇ ਖੁੱਲ੍ਹੇ ਅਖਾੜਿਆਂ ਦੇ ਬਾਦਸ਼ਾਹ ਲਾਭ ਹੀਰਾ ਆਪਣੀ ਜੋਸ਼ੀਲੀ ਤੇ ਬੁਲੰਦ ਆਵਾਜ਼ ਦੇ ਨਾਲ ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰ ਰਿਹਾ ਹੈ। ਜੇ ਅਸੀਂ ਇਸ ਨੂੰ ਅਖਾੜਿਆਂ ਦਾ ਮੋਹਰੀ ਗਾਇਕ ਕਹਿ ਦਈਏ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿਉਂਕਿ ਪੰਜਾਬ ਦੇ ਪਿੰਡਾਂ/ਸ਼ਹਿਰਾਂ ਚ ਲੱਗਣ ਵਾਲੇ ਮੇਲਿਆਂ ਤੇ ਅਖਾੜਿਆਂ ਵਿਚ ਸਭ ਤੋਂ ਵੱਧ ਦੇਖਿਆ/ਸੁਣਿਆ ਜਾਂਦਾ ਹੈ। ਅੱਜ ਵੀ ਇਸ ਕੋਲ ਅਖਾੜਿਆਂ ਦੀ ਭਰਮਾਰ ਹੈ।ਪੰਜਾਬੀ ਲੋਕ ਗਾਇਕੀ ਦੀ ਬੁਲੰਦ ਆਵਾਜ਼ ਨੇ ਪਿੰਡਾਂ ਦੀ ਮਿੱਟੀ ਦੀ ਖੁਸ਼ਬੂ ਨੂੰ ਆਪਣੇ ਸਾਫ਼-ਸੁਥਰੇ ਗੀਤਾਂ,ਲੋਕ ਤੱਥਾਂ ਦੇ ਨਾਲ ਵਿਦੇਸ਼ਾਂ ਦੀ ਧਰਤੀ ਤੇ ਲੱਗਣ ਵਾਲੇ ਖੁੱਲ੍ਹੇ ਅਖਾੜਿਆਂ ਵਿੱਚ ਜਿਉਂਦਾ ਰੱਖਿਆ ਹੈ। ਪੰਜਾਬੀ ਲੋਕ-ਗਾਇਕੀ ਦੇ ਇਸ ਹੀਰੇ ਨੇ ਆਪਣੀ ਮਿਹਨਤ ਦੇ ਨਾਲ ਸੰਗੀਤ ਜਗਤ ਵਿੱਚ ਆਪਣੀ ਇੱਕ ਜਿਹੀ ਪਛਾਣ ਬਣਾਈ ਕਿ ਉਹ ਅੱਜ ਆਪਣੀ ਗਾਇਕੀ ਤੋਂ ਇਲਾਵਾ ਪੰਜਾਬੀ ਫਿਲਮਾਂ ਵਿਚ ਆਪਣੇ ਖੁੱਲ੍ਹੇ ਅਖਾੜਿਆਂ ਦੇ ਨਾਲ ਫਿਲਮਾਂਕਣ ਕਰ ਚੁੱਕਾ ਹੈ।ਰੇਤੇ ਦੀ ਤਪਸ਼ ਤੇ ਸਰਕੜਿਆਂ ਦੀ ਸਰਸਰਾਹਟ ਦੇ ਵਾਂਗ ਆਪਣੀ ਗਾਇਕੀ ਦੀ ਹਨੇਰੀ ਲਿਆਉਣ ਵਾਲਾ ਲਾਭ ਹੀਰਾ ਪੰਜਾਬੀ ਸੰਗੀਤ ਵਿਚ ਇੱਕ ਸਤਿਕਾਰਤ ਗਾਇਕ ਦੀ ਪਛਾਣ ਰੱਖਦਾ ਹੈ। ਉਸਦੀ ਗਾਇਕੀ ਵਿਚਲੀ ਹਕੀਕਤ ਪੇਂਡੂ ਸੱਭਿਅਤਾ ਤੇ ਅਜੋਕੇ ਸਮਾਜਿਕ ਵਰਤਾਰੇ ਦੀ ਤਸਵੀਰ ਪੇਸ਼ ਕਰਦੀ ਹੈ। ਦਹਾਕਿਆਂ ਤੋਂ ਹਰ ਵਰਗ ਦੇ ਸਰੋਤੇ ਉਸ ਦੀ ਗਾਇਕੀ ਦਾ ਆਨੰਦ ਮਾਣਦੇ ਆ ਰਹੇ ਹਨ। ਚੜ੍ਹਦੇ ਪੰਜਾਬ ਦੇ ਇਸ ਗਵੱਈਏ ਦੀ ਗਾਇਕੀ ਅਤੇ ਗੀਤਕਾਰੀ ਵਿੱਚੋਂ ਸਮਾਜਿਕ ਸੱਚਾਈਆਂ ਅਤੇ ਸੱਭਿਆਚਾਰਕ ਰੰਗ ਦੇਖਣ ਨੂੰ ਮਿਲਦਾ ਹੈ।ਲੋਕ ਗਾਇਕ ਲਾਭ ਹੀਰਾ ਚੜ੍ਹਦੇ ਪੰਜਾਬ ਦੇ ਪ੍ਰਸਿੱਧ ਪੰਜਾਬੀ ਗਾਇਕ ਅਤੇ ਗੀਤਕਾਰ ਹਨ।




ਪੰਜਾਬ ਦੇ ਇਸ ਪ੍ਰਸਿੱਧ ਗਾਇਕ ਤੇ ਗੀਤਕਾਰ ਨੇ ਆਪਣੇ ਗੀਤਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਨਾਮੀ ਗੀਤਕਾਰਾਂ ਦੇ ਗੀਤਾਂ ਨੂੰ ਗਾਇਆ ਜਿਵੇਂ ਕਿ:-ਰਮੇਸ਼ ਬਰੇਟਿਆ ਵਾਲਾ, ਬਿੰਦਰ ਅਕੋਈ ਵਾਲਾ, ਸੁਖਵਿੰਦਰ ਧਾਲੀਵਾਲ, ਅਵਿਨਾਸ਼ ਗੋਦਾਰਾ, ਗਿੱਲਕੱਲ੍ਹੋ ਵਾਲਾ ,ਮੇਜਰ ਖੋਖਰ ਵਾਲਾ,ਪਾਲੀ ਲੌਂਗੋਵਾਲੀਆ, ਜੱਗੀ ਸੰਘੇੜਾ,ਅਮਨ ਬਿਲਾਸਪੁਰੀ, ਮਨੀ ਸ਼ੇਰੋਂ, ਗੁਰਜੰਟ ਸਫ਼ਰੀ, ਹਰਸ਼ਵਿੰਦਰ ਬਿੱਲਾ, ਆਰ ਨੇਤਾ ਵਰਗੇ ਅਨੇਕਾਂ ਹੋਰ।ਪਿੰਡ ਦੀ ਮਿੱਟੀ ਨਾਲ ਜੁੜੇ ਹੋਏ ਤੇ ਮਿਹਨਤਕਸ਼ ਲਾਭ ਹੀਰੇ ਨੇ ਆਪਣੀ ਗਾਇਕੀ ਪ੍ਰਤੀ ਆਪਣਾ ਜਨੂੰਨ ਨਹੀਂ ਛੱਡਿਆ ਉਹ ਲਗਾਤਾਰ ਇਸ ਖੇਤਰ ਵਿਚ ਲੱਕ ਤੋੜਵੀਂ ਮਿਹਨਤ ਕਰਦਾ ਆ ਰਿਹਾ ਹੈ। ਉਸਨੇ ਸੋਲੋ ਗਾਇਕੀ ਦੇ ਨਾਲ ਨਾਲ ਦੋਗਾਣਾ ਗਾਇਕੀ ਵਿੱਚ ਵੀ ਮੁਹਾਰਤ ਹਾਸਲ ਕੀਤੀ। ਗਾਇਕੀ ਅਤੇ ਸਰੋਤਿਆਂ ਨੂੰ ਪਿਆਰ ਕਰਨ ਵਾਲਾ ਲਾਭ ਹੀਰਾ ਆਪਣੀ ਗਾਇਕੀ ਤੇ ਗੀਤਕਾਰੀ ਤੋਂ ਇਲਾਵਾ ਇੱਕ ਬਾਕਮਾਲ ਕੰਪੋਜ਼ਰ (ਗੀਤਾਂ ਦੀਆਂ ਧੁੰਨਾਂ ਬਣਾਉਣ) ਦੀ ਸਮਰੱਥਾ ਰੱਖਦਾ ਹੈ।ਪੰਜਾਬੀ ਸੰਗੀਤ ਇੰਡਸਟਰੀ ਦਾ ਇਹ ਪ੍ਰਸਿੱਧ ਗੀਤਕਾਰ ਤੇ ਗਾਇਕ ਲਾਭ ਹੀਰਾ ਪੰਜਾਬੀ ਲੋਕ ਗਾਇਕੀ ਵਿਚ ਆਪਣੇ ਗੀਤਾਂ ਅਤੇ ਅਖਾੜਿਆਂ ਰਾਹੀਂ ਲੋਕ ਤੱਥ, ਸਮਾਜਿਕ ਸੱਚਾਈਆਂ ਅਤੇ ਸੱਭਿਆਚਾਰਕ ਰੰਗ ਪੇਸ਼ ਕਰਦਾ ਹੋਇਆ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਆਪਣਾ ਉੱਚਾ ਰੁੱਤਬਾ ਕਾਇਮ ਰੱਖ ਰਿਹਾ ਹੈ। ਸ਼ਾਲਾ ਪੰਜਾਬੀ ਲੋਕ ਗਾਇਕੀ ਦੀ ਬੁਲੰਦ ਆਵਾਜ਼ ਲਾਭ ਹੀਰੇ ਨੂੰ ਇਸ ਤਰ੍ਹਾਂ ਆਪਣੇ ਜੋਸ਼ੀਲੇ ਤੇ ਧੜੱਲੇਦਾਰ ਅੰਦਾਜ਼ ਦੇ ਨਾਲ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਨੂੰ ਬਰਕਰਾਰ ਰੱਖਦਿਆਂ ਚੜ੍ਹਦੇ ਪੰਜਾਬ ਨੂੰ ਰੁਸ਼ਨਾਉਣ ਦੀ ਤੌਫੀਕ ਬਖਸ਼ੇ।

# ਜਦੋਂ ਜ਼ਮੀਰਾਂ ਮਰ ਗਈਆਂ ਸਨ

ਸਾਰੇ ਪਾਸੇ ਕਰਫ਼ ?ੂ ਲੱਗਿਆ ਹੋਇਆ ਸੀ,ਸਾਰੀ ਦੁਨੀਆਂ ਇੱਕ ਨਾਮੁਰਾਦ ਜਿਹੇ ਸ਼ਬਦ 'ਲਾਕਡਾਊਨ' (ਤਾਲਾਬੰਦੀ) ਵਿੱਚ ਲੌਕ ਹੋ ਗਈ ਸੀ। ਲੱਗਦਾ ਸੀ ਜਿਵੇਂ ਚਿੜੀਆਂ ਵੀ ਚਹਿਕਣਾ ਭੁੱਲ ਗਈਆਂ ਸਨ, ਕਾਂ ਬਨੇਰਿਆਂ ਤੇ ਬੈਠਣ ਤੋਂ ਡਰਦੇ ਸਨ, ਪਰਿੰਦਿਆਂ ਨੇ ਪਰਵਾਜ਼ ਭਰਨੀ ਛੱਡ ਦਿੱਤੀ ਸੀ, ਪੂਰੀ ਦੁਨੀਆਂ ਵਿੱਚ ਮਸਾਣਾਂ ਵਰਗੀ ਚੁੱਪ ਛਾਈ ਹੋਈ ਸੀ। ਕਈ ਲੋਕਾਂ ਨੂੰ ਤਾਂ ਪਤਾ ਨਹੀਂ ਕਿੰਨੇ ਦਿਨ ਢਿੱਡ ਭਰੇ ਬਗੈਰ ਸੌਣਾ ਪਿਆ ਸੀ। ਟੀ ਵੀ ਵਿੱਚ ਵੀ ਮਰੇ ਲੋਕਾਂ ਦੇ ਅੰਕੜੇ ਇਸ ਤਰ੍ਹਾਂ ਸਾਹਮਣੇ ਆ ਰਹੇ ਸਨ ਜਿਵੇਂ ਸ਼ੇਅਰ ਬਜ਼ਾਰ ਦੇ ਭਾਅ ਚੜ੍ਹਦੇ ਉਤਰਦੇ ਆਉਂਦੇ ਹਨ। ਸਾਰੀ ਦੁਨੀਆਂ ਸਹਿਮੀ ਹੋਈ ਸੀ। ਜ਼ਿੰਦਗੀ ਤੋਂ ਤਾਂ ਭਰੋਸਾ ਜਿਹਾ ਉੱਠ ਗਿਆ ਸੀ ਕਿ ਪਤਾ ਨਹੀਂ ਹੁਣ ਜਿਊਣਾ ਹੈ ਜਾਂ ਮਰਨਾ। ਕਿਤੇ ਔਲਾਦ ਨੇ ਮਾਂ ਜਾਂ ਪਿਓ ਦੀ ਲਾਸ਼ ਦਾ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਕਿਤੇ ਭਰਾਵਾਂ ਨੇ ਭਰਾਵਾਂ ਨਾਲ ਇੰਝ ਕੀਤਾ ਸੀ। ਮੁਰਦਾਘਰਾਂ ਵਿੱਚ ਸਸਕਾਰ ਲਈ ਲਾਈਨਾਂ ਵਿੱਚ ਲੱਗ ਕੇ ਲਾਸ਼ਾਂ ਨੂੰ ਆਪਣੇ ਹੀ ਸਸਕਾਰ ਕਰਵਾਉਣ ਦਾ ਇੰਤਜ਼ਾਰ ਕਰਨਾ ਪਿਆ ਸੀ। ਇਹ ਹਾਲਾਤ ਪਹਿਲੇ ਲਾਕਡਾਊਨ ਸੰਨ ਦੋ ਹਜ਼ਾਰ ਵੀਹ ਵੇਲ ? ਦੇ ਸਨ।

ਫਿਰ ਜਦ ਦੂਜਾ ਲਾਕਡਾਊਨ ਸੰਨ ਦੋ ਹਜ਼ਾਰ ਇੱਕੀ ਵਿੱਚ ਲੱਗਿਆ ਤਾਂ ਲੋਕਾਂ ਦਾ ਡਰ ਅਤੇ ਸਹਿਮ ਥੋੜ੍ਹਾ ਜਿਹਾ ਉਤਰ ਗਿਆ ਸੀ, ਲੋਕਾਂ ਨੂੰ ਉਸ ਨਵੀਂ ਬਿਮਾਰੀ ਨਾਲ ਲੜਨ ਦੀ ਮਾੜੀ ਮੋਟੀ ਜਾਚ ਆ ਗਈ ਸੀ। ਸਾਡੇ ਮੁਹੱਲੇ ਵਿੱਚ ਵੀ ਲੋਕਾਂ ਨੂੰ ਕਰੋਨਾ ਦੀ ਬੀਮਾਰੀ ਨੇ ਆਣ ਘੇਰਾ ਪਾਇਆ। ਘਰ ਘਰ ਕਰੋਨਾ ਨਾਲ ? ਲੋਕ ਬਿਮਾਰ ਹੋਣ ਲੱਗੇ। ਸ਼ਾਮ ਨੂੰ ਚਾਰ ਕੁ ਵਜੇ ਮੈਨੂੰ ਸਾਡੇ ਗੁਆਂਢ ਵਿੱਚੋਂ ਫ਼ੋਨ ਆਇਆ, ÷ਧਿਆਨ ਰੱਖਿਓ..... ਸਾਡੇ ਨਾਲ ?ਦਿਆਂ ਦੀ ਮਾਂ ਨੂੰ ਕਰੋਨਾ ਹੋਇਆ ਹੋਇਆ.....ਬਚ ਕੇ ਰਹਿਓ ਉਹਨਾਂ ਤੋਂ.......।÷ ਮੈਂ ਬੈਠੀ ਚਾਹ ਪੀ ਰਹੀ ਸੀ,ਅਗਲੀ ਘੁੱਟ ਸੰਘੀ ਤੋਂ ਥੱਲੇ ਨਾ ਉਤਰੇ ਕਿਉਂ ਕਿ ਇੱਕ ਦਿਨ ਪਹਿਲਾਂ ਹੀ ਤਾਂ ਉਹਨਾਂ ਦੀ ਬਹੂ ਤੇ ਮੈਂ ਸਾਡੇ ਗੁਆਂਢ ਵਿੱਚ ਕੀਰਤਨ ਮੌਕੇ ਘੰਟਾ ਇਕੱਠੀਆਂ ਬੈਠੀਆਂ ਰਹੀਆਂ ਸਾਂ ਜਿਸ ਦੀ ਸੱਸ ਨੂੰ ਕਰੋਨਾ ਹੋਣ ਬਾਰੇ ਮੈਨੂੰ ਫ਼ੋਨ ਤੇ ਦੱਸਿਆ ਗਿਆ ਸੀ । ਮੈਂ ਇਹ ਗੱਲ ਆਪਣੇ ਪਤੀ ਨੂੰ ਦੱਸੀ । ਉਹਨਾਂ ਨੇ ਮੈਨੂੰ ਦੱਸਿਆ ,÷ ਹਾਂ ਮੈਨੂੰ ਉਨ੍ਹਾਂ ਦਾ ਵੀ ਪਤਾ ਹੈ ....ਤੇ ਜੀਹਨੇ ਤੈਨੂੰ ਫ਼ੋਨ ਕਰਕੇ ਦੱਸਿਆ ਹੈ....ਉਹਨਾਂ ਨੂੰ ਵੀ ਕਿਸੇ ਨੇ ਨਿੰਮ ਦੇ ਪੱਤੇ ਲਿਆ ਕੇ ਦਿੱਤੇ ਹਨ ... ਉਹਨਾਂ ਦੇ ਵੀ ਸਾਰੇ ਟੱਬਰ ਨੂੰ ਕਰੋਨਾ ਹੋਇਆ ਹੋਇਆ ਹੈ ।÷ ਇਹ ਉਹਨਾਂ ਦੀ ਗੱਲ ਦੱਸ ਰਹੇ ਸਨ ਜਿਹਨਾਂ ਨੇ ਮੈਨੂੰ ਫੋਨ ਕਰਕੇ ਸੁਚੇਤ ਕੀਤਾ ਸੀ। ਮੈਨੂੰ ਸੁਣ ਕੇ ਬੜੀ ਹੈਰਾਨੀ ਹੋਈ ਕਿ ਉਸ ਨੇ ਆਪਣੇ ਗੁਆਂਢੀਆਂ ਦੀ ਮਾਂ ਬਾਰੇ ਤਾਂ ਦੱਸ ਦਿੱਤਾ ਤੇ ਆਪਣੇ ਬਾਰੇ ਦੱਸਿਆ ਈ ਨੀ ਸੀ। ਮੈਂ ਉਸ ਨੂੰ ਫ਼ੋਨ ਲਾ ਕੇ ਪੁੱਛਿਆ ਤਾਂ ਆਖਣ ਲੱਗੀ ,÷...ਨਹੀਂ ... ਨਹੀਂ....ਇਹੋ ਜਿਹੀ ਕੋਈ ਗੱਲ ਨੀ....ਸਾਨੂੰ ਤਾਂ ਐਵੇਂ ....ਸੀਜ਼ਨ ਦਾ ਬੁਖਾਰ ਤੇ ਖੰਘ ਹੈ....।÷ ਬਾਅਦ ਵਿੱਚ ਪਤਾ ਲੱਗਿਆ ਕਿ ਉਸ ਦਾ ਘਰਵਾਲ ?ਾ ਸਰਕਾਰੀ ਨੌਕਰੀ ਕਰਦਾ ਹੋਣ ਕਰਕੇ ਉਸ ਦਾ ਟੈਸਟ ਹੋਇਆ ਸੀ ਤੇ ਉਸ ਨੂੰ ਕਰੋਨਾ ਦੀ ਸ਼ਿਕਾਇਤ ਹੋਣ ਕਰਕੇ ਦਫ਼ਤਰ ਵੱਲੋਂ ਪੰਦਰਾਂ ਦਿਨ ਕੁਆਰੰਟਾਈਨ ਹੋਣ ਦੀ ਹਦਾਇਤ ਮਿਲ ?ੀ ਸੀ। ਉਹਨਾਂ ਨੂੰ ਸਰਕਾਰੀ ਐਂਬੂਲੈਂਸ ਕਰੋਨਾ ਕਿੱਟਾਂ ਵੀ ਦੇ ਕੇ ਗਈ ਸੀ ।ਸਾਰਾ ਟੱਬਰ ਅੱਡ ਅੱਡ ਕਮਰਿਆਂ ਵਿੱਚ ਰਹਿ ਰਹੇ ਸਨ। ਗਲ ?ੀ ਵਿੱਚ ਕਰੋਨਾ ਨਾਲ ? ਇੱਕ ਦੋ ਮੌਤਾਂ ਹੋਣ ਕਾਰਨ ਹੋਰ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਸੀ।

ਪੰਦਰਾਂ ਕੁ ਦਿਨ ਬਾਅਦ ਮੈਨੂੰ ਵੀ ਬੁਖ਼ਾਰ ਹੋ ਗਿਆ । ਹਲਕੀ ਹਲਕੀ ਖੰਘ ਵੀ ਹੋ ਗਈ। ਸ਼ਾਮ ਨੂੰ ਮੈਂ ਡਾਕਟਰ ਤੋਂ ਦੂਜੀ ਵਾਰੀ ਦਵਾਈ ਲੈਣ ਚੱਲੀ ਤਾਂ ਮੈਨੂੰ ਉਹ ਆਪਣੇ ਘਰ ਦੇ ਗੇਟ ਅੱਗੇ ਖੜ੍ਹੀ ਟੱਕਰ ਗਈ। ਮੈਂ ਉਸ ਨੂੰ ਸਹਿਜੇ ਹੀ ਆਖ ਦਿੱਤਾ,÷ ਮੈਨੂੰ ਵੀ ਥੋੜ੍ਹੀ ਜਿਹੀ ਬਿਮਾਰੀ ਦੀ ਸ਼ਿਕਾਇਤ ਲੱਗਦੀ ਹੈ ਪਰ ਡਾਕਟਰ ਨੇ ਟੈਸਟ ਕਰ ਲਿਆ,ਉਹ ਤਾਂ ਹਜੇ ਹੈ ਨੀ ... ਮੈਂ ਤਾਂ ਆਪਣੇ ਹਸਬੈਂਡ ਨੂੰ ਵੀ ਕਿਹਾ.... ਕਿ ਤੁਸੀਂ ਵੀ ਕਫ਼ ਸੀਰਪ ਪੀ ਜਾਓ ...ਤਾਂ ਕਿ ਬਚਾਅ ਰਹੇ।÷ ਐਨਾ ਕਹਿਕੇ ਮੈਂ ਚਲੀ ਗਈ। ਅਗਲੇ ਦਿਨ ਤੋਂ ਸਾਡੇ ਆਂਢ ਗੁਆਂਢ ਦੇ ਲੋਕਾਂ ਦੀ ਸਾਡੇ ਵੱਲ ਨੂੰ ਤੱਕਣੀ ਈ ਬਦਲ ਗਈ। ਸਾਡੇ ਘਰ ਦੇ ਮੂਹਰੋਂ ਜੋ ਵੀ ਲੰਘੇ ਉਹ ਆਪਣਾ ਮੂੰਹ ਸਿਰ ਲਪੇਟ ਕੇ ਸਾਡੇ ਗੇਟ ਤੋਂ ਦੂਰ ਹੋ ਕੇ ਲੰਘੇ। ਮੈਂ ਆਪਣੀ ਰੁਟੀਨ ਮੁਤਾਬਕ ਸਵੇਰ ਨੂੰ ਸੈਰ ਕਰਨ ਲਈ ਛੱਤ ਉੱਪਰ ਚੜ੍ਹੀ ਤਾਂ ਸਾਡੇ ਤੋਂ ਚੌਥੇ ਕੁ ਘਰ ਦਾ ਬੰਦਾ ਕੋਠੇ ਤੇ ਪੌਦਿਆਂ ਨੂੰ ਪਾਣੀ ਪਾ ਰਿਹਾ ਸੀ ,ਉਹ ਮੈਨੂੰ ਦੇਖਦੇ ਸਾਰ ਫਟਾਫਟ ਥੱਲੇ ਉਤਰ ਗਿਆ। ਮੈਨੂੰ ਬੜੀ ਹੈਰਾਨੀ ਹੋਈ। ਲੰਘਦਾ ਕਰਦਾ ਸਾਡੇ ਮੁਹੱਲੇ ਦਾ ਪ੍ਰਧਾਨ ਮੇਰੇ ਹਸਬੈਂਡ ਨੂੰ ਪੁੱਛੇ,÷ ਹੋਰ ਭਾਈ ਸਾਹਿਬ,÷ ਘਰ ਵਿੱਚ ਸਾਰੇ ਸਭ ਠੀਕ ਠਾਕ ਹਨ ?÷ ਇਹਨਾਂ ਨੇ ? ਆਖ ਦੇਣਾ ÷ਸਾਨੂੰ ਕੀ ਹੋਇਆ....ਆਹ ਤੇਰੇ ਸਾਹਮਣੇ ਚੰਗਾ ਭਲਾ ਤਾਂ ਖੜ੍ਹਾਂ।÷ ਪੰਦਰਾਂ ਕੁ ਦਿਨ ਸਾਡੇ ਨਾਲ ਲੋਕਾਂ ਦਾ ਵਿਵਹਾਰ ਕਿਸੇ ਛੇਕੇ ਹੋਏ ਇਨਸਾਨ ਵਾਂਗਰ ਰਿਹਾ ।ਪਰ ਸਾਡੇ ਕੰਮਾਂ ਦੀ ਰੁਟੀਨ ਵਿੱਚ ਕੋਈ ਫ਼ਰਕ ਨਾ ਪਿਆ। ਆਖ਼ਰ ਪੰਦਰਾਂ ਕੁ ਦਿਨ ਬਾਅਦ ਉਹਨਾਂ ਦੀ ਦਿਮਾਗ਼ ਦੀ ਉਪਜ ਅਨੁਸਾਰ ਅਸੀਂ ਕਰੋਨਾ ਮੁਕਤ ਹੋ ਗਏ ਸੀ ਤੇ ਲੋਕ ਫਿਰ ਸਾਨੂੰ ਹੱਸ ਕੇ ਬੁਲਾਉਣ ਲੱਗੇ ਸਨ। ਹੌਲ ?ੀ ਹੌਲ ?ੀ ਕਿਸੇ ਔਰਤ ਨੇ ਦੱਸਿਆ ਕਿ ਸਾਨੂੰ ਕਰੋਨਾ ਪੀੜਤ ਹੋਣ ਦੀ ਗੱਲ ਵੀ ਉਸ ਔਰਤ ਨੇ ਹੀ ਸਾਰੇ ਮੁਹੱਲੇ ਦੇ ਲੋਕਾਂ ਨੂੰ ਫ਼ੋਨ ਕਰਕੇ ਕਹੀ ਸੀ।

ਇਸ ਗੱਲ ਨਾਲ ? ਜਿੱਥੇ ਸਾਨੂੰ ਉਨ੍ਹਾਂ ਲੋਕਾਂ ਦੀ ਮਾਨਸਿਕਤਾ ਤੇ ਹਾਸਾ ਵੀ ਆਉਂਦਾ ਸੀ ਉੱਥੇ ਹੀ ਮੇਰੇ ਦਿਮਾਗ ਉੱਤੇ ਲੋਕਾਂ ਦੀ ਦੂਜਿਆਂ ਪ੍ਰਤੀ ਘਟੀਆ ਸੋਚ ਨੇ ਗਹਿਰਾ ਪ੍ਰਭਾਵ ਪਾਇਆ। ਲੋਕਾਂ ਦੀਆਂ ਮਰ ਚੁੱਕੀਆਂ ਜ਼ਮੀਰਾਂ ਦੀਆਂ ਖ਼ਬਰਾਂ ਬਾਰੇ ਅਖ਼ਬਾਰਾਂ ਜਾਂ ਟੀ ਵੀ ਤੇ ਤਾਂ ਹਰ ਕੋਈ ਪੜ੍ਹਦਾ ਤੇ ਦੇਖਦਾ ਸੀ , ਪਰ ਉਹੀ ਮੈਂ ਆਪ ਅੱਖੀਂ ਦੇਖਿਆ ਤੇ ਆਪਣੇ ਹੱਡੀਂ ਹੰਢਾਇਆ ਸੀ। ਇਸ ਦੌਰਾਨ ਮੈਂ ਮਹਿਸੂਸ ਕੀਤਾ ਕਿ ਐਨੇ ਸਾਰੇ ਲੋਕਾਂ ਦਾ ਭੈੜਾ ਰਵੱਈਆ ਹੀ ਮਨੁੱਖ ਦਾ ਮਨੋਬਲ ਐਨਾ ਗਿਰਾ ਦਿੰਦਾ ਹੈ ਕਿ ਉਹ ਹਿੰਮਤ ਹਾਰ ਕੇ ਬਿਨਾਂ ਬੀਮਾਰੀ ਤੋਂ ਵੀ ਬੀਮਾਰ ਹੋ ਜਾਂਦਾ ਹੈ। ਪਰ ਇਨਸਾਨੀਅਤ ਇਸੇ ਵਿੱਚ ਹੈ ਕਿ ਜੇ ਕਿਸੇ ਨੂੰ ਕੋਲ ? ਜਾ ਕੇ ਸੰਭਾਲ ਨਹੀਂ ਸਕਦੇ ਤਾਂ ਉਸ ਨੂੰ ਫ਼ੋਨ ਉੱਤੇ ਦੋ ਮਿੱਠੇ ਬੋਲ ਬੋਲ ਕੇ ਹੌਂਸਲਾ ਹੀ ਦੇ ਦਿਓ। ਪਰ ਮੈਨੂੰ ਕਰੋਨਾ ਦੇ ਸਮੇਂ ਦਾ ਇੱਕ ਫਾਇਦਾ ਤਾਂ ਹੋਇਆ ਸੀ ਕਿ ਲੋਕਾਂ ਦੀਆਂ ਮਰ ਚੁੱਕੀਆਂ ਜ਼ਮੀਰਾਂ ਦੀ ਪਛਾਣ ਹੋ ਗਈ ਸੀ।

**ਬਰਜਿੰਦਰ ਕੌਰ ਬਿਸਰਾਓ...**
9988901324

# ਲਾਹੇਵੰਦ ਸਾਬਤ ਹੋ ਸਕਦਾ ਹੈ ਇਕੱਲਾਪਣ



ਮਨੁੱਖ ਸਮਾਜਿਕ ਪ੍ਰਾਣੀ ਹੈ। ਇਹ ਲੋਕਾਂ 'ਚ ਵਿਚਰ ਕੇ, ਲੋਕਾਂ ਦੀ ਭੀੜ 'ਚ ਗੁਆਚ ਕੇ ਪ੍ਰਸੰਨ ਹੁੰਦਾ ਹੈ ਅਤੇ ਇਕਲਾਪੇ ਤੋਂ ਗੁਰੇਜ਼ ਕਰਦਾ ਹੈ। ਮਨੋਵਿਗਿਆਨ ਵਿਚ ਕਿਹਾ ਜਾਂਦਾ ਹੈ ਕਿ ਇਕਲਾਪੇ ਦੀ ਅਵਸਥਾ ਵਿਚ ਮਨੁੱਖ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਜਾਂਦਾ ਹੈ। ਮਨੁੱਖ ਦੀ ਇਹ ਬਹੁਤ ਵੱਡੀ ਕਮਜ਼ੋਰੀ ਹੈ ਕਿ ਉਹ ਲੰਮਾ ਸਮਾਂ ਇਕੱਲਾ ਨਹੀਂ ਰਹਿ ਸਕਦਾ। ਪਰ ਜਦੋਂ ਕਦੇ ਅਜਿਹੀ ਸਥਿਤੀ ਬਣ ਜਾਂਦੀ ਹੈ ਤਾਂ ਮਨੁੱਖ ਬੇਚੈਨ ਹੋ ਜਾਂਦਾ ਹੈ ਅਤੇ ਕਈ ਵਾਰ ਦੁਖ ਦੇ ਸਾਗਰ ਵਿਚ ਡੁੱਬ ਜਾਂਦਾ ਹੈ। ਵਿਆਕੁਲ ਹੋ ਜਾਂਦਾ ਹੈ। ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਬੰਦਾ ਆਪਣੀ ਮਰਜ਼ੀ ਨਾਲ, ਖੁਸ਼ੀ ਨਾਲ ਇਕੱਲਾ ਨਹੀਂ ਰਹਿਣਾ ਚਾਹੁੰਦਾ।

ਇੱਥੇ ਖ਼ਾਸ ਅਤੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਜੇਕਰ ਮਨੁੱਖ ਨੂੰ ਸਹੀ ਮਾਰਗ- ਦਰਸ਼ਨ ਮਿਲ ਜਾਵੇ ਤਾਂ ਇਹ ਇਕੱਲਾਪਣ ਬੰਦੇ ਲਈ ਲਾਹੇਵੰਦ ਅਤੇ ਸਾਰਥਕ ਵੀ ਸਾਬਤ ਹੋ ਸਕਦਾ ਹੈ। ਇਕਲਾਪੇ ਦੇ ਇਸ ਸਮੇਂ ਵਿਚ ਮਨੁੱਖ ਨੂੰ ਸਵੈ-ਪੜਚੋਲ ਦਾ ਵਕਤ ਮਿਲ ਜਾਂਦਾ ਹੈ। ਆਪਣੀਆਂ ਕਮੀਆਂ ਅਤੇ ਕਮਜ਼ੋਰੀਆਂ ਨੂੰ ਸਮਝਣ ਅਤੇ ਸੁਧਾਰ ਕਰਨ ਦਾ ਜਜ਼ਬਾ ਇਕਲਾਪੇ ਵਿਚ ਹੀ ਪੈਦਾ ਹੋ ਸਕਦਾ ਹੈ; ਭੀੜ 'ਚ ਨਹੀਂ। ਪਰ ਅਫ਼ਸੋਸ, ਬਹੁਤੇ ਇਸ ਵਿਚਾਰ ਨੂੰ ਸਮਝਦੇ ਨਹੀਂ, ਆਪਣੇ ਜੀਵਨ ਵਿਚ ਲਾਗੂ ਨਹੀਂ ਕਰਦੇ। ਇਕਲਾਪੇ ਦੇ ਵਕਤ ਮਨੁੱਖ ਨੂੰ "ਧਿਆਨ ਸਾਧਨਾ"ਲਗਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। ਚੁਪਚਾਪ ਬੈਠ ਕੇ ਆਪਣੇ ਅੰਤਰਮਨ ਨੂੰ ਘੋਖਣਾ ਚਾਹੀਦਾ ਹੈ ਜਿਹੜਾ ਕਿ ਉਹ ਆਮ ਲੋਕਾਂ ਦੀ ਭੀੜ ਵਿਚ ਨਹੀਂ ਕਰ ਪਾਉਂਦਾ। ਆਪਣੀਆਂ ਕਮੀਆਂ- ਕਮਜ਼ੋਰੀਆਂ ਨੂੰ ਬੰਦਾ ਖੁਦ ਬਿਹਤਰ ਤਰੀਕੇ ਨਾਲ ਜਾਣਦਾ ਹੈ ਜਾਂ ਜਾਣ ਸਕਦਾ ਹੈ। ਇਹਨਾਂ ਕਮੀਆਂ-ਕਮਜ਼ੋਰੀਆਂ ਨੂੰ ਦੂਰ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਜਿਹੜਾ ਕਿ ਇਕਲਾਪੇ ਦੇ ਸਮੇਂ ਵਿਚ ਹੀ ਸੰਭਵ ਹੁੰਦਾ ਹੈ। ਮਨ 'ਚ ਚੱਲਦੇ ਵਿਅਰਥ ਵਿਚਾਰਾਂ ਨੂੰ ਕੁਝ ਵਕਤ ਲਈ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ। ਅਜਿਹਾ ਕੇਵਲ ਧਿਆਨ ਦੇ ਮਾਧਿਅਮ ਰਾਹੀਂ ਹੀ ਸੰਭਵ ਹੋ ਸਕਦਾ ਹੈ। ਇਕਲਾਪੇ ਦੇ ਸਮੇਂ ਬੰਦੇ ਨੂੰ ਚੰਗੇ ਸਾਹਿਤ ਨਾਲ ਜੁੜਨਾ ਚਾਹੀਦਾ ਹੈ। ਚੰਗੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ ਅਤੇ ਮੋਬਾਇਲ ਫੋਨ ਤੋਂ ਖਹਿੜਾ ਛੁਡਾਉਣਾ ਚਾਹੀਦਾ ਹੈ ਤਾਂ ਕਿ ਮਨ ਨੂੰ ਕੁਝ ਵਕਤ ਲਈ ਬਾਹਰੀ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ। ਮਾਨਸਿਕ ਸ਼ਾਂਤੀ ਲਈ ਆਪਣੇ ਤਨ (ਸਰੀਰ) ਨੂੰ ਸਾਧਨਾ ਚਾਹੀਦਾ ਹੈ। ਬ੍ਰਹਮਚਾਰਿਆ ਦਾ ਪਾਲਣ ਕਰਕੇ ਕੁਝ ਵਕਤ ਤੱਕ ਆਪਣੀ ਸਰੀਰਕ ਅਤੇ ਮਾਨਸਿਕ ਸ਼ਕਤੀ 'ਚ ਵਾਧਾ ਕਰਨਾ ਚਾਹੀਦਾ ਹੈ। ਇਸ ਲਈ ਜੇਕਰ ਤੁਸੀਂ ਕੁਝ ਵਕਤ ਲਈ ਇਕੱਲੇ ਹੁੰਦੇ ਹੋ ਤਾਂ ਅਜਿਹੇ ਵਕਤ ਨੂੰ ਦੁੱਖ ਜਾਂ ਵਿਰਲਾਪ 'ਚ ਵਿਅਰਥ ਨਾ ਗੁਆਓ ਬਲਕਿ ਸਾਰਥਕ ਅਤੇ ਲਾਹੇਵੰਦ ਬਣਾਓ ਤਾਂ ਕਿ ਤੁਹਾਡੇ ਜੀਵਨ 'ਚ ਕੁਝ ਬਦਲਾਓ ਆ ਸਕੇ ਅਤੇ ਤੁਹਾਨੂੰ ਮਾਨਸਿਕ ਸ਼ਾਂਤੀ ਅਤੇ ਸਰੀਰਕ ਤੰਦਰੁਸਤੀ ਦਾ ਅਹਿਸਾਸ ਹੋ ਸਕੇ। ਤੁਹਾਡੇ ਜੀਵਨ ਵਿਚ ਸੁਧਾਰ ਦੀ ਗੁੰਜਾਇਸ਼ ਬਰਕਰਾਰ ਰਹੇ। ਇਹ ਆਸ ਹੀ ਮਨੁੱਖ ਦੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਉਂਦੀ ਹੈ।

**ਨਿਸ਼ਾਨ ਸਿੰਘ ਰਾਠੌਰ (ਡਾ.)**
**ਸੰਪਰਕ** - 90414-98009

# ਨਿਮਰਤਾ ਦੀ ਤਾਕਤ: "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਆਸਾ ਦੀ ਵਾਰ' ਵਿੱਚ ਮਨੁੱਖੀ ਸੁਭਾਅ ਅਤੇ ਅਧਿਆਤਮਿਕਤਾ ਦਾ ਸਾਰ ਪੇਸ਼ ਕਰਦਿਆਂ ਇੱਕ ਬੇਮਿਸਾਲ ਗੱਲ ਆਖੀ ਹੈ— ÷ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ÷। ਇਸ ਦਾ ਅਰਥ ਹੈ ਕਿ ਸੁਭਾਅ ਵਿੱਚ ਮਿਠਾਸ ਅਤੇ ਮਨ ਵਿੱਚ ਨਿਮਰਤਾ ਹੀ ਦੁਨੀਆ ਦੇ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਅਸਲ ਤੱਤ ਹਨ। ਅੱਜ, ਜਿੱਥੇ ਹਰ ਕੋਈ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਪਰ, ਸਮਝਦਾਰ ਅਤੇ ਤਾਕਤਵਰ ਦਿਖਾਉਣ ਦੀ ਦੌੜ ਵਿੱਚ ਲੱਗਿਆ ਹੋਇਆ ਹੈ, ਉੱਥੇ ਨਿਮਰਤਾ ਨੂੰ ਅਕਸਰ ਬੇਬਸੀ ਜਾਂ ਕਮਜ਼ੋਰੀ ਸਮਝ ਲਿਆ ਜਾਂਦਾ ਹੈ। ਪਰ ਸੱਚਾਈ ਇਹ ਹੈ ਕਿ ਨਿਮਰਤਾ ਕੋਈ ਕਮਜ਼ੋਰੀ ਨਹੀਂ, ਸਗੋਂ ਮਨੁੱਖ ਦੇ ਅੰਦਰੂਨੀ ਵਕਾਰ ਅਤੇ ਆਤਮਿਕ ਤਾਕਤ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ।

ਨਿਮਰਤਾ ਦਾ ਮਤਲਬ ਆਪਣੇ ਆਪ ਨੂੰ ਕਿਸੇ ਤੋਂ ਘੱਟ ਸਮਝਣਾ ਜਾਂ ਹੀਣ ਭਾਵਨਾ ਦਾ ਸ਼ਿਕਾਰ ਹੋਣਾ ਨਹੀਂ ਹੈ। ਇਹ ਤਾਂ ਇੱਕ ਅਜਿਹਾ ਅਹਿਸਾਸ ਹੈ ਕਿ ਅਸੀਂ ਚਾਹੇ ਜਿੰਨੇ ਵੀ ਸਫ਼ਲ, ਅਮੀਰ ਜਾਂ ਵਿਦਵਾਨ ਬਣ ਜਾਈਏ, ਅਸੀਂ ਅਜੇ ਵੀ ਸਿੱਖਣ ਦੀ ਪ੍ਰਕਿਰਿਆ ਵਿੱਚ ਹਾਂ। ਇੱਕ ਨਿਮਰ ਇਨਸਾਨ ਜਾਣਦਾ ਹੈ ਕਿ ਉਸ ਦੀਆਂ ਪ੍ਰਾਪਤੀਆਂ ਉਸ ਦੇ ਹੰਕਾਰ ਦਾ ਕਾਰਨ ਨਹੀਂ, ਸਗੋਂ ਉਸ ਦੀ ਸਮਾਜਿਕ ਜ਼ਿੰਮੇਵਾਰੀ ਦਾ ਹਿੱਸਾ ਹਨ। ਜਿਵੇਂ ਫਲਾਂ ਨਾਲ ਲੱਦਿਆ ਹੋਇਆ ਰੁੱਖ ਹਮੇਸ਼ਾ ਝੁਕ ਕੇ ਰਹਿੰਦਾ ਹੈ, ਉਵੇਂ ਹੀ ਗਿਆਨ ਅਤੇ ਗੁਣਾਂ ਨਾਲ ਭਰਪੂਰ ਮਨੁੱਖ ਦਾ ਸੁਭਾਅ ਵੀ ਸਹਿਜ ਹੀ ਨਿਮਰ ਹੋ ਜਾਂਦਾ ਹੈ। ਇਸ ਦੇ ਉਲਟ, ਸੁੱਕਾ ਅਤੇ ਖੋਖਲਾ ਰੁੱਖ ਆਕੜ ਕੇ ਖੜ੍ਹਾ ਰਹਿੰਦਾ ਹੈ ਅਤੇ ਤੇਜ਼ ਹਵਾ ਆਉਣ 'ਤੇ ਜੜ੍ਹੋਂ ਉੱਖੜ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ 'ਸਿਮਲ' ਦੇ ਰੁੱਖ ਦੀ ਉਦਾਹਰਨ ਦੇ ਕੇ ਹੰਕਾਰ ਦੇ ਖੋਖਲੇਪਣ ਨੂੰ ਬਹੁਤ ਖੂਬਸੂਰਤੀ ਨਾਲ ਬਿਆਨ ਕੀਤਾ ਹੈ। ਸਿਮਲ ਦਾ ਰੁੱਖ ਆਕਾਰ ਵਿੱਚ ਬਹੁਤ ਉੱਚਾ, ਲੰਮਾ ਅਤੇ ਮੋਟਾ ਹੁੰਦਾ ਹੈ, ਪਰ ਉਸ ਦੇ ਫਲ ਫਿੱਕੇ, ਫੁੱਲ ਬੇਸੁਆਦੇ ਅਤੇ ਪੱਤੇ ਕਿਸੇ ਕੰਮ ਨਹੀਂ ਆਉਂਦੇ। ਪੰਛੀ ਵੱਡੀ ਆਸ ਲੈ ਕੇ ਉਸ ਕੋਲ ਆਉਂਦੇ ਹਨ, ਪਰ ਨਿਰਾਸ਼ ਹੋ ਕੇ ਵਾਪਸ ਮੁੜ ਜਾਂਦੇ ਹਨ। ਹੰਕਾਰੀ ਮਨੁੱਖ ਦਾ ਹਾਲ ਵੀ ਇਸੇ ਰੁੱਖ ਵਰਗਾ ਹੁੰਦਾ ਹੈ। ਉਹ ਬਾਹਰੋਂ ਚਾਹੇ ਜਿੰਨਾ ਮਰਜ਼ੀ ਵੱਡਾ ਅਤੇ ਪ੍ਰਭਾਵਸ਼ਾਲੀ ਦਿਖਾਈ ਦੇਵੇ, ਪਰ ਉਸ ਦੀ ਆਤਮਾ ਗੁਣਾਂ ਤੋਂ ਸੁੰਨ ਹੁੰਦੀ ਹੈ। ਅਜਿਹੇ ਇਨਸਾਨ ਕੋਲ ਬੈਠ ਕੇ ਕਿਸੇ ਨੂੰ ਆਤਮਿਕ ਸੁਕੂਨ ਨਹੀਂ ਮਿਲਦਾ। ਹੰਕਾਰ ਮਨੁੱਖ ਨੂੰ ਅੰਦਰੋਂ ਇਕੱਲਾ ਕਰ ਦਿੰਦਾ ਹੈ, ਜਦਕਿ ਨਿਮਰਤਾ ਦਿਲਾਂ ਨੂੰ ਜੋੜਨ ਦਾ ਕੰਮ ਕਰਦੀ ਹੈ।

ਸਾਡੇ ਰੋਜ਼ਾਨਾ ਜੀਵਨ ਵਿੱਚ ਅੱਧੀਆਂ ਤੋਂ ਵੱਧ ਸਮੱਸਿਆਵਾਂ ਸਿਰਫ਼ ਇਸ ਲਈ ਪੈਦਾ ਹੁੰਦੀਆਂ ਹਨ ਕਿਉਂਕਿ ਅਸੀਂ ਆਪਣੀ ਹਉਮੈ ਨੂੰ ਅੱਗੇ ਰੱਖਦੇ ਹਾਂ। ਪਰਿਵਾਰਕ ਰਿਸ਼ਤਿਆਂ ਵਿੱਚ ਛੋਟੀਆਂ-ਛੋਟੀਆਂ ਗੱਲਾਂ 'ਤੇ ਤਕਰਾਰ ਸਿਰਫ਼ ਇਸ ਲਈ ਵਧ ਜਾਂਦੀ ਹੈ ਕਿਉਂਕਿ ਕੋਈ ਵੀ ਝੁਕਣਾ ਨਹੀਂ ਚਾਹੁੰਦਾ। ਜੇਕਰ ਅਸੀਂ ਗੁੱਸੇ ਦੀ ਥਾਂ 'ਤੇ ਦੋ ਮਿੱਠੇ ਬੋਲ ਬੋਲਣ ਅਤੇ ਆਪਣੀ ਭੁੱਲ ਮੰਨਣ ਦੀ ਹਿੰਮਤ ਦਿਖਾਈਏ, ਤਾਂ ਵੱਡੇ ਤੋਂ ਵੱਡੇ ਮਤਭੇਦ ਵੀ ਖ਼ਤਮ ਹੋ ਸਕਦੇ ਹਨ। ਮਿੱਠਾ ਬੋਲਣਾ ਅਤੇ ਝੁਕਣਾ ਕਿਸੇ ਦਾ ਮਾਣ ਘੱਟ ਨਹੀਂ ਕਰਦਾ, ਸਗੋਂ ਇਹ ਬੋਲਣ ਵਾਲੇ ਦੀ ਮਾਨਸਿਕ ਉੱਚਤਾ ਅਤੇ ਸੰਸਕਾਰਾਂ ਨੂੰ ਦਰਸਾਉਂਦਾ ਹੈ।

ਨਿਮਰਤਾ ਨਵੇਂ ਗਿਆਨ ਅਤੇ ਸੁਧਾਰ ਦੀ ਵੀ ਪਹਿਲੀ ਸ਼ਰਤ ਹੈ। ਜੋ ਬਰਤਨ ਪਹਿਲਾਂ ਹੀ ਭਰਿਆ ਹੋਵੇ, ਉਸ ਵਿੱਚ ਹੋਰ ਪਾਣੀ ਨਹੀਂ ਪਾਇਆ ਜਾ ਸਕਦਾ। ਇਸੇ ਤਰ੍ਹਾਂ ਜੋ ਮਨੁੱਖ ਆਪਣੀ ਸਮਝ ਦੇ ਹੰਕਾਰ ਨਾਲ ਭਰਿਆ ਹੁੰਦਾ ਹੈ, ਉਹ ਨਵੀਂ ਗੱਲ ਜਾਂ ਚੰਗੀ ਸਲਾਹ ਕਦੇ ਕਬੂਲ ਨਹੀਂ ਕਰ ਸਕਦਾ। ਇੱਕ ਨਿਮਰ ਵਿਅਕਤੀ ਹਮੇਸ਼ਾ ਇੱਕ ਉਤਸੁਕ ਵਿਦਿਆਰਥੀ ਵਾਂਗ ਜਿਊਂਦਾ ਹੈ। ਉਹ ਛੋਟੇ ਤੋਂ ਛੋਟੇ ਇਨਸਾਨ ਤੋਂ ਵੀ ਕੁਝ ਨਾ ਕੁਝ ਸਿੱਖਣ ਲਈ ਤਿਆਰ ਰਹਿੰਦਾ ਹੈ। ਦੁਨੀਆ ਦੇ ਮਹਾਨ ਨੇਤਾ, ਵਿਗਿਆਨੀ ਅਤੇ ਚਿੰਤਕ ਇਸੇ ਲਈ ਵੱਡੇ ਬਣ ਸਕੇ ਕਿਉਂਕਿ ਉਨ੍ਹਾਂ ਦੇ ਅੰਦਰ ਸਿੱਖਣ ਦੀ ਨਿਮਰਤਾ ਹਮੇਸ਼ਾ ਕਾਇਮ ਰਹੀ।

ਅੱਜ ਦਾ ਮਨੁੱਖ ਤਣਾਅ, ਚਿੰਤਾ ਅਤੇ ਮਾਨਸਿਕ ਅਸ਼ਾਂਤੀ ਨਾਲ ਘਿਰਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਹਰ ਵੇਲੇ ਦੂਜਿਆਂ ਨਾਲ ਆਪਣੀ ਤੁਲਨਾ ਕਰਦੇ ਹਾਂ ਅਤੇ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਸਾਬਤ ਕਰਨ ਦੀ ਕੋਸ਼ਿਸ਼ ਵਿੱਚ ਥੱਕ ਜਾਂਦੇ ਹਾਂ। ਜਦੋਂ ਅਸੀਂ ਨਿਮਰਤਾ ਨੂੰ ਅਪਣਾ ਲੈਂਦੇ ਹਾਂ, ਤਾਂ ਸਾਬਤ ਕਰਨ ਦੀ ਇਹ ਬੇਲੋੜੀ ਦੌੜ ਖ਼ਤਮ ਹੋ ਜਾਂਦੀ ਹੈ। ਮਨ ਨੂੰ ਇੱਕ ਅਲੌਕਿਕ ਠਰੰਮਾ ਅਤੇ ਠੰਢਕ ਪ੍ਰਾਪਤ ਹੁੰਦੀ ਹੈ। ਸਾਨੂੰ ਇਹ ਸੋਝੀ ਆ ਜਾਂਦੀ ਹੈ ਕਿ ਇਸ ਸੰਸਾਰ ਵਿੱਚ ਸਭ ਕੁਝ ਪਰਮਾਤਮਾ ਦੀ ਦੇਣ ਹੈ, ਅਤੇ ਸਾਡਾ ਆਪਣਾ ਕੋਈ ਵੱਖਰਾ ਵਜੂਦ ਨਹੀਂ।

ਨਿਮਰਤਾ ਕੋਈ ਅਜਿਹਾ ਪਹਿਰਾਵਾ ਨਹੀਂ ਹੈ ਜੋ ਅਸੀਂ ਕਦੇ-ਕਦੇ ਦਿਖਾਵੇ ਲਈ ਪਾ ਲਈਏ, ਸਗੋਂ ਇਹ ਸਾਡੀ ਜੀਵਨ ਸ਼ੈਲੀ ਅਤੇ ਸੋਚ ਦਾ ਹਿੱਸਾ ਹੋਣੀ ਚਾਹੀਦੀ ਹੈ। ਜਿਵੇਂ ਮੱਖਣ ਪ੍ਰਾਪਤ ਕਰਨ ਲਈ ਦੁੱਧ ਨੂੰ ਰਿੜਕਣਾ ਪੈਂਦਾ ਹੈ, ਉਵੇਂ ਹੀ ਜੀਵਨ ਦਾ ਅਸਲ ਸੁਆਦ ਲੈਣ ਲਈ ਮਨ ਨੂੰ ਨਿਮਰਤਾ ਦੇ ਸਾਂਚੇ ਵਿੱਚ ਢਾਲਣਾ ਪੈਂਦਾ ਹੈ। ਜੇਕਰ ਅਸੀਂ ਆਪਣੇ ਅੰਦਰ ਨਿਮਰਤਾ ਅਤੇ ਬੋਲਾਂ ਵਿੱਚ ਮਿਠਾਸ ਪੈਦਾ ਕਰ ਲਈਏ, ਤਾਂ ਸਾਡਾ ਆਪਣਾ ਜੀਵਨ ਤਾਂ ਖੂਬਸੂਰਤ ਬਣੇਗਾ ਹੀ, ਨਾਲ ਹੀ ਅਸੀਂ ਆਪਣੇ ਆਲੇ-ਦੁਆਲੇ ਵੀ ਪਿਆਰ ਅਤੇ ਸ਼ਾਂਤੀ ਦੀ ਮਹਿਕ ਬਿਖੇਰ ਸਕਾਂਗੇ।

**ਕੁਲਬੀਰ ਸ਼ਰਮਾ**
**ਪਿੰਡ ਅਤੇ ਡਾਕ: ਝਬੇਲਵਾਲੀ**
**ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਪੰਜਾਬ**
**ਮੋਬਾਈਲ ਨੰਬਰ:** 8427212104

# ਲੇਹ-ਲਦਾਖ਼: ਫਿਰਦੌਸ ਦੀ ਇੱਕ ਝਲਕ



ਜਗਜੀਤ ਸਿੰਘ ਗਣੇਸ਼ਪੁਰ,
ਵਟਸਐਪ: +919465576022

ਕਾਦਰ ਦੀ ਸਾਜੀ-ਨਿਵਾਜੀ ਇਹ ਬੇਅੰਤ, ਬੇਸ਼ੁਮਾਰ ਤੇ ਬਹੁਰੰਗੀ ਕੁਦਰਤ ਉਸ ਦੀ ਖ਼ੂਬਸੂਰਤ ਇਬਾਰਤ ਹੈ, ਅਜਿਹੀ ਹੀ ਇੱਕ ਕੁਦਰਤੀ ਨਿਯਮਤਾ ਨਾਲ ਲਬਰੇਜ ਧਰਤੀ ਹੈ: ਲੇਹ-ਲਦਾਖ, ਜਿਸ ਦਾ ਨਾਮ ਸੁਣਦਿਆਂ ਹੀ ਮਨ ਕੁਦਰਤ ਦੀ ਸੁੰਦਰਤਾ ਦੇ ਗੁਣ-ਗਾਣ ਕਰਨ ਲਈ ਅੰਸ਼-ਅੰਸ਼ ਕਰ ਉੱਠਦਾ ਹੈ। ਲੱਦਾਖ ਸਫ਼ਰਨਾਮੇ ਦੇ ਚੋਥੇ ਦਿਨ ਯਾਨੀ ਕਿ 13 ਜੂਨ ਨੂੰ ਸਾਡੀ ਮੁੱਖ ਮੰਜ਼ਿਲ ਲੇਹ ਪਹੁੰਚਣ ਦੀ ਸੀ, ਆਰੀਅਨ ਵੈਲੀ ਦੇ ਵਿਲੱਖਣ ਸੱਭਿਆਚਾਰ ਦੇ ਰੂ-ਬ-ਰੂ ਹੋਣ ਤੋਂ ਬਾਅਦ ਕਈ ਸਵਾਲਾਂ ਦੇ ਜਵਾਬ ਲੱਭਦੇ ਅਸੀਂ (ਪੰਜੇ ਦੌਸਤ: ਰਵਿੰਦਰ ਸਿੰਘ, ਜਤਿੰਦਰ ਮੋਹਨ, ਕਰਨੈਲ ਸਿੰਘ, ਬਲਵਿੰਦਰ ਸਿੰਘ ਅਤੇ ਇਨ੍ਹਾਂ ਸਤਰਾਂ ਦਾ ਲੇਖਕ) 'ਖਲਸੀ' ਵਲ ਹੋ ਤੁਰੇ, ਦੱਸ ਦਿਆਂ ਕਿ 'ਖਲਸੀ' ਦੇ ਸਥਾਨ ਉਪਰ ਹੀ ਕਾਰਗਿਲ ਤੋਂ ਲੇਹ ਜਾਣ ਦੇ ਦੋਵੇਂ ਰਸਤੇ ਯਾਨੀ ਕਿ ਲੇਹ ਵਾਇਆ ਬਟਾਲਿਕ ਸੈਕਟਰ ਜਾਂ ਲੇਹ ਵਾਇਆ ਲਾਮਾਯਰੂ ਆ ਕੇ ਮਿਲਦੇ ਹਨ।ਮੋਟਰਬਾਈਕਰਾਂ ਦੀ ਸੂਚੀ ਵਿੱਚ ਲੇਹ-ਲਦਾਖ ਇਕ ਖਾਸ ਸਥਾਨ ਰੱਖਦਾ ਹੈ।ਲੈਂਡਸਕੇਪ, ਸ੍ਰੀਨਗਰ ਤੋਂ ਲੱਦਾਖ ਦੇ ਲੇਹ ਤੱਕ ਦੇ ਸਫਰ ਨੂੰ ਸਭ ਤੋਂ ਯਾਦਗਾਰ ਯਾਤਰਾਵਾਂ ਵਿੱਚੋਂ ਇੱਕ ਬਣਾਉਂਦੇ ਹਨ।

ਆਰੀਅਨ ਵੈਲੀ ਤੋਂ ਲੇਹ ਦੀ ਦੂਰੀ ਤਕਰੀਬਨ 170 ਕਿਲੋਮੀਟਰ ਦੇ ਨੇੜੇ-ਤੇੜੇ ਹੈ, ਵੈਲੀ ਤੋਂ ਖਲਸੀ ਤੱਕ ਦਾ ਸੁਹਾਵਣਾ ਸਫਰ, ਟੇਡੇ-ਮੇਢੇ ਰਸਤੇ ਦੇ ਉਪਰ, ਸਿੰਧ ਦਰਿਆ ਜਿਸ ਨੂੰ ਅੰਗਰੇਜੀ ਵਿੱਚ 'ਇੰਡਸ' ਦਰਿਆ ਵੀ ਕਹਿੰਦੇ ਹਾਂ ਦੇ ਨਾਲ-ਨਾਲ ਚਲਦਾ ਹੈ, ਗਗਨ ਚੁੰਬੀ ਪਹਾੜਾਂ ਅਤੇ ਹੇਠਾਂ ਕਲ-ਕਲ ਵਗਦਾ ਸਿੰਧ ਦਰਿਆ, ਸਫਰ ਨੂੰ ਬਹੁਤ ਹੀ ਖ਼ੂਬਸੂਰਤੀ ਬਖਸ਼ਦਾ ਹੈ।ਖਲਸੀ ਤੋਂ ਚਾਹ-ਪਾਣੀ ਪੀ ਕੇ ਅਸਾਂ ਹੁਣ ਲੇਹ ਵੱਲ ਨੂੰ ਰਵਾਨਾ ਹੋ ਪਏ।ਦ੍ਰਿਸ਼ ਕਮਾਲ ਦੇ ਸਨ, ਰੰਗ-ਬਿਰੰਗੇ ਪਹਾੜ ਤਾਂ ਇਸ ਤੋਂ ਪਹਿਲਾਂ ਅਸੀ ਨਹੀਂ ਸਨ ਵੇਖੇ।ਰਮਣੀਕ ਥਾਵਾਂ 'ਤੇ ਰੁਕ-ਰੁਕ ਕੇ ਕੁਦਰਤੀ ਨਜ਼ਾਰਿਆਂ ਦਾ ਅਨੰਦ ਮਾਣਦੇ ਹੋਏ ਅਸੀਂ ਤਸਵੀਰਾਂ ਵਿੱਚ ਇਨ੍ਹਾਂ ਸੁਨਿਹਰੀ ਯਾਦਾ ਨੂੰ ਕੈਦ ਕਰਨ ਦਾ ਯਤਨ ਕਰ ਰਹੇ ਸਾਂ।

ਸਾਨੂੰ ਆਰੀਅਨ ਵੈਲੀ ਵਿੱਚੋਂ ਨਿਕਲਦਿਆਂ ਕਾਫੀ ਦੇਰ ਹੋ ਗਈ ਸੀ, ਇਸ ਲਈ ਸਾਨੂੰ 'ਖਲਸੀ' ਹੀ ਅੱਠ ਵੱਜ ਗਏ ਸੀ ਪਰੰਤੂ ਨਾਲ ਦੇ ਸਾਥੀ ਲੇਹ ਜਾ ਕੇ ਹੀ ਰਾਤ ਰੁਕਣਾ ਚਾਹੁੰਦੇ ਸੀ।ਉਪਰੋਂ ਗੱਡੀ ਦਾ ਟਾਇਰ ਪੈਂਚਰ ਹੋ ਗਿਆ, ਇਸ ਤੋਂ ਵੀ ਵੱਧ ਕੀ ਮਾੜਾ ਹੋ ਸਕਦਾ ਸੀ ਕਿ ਸਟਿਪਨੀ ਵਾਲੇ ਟਾਇਰ ਬਦਲਣ ਲੱਗੇ ਤਾਂ ਵੇਖਣ ਤੇ ਪਤਾ ਲੱਗਾ ਕਿ ਹਵਾ ਉਸ ਵਿੱਚ ਵੀ ਨਹੀਂ ਸੀ, ਰਸਤੇ ਵਿੱਚ ਦੂਰ-ਦੂਰ ਤੱਕ ਕੋਈ ਨਹੀਂ ਦਿਸ ਰਿਹਾ ਸੀ, ਇਹ ਤਾਂ ਭਲਾ ਹੋਵੇ ਪਿੱਛੇ ਆਈ ਸੰਗਰੂਰ ਵਾਲੇ ਰਮਨਦੀਪ ਹੁਰਾਂ ਦਾ ਜਿੰਨਾ ਕੋਲ ਗੱਡੀ ਵਿੱਚ ਪੰਪ ਸੀ ਜਿਸ ਨਾਲ ਹਵਾ ਭਰ ਕੇ ਅਸੀਂ ਅੱਗੇ ਵਧੇ ਤੇ ਫਿਰ ਨਿਮੂ ਜਾ ਕੇ ਪੈਂਚਰ ਲਵਾਇਆ।ਰਾਤ ਦੇ ਤਕਰੀਬਨ 11ਵੱਜ ਚੁੱਕੇ ਸਨ।ਹੁਣ ਅਸੀ ਦੁਚਿੱਤੀ ਸਾਂ ਕਿ ਨਿਮੂ ਰੁਕਿਆ ਜਾਏ ਜਾਂ ਫਿਰ ਲੇਹ ਹੀ ਜਾਇਆ ਜਾਏ। ਅਸੀਂ ਉੱਥੇ 'ਐਪਰੀਕੋਟ ਕਿਚਨ ਢਾਬੇ' ਵਿੱਚ ਰਾਤ ਦਾ ਖਾਣਾ ਖਾਧਾ, ਹੋਟਲ ਦੇ ਮਾਲਕ ਨਾਲ ਅਸੀਂ ਲੇਹ ਰੁਕਣ ਲਈ ਕਿਸੇ ਹੋਟਲ ਵਿੱਚ ਕਮਰੇ ਦਾ ਇੰਤਜਾਮ ਬਾਰੇ ਗੱਲ ਕੀਤੀ।ਕਿਉਂਕਿ ਅਸੀਂ ਇੰਟਰਨੈੱਟ ਉਪਰ ਜਿਹੜੇ ਵੀ ਉਪਲਬਧ ਹੋਟਲਾਂ ਦੇ ਨੰਬਰ ਸਨ, ਉਨ੍ਹਾਂ ਤੇ ਸੰਪਰਕ ਕਰ ਚੁੱਕੇ ਸਾ ਪਰੰਤੂ ਸਭ ਬੂਕਿੰਗ ਫੁੱਲ ਜਾਂ ਫਿਰ ਕਿਰਾਇਆ ਬਹੁਤ ਜਿਆਦਾ ਦੱਸ ਰਹੇ ਸਨ। ਇੱਥੇ ਹੁਣ ਤੁਹਾਡੇ ਕਿਰਦਾਰ ਕੰਮ ਆਉਂਦੇ ਹਨ।ਹੋਟਲ ਦੇ ਮਾਲਕ ਦੀ ਪਤਨੀ ਜਿਹੜੀ ਉੱਥੇ ਹੀ ਮੌਜੂਦ ਸੀ, ਉਨ੍ਹਾਂ ਦੇ ਦੱਸਣ ਮੁਤਾਬਕ ਪਹਿਲਾ ਸਕੂਲ ਵਿੱਚ ਅਧਿਆਪਕ ਸੀ ਫਿਰ ਉਹ ਦੋਵੇ ਪਤੀ-ਪਤਨੀ ਹੋਟਲ ਬਿਜਨਸ ਵਿੱਚ ਆ ਗਏ।ਉਹ ਪੜਨ ਲਈ ਚੰਡੀਗੜ੍ਹ ਆਈ ਸੀ, ਇੱਥੇ ਪੰਜਾਬੀਆਂ ਦੇ ਖੁੱਲੇ-ਡੁੱਲੇ ਸੁਭਾਅ ਅਤੇ ਪ੍ਰਾਹੁਣਚਾਰੀ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ, ਉਨ੍ਹਾਂ ਦੇ ਹੋਟਲ ਬੰਦ ਕਰਨ ਦਾ ਸਮਾਂ ਵੀ ਹੋ ਰਿਹਾ ਸੀ , ਉਹ ਰਹਿਣ ਵਾਲੇ ਵੀ ਲੇਹ ਦੇ ਹੀ ਸਨ, ਨਿਮੂ ਤੋਂ ਲੇਹ ਤਕਰੀਬਨ 35 ਕਿਲੋਮੀਟਰ ਹੈ, ਉਸ ਦਾ ਪਤੀ ਨੇ ਸਾਨੂੰ ਆਪ ਰਾਤ ਦੇ ਤਕਰੀਬਨ ਇਕ ਵਜੇ ਹੋਟਲ ਵਿੱਚ ਜਾ ਕੇ ਵਾਜਬ ਮੁੱਲ ਤੇ ਕਮਰਾ ਦਿਵਾਇਆ।ਸਾਡਾ ਪ੍ਰੋਗਰਾਮ ਇਕ ਦਿਨ ਲੇਹ ਰੁੱਕ ਕੇ ਵਾਪਸੀ ਸਮੇਂ ਤਸੱਲੀ ਨਾਲ ਗੁਰਦੁਆਰਾ ਪੱਥਰ ਸਾਹਿਬ ਦਰਸ਼ਨ ਕਰਨ ਦਾ ਬਣਿਆ ਸੀ।ਵੈਸੇ ਸਾਡਾ ਪ੍ਰੋਗਰਾਮ ਲੇਹ ਤੋਂ ਮਨਾਲੀ ਰਾਹੀ ਵਾਪਸੀ ਕਰਨ ਦਾ ਸੀ ਪਰੰਤੂ ਸਾਨੂੰ ਇਸ ਸਫਰ ਦੌਰਾਨ ਮੌਸਮ ਦੀ ਖਰਾਬੀ ਅਤੇ ਮਨਾਲੀ ਵਿੱਚ ਟ੍ਰੈਫਿਕ ਜਾਮ ਅਤੇ ਸੜਕ ਦੀ ਖਸਤਾ ਹਾਲਤ ਕਾਰਨ ਲੇਹ ਤੋਂ ਵਾਪਸ ਸ੍ਰੀਨਗਰ ਵੱਲ ਵਾਪਸੀ ਕਰਨ ਦਾ ਹੀ ਪ੍ਰੋਗਰਾਮ ਬਣਾਉਣਾ ਪਿਆ।




ਲੇਹ ਲੱਦਾਖ ਦੀ ਸਾਂਝੀ ਰਾਜਧਾਨੀ (ਸਰਦੀਆਂ ਵਿੱਚ ਕਾਰਗਿਲ) ਅਤੇ ਸਭ ਤੋਂ ਵੱਡਾ ਸਹਿਰ ਹੈ। ਲੇਹ 3,524 ਮੀਟਰ (11,562 ਫੁੱਟ) ਦੀ ਉਚਾਈ 'ਤੇ ਹੈ, ਅਤੇ ਰਾਸਟਰੀ ਰਾਜਮਾਰਗ 1 ਦੁਆਰਾ ਦੱਖਣ-ਪੱਛਮ ਵਿੱਚ ਸ੍ਰੀਨਗਰ ਅਤੇ ਦੱਖਣ ਵਿੱਚ ਮਨਾਲੀ ਨਾਲ ਲੇਹ-ਮਨਾਲੀ ਹਾਈਵੇ (ਰਾਸਟਰੀ ਰਾਜਮਾਰਗ 3 ਦਾ ਹਿੱਸਾ) ਰਾਹੀਂ ਜੁੜਿਆ ਹੋਇਆ ਹੈ। ਇਹ ਸਹਿਰ ਸਿੰਧ ਦੇ ਕਿਨਾਰੇ ਸਥਿਤ ਹੈ। ਮੁੱਖ ਪਹੁੰਚ ਸੜਕਾਂ ਵਿੱਚ 434 ਕਿਲੋਮੀਟਰ ਸ੍ਰੀਨਗਰ-ਲੇਹ ਹਾਈਵੇਅ ਸਾਮਲ ਹੈ ਜੋ ਲੇਹ ਨੂੰ ਸ੍ਰੀਨਗਰ ਨਾਲ ਜੋੜਦਾ ਹੈ ਅਤੇ 428 ਕਿਲੋਮੀਟਰ ਲੇਹ-ਮਨਾਲੀ ਹਾਈਵੇਅ ਜੋ ਮਨਾਲੀ ਨੂੰ ਲੇਹ ਨਾਲ ਜੋੜਦਾ ਹੈ।ਲੇਹ ਵਿੱਚ ਨਵੰਬਰ ਦੇ ਅਖੀਰ ਤੋਂ ਮਾਰਚ ਦੇ ਸੁਰੂ ਵਿੱਚ ਲੰਮੀ, ਠੰਡੀਆਂ ਸਰਦੀਆਂ ਹੁੰਦੀਆਂ ਹਨ।ਜਿਸ ਦੇ ਫਲਸਰੂਪ ਸ੍ਰੀਨਗਰ ਅਤੇ ਮਨਾਲੀ ਤੋਂ ਪਹੁੰਚਣ ਵਾਲੀਆਂ ਸੜਕਾਂ ਅਕਸਰ ਸਰਦੀਆਂ ਵਿੱਚ ਬਰਫ ਨਾਲ ਬੰਦ ਹੋ ਜਾਂਦੀਆਂ ਹਨ, ਸਿੰਧੂ ਘਾਟੀ ਵਿੱਚ ਸਥਾਨਕ ਸੜਕਾਂ ਆਮ ਤੌਰ 'ਤੇ ਮੀਂਹ ਅਤੇ ਬਰਫਬਾਰੀ ਦੇ ਘੱਟ ਪੱਧਰ ਕਾਰਨ ਖੁੱਲ੍ਹੀਆਂ ਰਹਿੰਦੀਆਂ ਹਨ।ਇਥੇ ਬਹੁਤ ਸਾਰੇ ਬੁੱਧ ਮੱਠ ਹਨ। ਸੈਲਾਨੀਆਂ ਨੂੰ ਇੱਥੇ ਸਮਾਂ ਬਿਤਾ ਕੇ ਅਸੀਮ ਆਤਮਕ ਸ਼ਾਂਤੀ ਮਿਲਦੀ ਹੈ।ਮੱਠਾਂ ਇਵੇਂ ਪ੍ਰਤੀਤ ਹੁੰਦੇ ਸਨ ਕਿ ਜਿਵੇਂ ਕਿਸੇ ਰਹੱਸ ਦਾ ਪ੍ਰਗਟਾਵਾ ਕਰਦੇ ਹੋਣ।

ਚੱਲੋ ਗੱਲ ਤੋਰਦੇ ਹਾਂ ਆਪਣੇ ਸਫਰਨਾਮੇ ਦੀ, ਰਾਤ ਹੋਟਲ ਦੇ ਕਮਰੇ ਵਿੱਚ ਬਿਤਾਉਣ ਤੋਂ ਬਾਅਦ ਸਵੇਰੇ ਸਵੱਖਤੇ ਹੀ ਅਸੀਂ ਗੁਰਦੁਆਰਾ ਦਾਤਨ ਸਾਹਿਬ ਜਿਸ ਧਰਤੀ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਜੀ ਉਦਾਸੀ ਸਮੇਂ ਸੰਨ 1517 ਈਸਵੀ ਭਾਗ ਲਾਏ ਸੀ, ਜੀ ਦੇ ਦਰਸ਼ਨ ਕੀਤੇ, ਗ੍ਰੰਥੀ ਸਾਹਿਬ ਜੀ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਜੀ ਦੀ ਸੁੰਦਰ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ।ਕੋਰੋਨਾ ਮਹਾਮਾਰੀ ਕਾਰਨ ਸਭ ਕੁੱਝ ਬੰਦ ਹੋਣ ਕਾਰਨ ਕੰਮ ਵਿੱਚ ਦੇਰੀ ਹੋ ਰਹੀ ਹੈ।ਉੱਥੋ ਦੇ ਲੋਕ ਗੁਰਦੁਆਰਾ ਸਾਹਿਬ ਵਿਖੇ ਬਿਰਾਜਮਾਨ ਦਰੱਖਤ ਨੂੰ ਆਪਣੇ ਪਾਵਨ ਗੁਰੂ 'ਰਿਮਪੋਚੇ ਲਾਮਾ' ਦੇ ਰੂਪ ਵਿੱਚ ਪੂਜਦੇ ਹਨ।ਅਜਿਹਾ ਗੁਰਦੁਆਰਾ ਸਾਹਿਬ ਵਿਖੇ ਇਤਿਹਾਸ ਪੜਨ ਨੂੰ ਮਿਲਦਾ ਹੈ।ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਮੇਰੀ ਜੋ ਸਭ ਤੋਂ ਪਹਿਲੀ ਰੀਝ ਹੁੰਦੀ ਹੈ ਕਿ ਹਰ ਸਵੇਰ ਅਖਬਾਰ ਪੜਨਾ, ਖਾਸਕਰ ਜਿਸ ਜਗ੍ਹਾ ਤੁਸੀਂ ਗਏ ਹੋ ਉਥੋਂ ਦੇ ਸਥਾਨਕ ਅਖਬਾਰ, ਮੈਂ ਲੱਭਦਾ ਲਭਾਉਂਦਾ ਏਬੀਸੀ ਨਿਊਜ ਏਜੰਸੀ ਪਹੁੰਚਿਆ ਤਾਂ ਮੈਨੂੰ ਉਥੇ ਦੇ ਮੈਨੇਜਰ ਹੁਸਨ ਲਾਲ ਜੀ ਮਿਲੇ ਇਤਫਾਕ ਨਾਲ ਉਹ ਵੀ ਹੁਸ਼ਿਆਰਪੁਰ ਦੇ ਇਤਿਹਾਸਕ ਪਿੰਡ ਬਜਵਾੜਾ ਤੋਂ ਸਨ।ਉਨ੍ਹਾਂ ਬੜੀ ਗਰਮਜੋਸੀ ਨਾਲ ਸਾਡਾ ਸਵਾਗਤ ਕੀਤਾ।'ਗਰੇਟਰ ਲਦਾਂਖ', 'ਵੋਇਸ ਆਫ ਲਦਾਖ', 'ਸਿਟੀ ਰਿਪੋਰਟਰ', 'ਦਾ ਨੋਰਥ ਲਾਈਨਸ', 'ਦਾ ਅਰਥ ਨਿਊਜ', 'ਲਦਾਖ ਬੁਲੇਟਿਨ', 'ਦਾ ਐਕਸਲੈਸਰ', 'ਦੈਨਿਕ ਜਾਗਰਣ', 'ਦੈਨਿਕ ਟ੍ਰਿਬਿਊਨ', ਆਦਿ।ਅਖਬਾਰਾਂ ਪਹੁੰਚਦੀਆਂ ਹਨ। ਸਥਾਨਕ ਅਖਬਾਰਾ ਜਿਆਦਾਤਰ ਹਫਤਾਵਾਰੀ ਪੜਨ ਨੂੰ ਮਿਲਦੀਆਂ ਹਨ।ਦੈਨਿਕ ਜਾਗਰਣ, ਦੈਨਿਕ ਟ੍ਰਿਬਿਊਨ ਨਿਯਮਿਤ ਰੂਪ ਵਿੱਚ ਪਹੁੰਚਦਾ ਹੈ।ਪਰੰਤੂ ਸਿਆਲ ਵਿੱਚ ਬਰਫ ਪੈਣ ਜਾਂ ਮੌਸਮ ਖਰਾਬ ਹੋਣ ਕਾਰਨ ਸਭ ਕੁੱਝ ਬੰਦ ਹੋ ਜਾਂਦਾ ਹੈ।ਲੇਹ ਕੁਸੋਕ ਬਕੁਲਾ ਰਿੰਪੋਚੀ' ਹਵਾਈ ਅੱਡੇ ਤੋਂ ਦਿੱਲੀ, ਜੰਮੂ, ਸ੍ਰੀਨਗਰ ਅਤੇ ਚੰਡੀਗੜ੍ਹ ਲਈ ਉਡਾਣਾਂ ਹਨ। ਏਅਰ ਇੰਡੀਆ, ਗੋ ਫਸਟ, ਇੰਡੀਗੋ ਅਤੇ ਵਿਸਤਾਰਾ ਸੀਜਨਸਮੇਂ ਦੌਰਾਨ ਕਈ ਉਡਾਣਾਂ ਦੇ ਨਾਲ ਰੋਜਾਨਾ ਦਿੱਲੀ ਤੋਂ ਲੇਹ ਦਾ ਸੰਚਾਲਨ ਕਰਦੀ ਹੈ।ਕਿਉਂਕਿ ਲੇਹ ਉੱਚੀ ਉਚਾਈ 'ਤੇ ਸਥਿਤ ਹੈ, ਆਕਸੀਜਨ ਦੀ ਕਮੀ ਕਾਰਨ ਸਾਹ ਲੈਣ ਵਿੱਚ ਸਮੱਸਿਆ ਹੋ ਸਕਦੀ ਹੈ।ਸੈਲਾਨੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਯਾਤਰਾ 'ਤੇ ਜਾਣ ਤੋਂ ਪਹਿਲਾਂ ਆਪਣੇ ਡਾਕਟਰਾਂ ਨਾਲ ਸਲਾਹ-ਮਸਵਰਾ ਕਰਨ ਅਤੇ ਢੁਕਵੇਂ ਊਨੀ ਕੱਪੜਿਆਂ ਦਾ ਪ੍ਰਬੰਧ ਕਰਨ ਕਿਉਂਕਿ ਸਰਦੀਆਂ ਵਿੱਚ ਤਾਪਮਾਨ -20 ਡਿਗਰੀ ਤੋਂ ਵੱਧ ਜਾਂਦਾ ਹੈ।

ਇਸ ਤੋਂ ਬਾਅਦ ਅਸੀਂ ਲੇਹ ਬਜਾਰ ਵਿੱਚ ਖਰੀਦਦਾਰੀ ਕਰਨ ਨਿਕਲੇ, ਬਜਾਰ ਖੁੱਲਾ-ਡੁੱਲਾ ਸੀ, ਸਫਾਈ ਦਾ ਵੀ ਖਾਸ ਧਿਆਨ ਸੀ, ਲੇਹ ਵਾਸੀਆਂ ਦੇ ਪਰੰਪਰਾਗਤ ਕਪੜੇ, ਗਹਿਣਿਆਂ ਤੋਂ ਇਲਾਵਾਂ ਬ੍ਰਾਡਿਡ ਕਪੜੇ ਦੇ ਸ਼ੋਅ ਰੂਮ ਉਪਲਬਧ ਹਨ, ਅਸੀਂ ਲੇਹ ਸ਼ਹਿਰ ਵਿੱਚ ਪ੍ਰਸਿਧ ਬੋਧੀ ਜੋਖਾਂਗ ਮੰਦਿਰ

ਦੇ ਦਰਸ਼ਨਾਂ ਨੂੰ ਗਏ।ਦੱਸ ਦੇਵਾਂ ਕਿ ਇਸ ਦੀ ਉਸਾਰੀ 1957 ਈਸਵੀ ਵਿੱਚ ਕਰਵਾਈ ਗਈ, ਜੋ ਸੈਲਾਨੀਆਂ ਲਈ ਦਿਨ ਭਰ ਖੁੱਲ੍ਹਾ ਰਹਿੰਦਾ ਹੈ।ਜੋਖਾਂਗ ਗੋਂਪਾ ਲੇਹ ਦੇ ਮੇਨ ਬਜਾਰ ਤੋਂ ਬਿਲਕੁਲ ਕੋਨੇ ਦੇ ਆਲੇ-ਦੁਆਲੇ ਇੱਕ ਵਿਸਾਲ ਆਧੁਨਿਕ ਗੋਂਪਾ ਹੈ। ਇਥੇ ਲੱਦਾਖੀ ਬੋਧੀ ਐਸੋਸੀਏਸਨ ਦਾ ਦਫਤਰ ਵੀ ਹੈ। ਤੁਸੀਂ ਇੱਥੇ ਸਵੇਰ ਦੀਆਂ ਪ੍ਰਾਰਥਨਾਵਾਂ ਲਈ ਭਿਕਸੂਆਂ ਨੂੰ ਇਕੱਠੇ ਹੁੰਦੇ ਦੇਖ ਸਕਦੇ ਹੋ।ਜਿਸ ਦਿਨ ਅਸੀਂ ਲੇਹ ਸਾਂ ਜੋ ਗੱਲ ਮੈਨੂੰ ਸਭ ਤੋਂ ਵਧੀਆ ਲੱਗੀ ਕਿ ਉਨ੍ਹਾਂ ਦੇ ਧਾਰਮਿਕ ਕੈਲੰਡਰ ਅਨੁਸਾਰ ਕੋਈ ਖਾਸ ਦਿਨ ਸੀ ਜਿਸ ਦੇ ਮੱਦੇਨਜਰ ਸਾਰਾ ਲੇਹ ਸ਼ਹਿਰ ਵਿੱਚ ਕਿਸੇ ਵੀ ਦੁਕਾਨ, ਢਾਬੇ ਤੇ ਕੋਈ ਵੀ ਮੀਟ-ਮਾਸ ਦੀ ਵਿਕਰੀ ਨਹੀਂ ਹੋ ਰਹੀ ਸੀ। ਇਸ ਤੋਂ ਬਾਅਦ ਅਸੀ ਬਜਾਰ ਵਿੱਚ ਘੁੰਮ ਰਹੇ ਸੀ ਤਾਂ ਅਸੀਂ ਏਟੀਐਮ ਵਿੱਚੋਂ ਪੈਸੇ ਕਢਵਾਉਣ ਲੱਗੇ ਤਾਂ ਪੰਜਾਬ ਨੈਸ਼ਨਲ ਬੈਂਕ ਦੇ ਸਾਹਮਣੇ ਸਾਨੂੰ ਗੁਰਦੁਆਰਾ ਧਰਮਸਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦਾ ਵੀ ਮੌਕਾ ਮਿਲਿਆ, ਲਕੜੀ ਦੀ ਬਣੀ ਪੌੜੀ ਉਪਰ ਚੜ ਕੇ ਤੀਜੀ ਮੰਜ਼ਿਲ ਤੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਹਾਲਤ ਖਸਤਾ ਹੈ।ਦਜੀ ਮੰਜਿਲ ਉਪਰ ਹਿੰਦੂ ਧਰਮਸਾਲਾ ਅਤੇ ਹੇਠਾਂ ਦੁਕਾਨਾਂ ਹਨ।

ਜਿੰਨੀ ਲੱਦਾਖ ਦੀ ਕੁਦਰਤੀ ਸੁੰਦਰਤਾ ਲੋਕਾਂ ਨੂੰ ਦਿਲਚਸਪ ਬਣਾਉਂਦੀ ਹੈ, ਪ੍ਰਾਚੀਨ ਸਮਾਰਕ ਅਤੇ ਇਤਿਹਾਸ ਵੀ ਬਹੁਤ ਮਹੱਤਵ ਰੱਖਦੇ ਹਨ।ਲੱਦਾਖ ਵਿੱਚ ਕਈ ਪ੍ਰਾਚੀਨ ਅਤੇ ਇਤਿਹਾਸਕ ਸਮਾਰਕ ਹਨ, ਅਜਿਹਾ ਹੀ ਇਕ ਸਥਾਨ ਹੈ: ਜੋਰਾਵਰ ਫੋਰਟ।ਜਨਰਲ ਜੋਰਾਵਰ ਸਿੰਘ ਜੰਮੂ ਦੇ ਰਾਜਾ ਗੁਲਾਬ ਸਿੰਘ ਅਤੇ ਸੇਰਾ ਪੰਜਾਬ ਦੇ ਸਿੱਖ ਸਾਸਕ ਮਹਾਰਾਜ ਰਣਜੀਤ ਸਿੰਘ ਦਾ ਇੱਕ ਫੌਜੀ ਜਰਨੈਲ ਸੀ। ਉਸਨੇ ਕਿਸਤਵਾੜ ਦੇ ਗਵਰਨਰ (ਵਜੀਰ-ਏ-ਵਜਾਰਤ) ਵਜੋਂ ਸੇਵਾ ਕੀਤੀ ਅਤੇ ਲੱਦਾਖ ਅਤੇ ਬਾਲਟਿਸਤਾਨ ਨੂੰ ਜਿੱਤ ਕੇ ਰਾਜ ਦੇ ਖੇਤਰਾਂ ਦਾ ਵਿਸਥਾਰ ਕੀਤਾ। ਕਿਲ੍ਹੇ ਵਿੱਚ ਇੱਕ ਇਤਿਹਾਸ ਦਾ ਕਮਰਾ ਹੈ ਜਿੱਥੇ ਚਿੱਤਰਕਾਰੀ ਅਤੇ ਲਿਖਤਾਂ ਸਮੇਤ ਇਤਿਹਾਸ ਦੀਆਂ ਸਾਰੀਆਂ ਕਲਾਕ੍ਰਿਤੀਆਂ ਅਤੇ ਮਹੱਤਵਪੂਰਨ ਚੀਜਾਂ ਰੱਖੀਆਂ ਗਈਆਂ ਹਨ।ਕਿਲ੍ਹੇ ਦਾ ਨਿਰਮਾਣ ਅਪ੍ਰੈਲ 1836 ਵਿਚ ਹੋਇਆ ਸੀ, ਕਿਲ੍ਹਾ ਰਣਨੀਤਕ ਤੌਰ 'ਤੇ ਲੇਹ ਪੈਲੇਸ ਦੇ ਉੱਪਰ ਸਥਿਤ ਹੈ ਤਾਂ ਜੋ ਆਲੇ-ਦੁਆਲੇ ਦੇ ਦੂਰ-ਦੁਰਾਡੇ ਦੇ ਦ੍ਰਿਸ ਨੂੰ ਦੇਖਿਆ ਜਾ ਸਕੇ।ਲੇਹ ਮਾਰਕੀਟ ਤੋਂ ਲਗਭਗ 1 ਕਿਲੋਮੀਟਰ ਦੀ ਦੂਰੀ 'ਤੇ ਹੈ।ਜੋਰੋਵਰ ਸਿੰਘ ਨੂੰ 'ਭਾਰਤ ਦਾ ਨੈਪੋਲੀਅਨ' ਅਤੇ 'ਲਦਾਖ ਦਾ ਵਿਜੇਤਾ' ਆਖ ਕੇ ਨਿਵਾਜਿਆ ਜਾਂਦਾ ਹੈ।

'ਹਾਲ ਆਫ ਫੇਮ' ਇੱਕ ਅਜਾਇਬ ਘਰ ਹੈ ਜੋ ਭਾਰਤੀ ਫੌਜ ਦੁਆਰਾ ਭਾਰਤ-ਪਾਕਿਸਤਾਨ ਯੁੱਧਾਂ ਵਿੱਚ ਮਾਤ ਭੂਮੀ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਭਾਰਤੀ ਸੈਨਿਕਾਂ ਦੀ ਯਾਦ ਵਿੱਚ ਬਣਾਇਆ ਗਿਆ ਹੈ। ਹਾਲ ਆਫ ਫੇਮ ਮਿਊਜੀਅਮ ਲੇਹ-ਕਾਰਗਿਲ ਰੋਡ 'ਤੇ ਲੇਹ ਸਹਿਰ ਤੋਂ ਲਗਭਗ 4 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਿਖਰਲੀ ਮੰਜ਼ਿਲ 'ਤੇ ਬੰਦੂਕਾਂ ਅਤੇ ਸਾਜੋ-ਸਾਮਾਨ ਹਨ ਜੋ ਭਾਰਤੀ ਫੌਜ ਦੁਆਰਾ ਪਾਕਿਸਤਾਨੀ ਫੌਜ ਨਾਲ ਲੜਾਈਆਂ ਦੌਰਾਨ ਹਿਰਾਸਤ ਵਿੱਚ ਲਏ ਗਏ ਹਨ। ਸਾਨੂੰ ਇਸ ਸਫਰ ਦੌਰਾਨ ਨੂਬਰਾ ਵੈਲੀ ਅਤੇਪੈਂਗੋਂਗ ਝੀਲ ਨਾ ਜਾ ਸਕਣ ਦਾ ਮਲਾਲ ਜਰੂਰ ਰਹੇਗਾ, ਦੱਸੀ ਚਲਾਂ ਕਿ ਪੈਂਗੌਂਗ ਝੀਲ, ਲਗਭਗ 4,350 ਮੀਟਰ ਦੀ ਉਚਾਈ 'ਤੇ ਸਥਿਤ ਦੁਨੀਆ ਦੀ ਸਭ ਤੋਂ ਉੱਚੀ ਖਾਰੇ ਵਾਲੇ ਪਾਣੀ ਦੀ ਝੀਲ ਹੈ। ਇਸ ਦਾ ਪਾਣੀ, ਜੋ ਕਿ ਨੀਲੇ ਰੰਗ ਵਿੱਚ ਰੰਗਿਆ ਜਾਪਦਾ ਹੈ।ਲਗਭਗ 160 ਕਿਲੋਮੀਟਰ ਤੱਕ ਫੈਲੀ, ਪੈਂਗੌਂਗ ਝੀਲ ਦਾ ਇੱਕ ਤਿਹਾਈ ਹਿੱਸਾ ਭਾਰਤ ਵਿੱਚ ਹੈ ਅਤੇ ਦੂਜਾ ਦੋ ਤਿਹਾਈ ਚੀਨ ਵਿੱਚ ਹੈ। ਪਿਛਲੇ ਸਮੇਂ ਵਿੱਚ ਹਿੰਦੀ ਫਿਲਮ 'ਥ੍ਰੀ ਇੰਡੀਟਸ' ਕਾਰਨ ਇਹ ਝੀਲ ਵਧੇਰੇ ਚਰਚਾ ਵਿੱਚ ਆਈ ਸੀ। ਹੁਣ ਅਸੀਂ ਆਪਣੇ ਮਨ ਵਿੱਚ ਗੁਰੂ ਨਾਨਕ ਦੇਵ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਪੱਥਰ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਲਈ ਆਪਣਾ ਸਫਰ ਸ਼ੁਰੂ ਕੀਤਾ।

ਗੁਰਦੁਆਰਾ ਪੱਥਰ ਸਾਹਿਬ ਜੋ ਕਿ ਲੇਹ ਤੋਂ ਲਗਭਗ 25 ਮੀਲ ਦੂਰ, ਲੇਹ-ਕਾਰਗਿਲ ਸੜਕ 'ਤੇ, ਸਮੁੰਦਰ ਤਲ ਤੋਂ ਤਕਰੀਬਨ 12000 ਫੁੱਟ ਦੀ ਉਚਾਈ 'ਤੇ, ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਯਾਦ ਵਿਚ ਉਸਾਰਿਆ ਗਿਆ ਇਕ ਸੁੰਦਰ ਗੁਰਦੁਆਰਾ ਸਾਹਿਬ ਹੈ।ਗੁਰਦੁਆਰਾ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੀ ਲੱਦਾਖ ਖੇਤਰ ਦੀ ਯਾਤਰਾ ਦੀ ਯਾਦ ਵਿਚ 1517 ਵਿਚ ਉਸਾਰਿਆ ਗਿਆ ਹੈ। ।ਆਪਣੇ ਜੀਵਨ ਕਾਲ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਕਈ ਦੂਰ-ਦੁਰਾਡੇ ਸਥਾਨਾਂ ਦੀ ਯਾਤਰਾ ਕੀਤੀ ਅਤੇ ਅਜਿਹਾ ਹੀ ਇੱਕ ਸਥਾਨ ਤਿੱਬਤ ਸੀ।ਗੁਰੂ ਨਾਨਕ ਦੇਵ ਜੀ ਨੂੰ ਤਿੱਬਤੀ ਬੋਧੀਆਂ ਦੁਆਰਾ ਚੰਗੀ ਤਰ੍ਹਾਂ ਸਤਿਕਾਰਿਆ ਜਾਂਦਾ ਹੈ ਜੋ ਉਨ੍ਹਾਂ ਨੂੰ ਸੰਤ ਮੰਨਦੇ ਹਨ; ਤਿੱਬਤ ਵਿੱਚ ਬੋਧੀਆਂ ਦੇ ਅਧਿਆਤਮਕ ਆਗੂ ਦਲਾਈ ਲਾਮਾ ਨੇ ਕੁਝ ਸਿੱਖ ਆਗੂਆਂ ਨਾਲ ਗੱਲਬਾਤ ਵਿੱਚ ਇਸ ਗੱਲ ਦੀ ਪੁਸਟੀ ਕਰਦਿਆਂ ਕਿਹਾ ਹੈ ਕਿ ਤਿੱਬਤ ਵਾਸੀ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਗੋਮਪਕਾ ਮਹਾਰਾਜ ਦੇ ਨਾਮ ਹੇਠ ਇੱਕ ਬੋਧੀ ਸੰਤ ਵਜੋਂ ਸਤਿਕਾਰਦੇ ਹਨ।ਮੌਜੂਦਾ ਸਮੇਂ ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਭਾਰਤੀ ਫੌਜ ਦੇ ਅਧੀਨ ਹੈ। ਗੁਰਦੁਆਰਾ ਸਾਹਿਬ ਦੀ ਖੂਬਸੂਰਤ ਇਮਾਰਤ ਹੈ ਅਤੇ ਸੁੰਦਰ ਦਰਬਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਭਾਇਮਾਨ ਹਨ। ਮੌਜੂਦਾ ਸਮੇਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਭਾਰਤੀ ਫੌਜ ਦੇ ਅਧੀਨ ਹੈ। ਅਸੀ ਉਥੇ ਫੋਜੀ ਵੀਰਾਂ ਨੂੰ ਮਿਲੇ ਜਿੰਨਾ ਬੜੇ ਹੀ ਪਿਆਰ-ਸਤਿਕਾਰ ਨਾਲ ਸਾਨੂੰ ਜੀ ਆਇਆ ਆਖਿਆ ਅਸੀ ਕੁੱਝ ਦੇਰ ਗੁਰੂ ਮਾਹਰਾਜ ਜੀ ਦੀ ਨਿੱਘੀ ਗੋਦ ਦਾ ਨਿੱਘ ਮਾਣਿਆ ਤੇ ਫਿਰ ਥੋੜਾ ਸਮਾਂ ਸੇਵਾ ਕਰਨ ਤੋਂ ਬਾਅਦ ਫੌਜੀ ਵੀਰਾਂ ਨੂੰ ਫਤਿਹ ਬੁਲਾ ਕੇ ਆਪਣੇ ਰਾਹ ਚੱਲ ਪਏ। ਹੁਣੇ-ਹੁਣੇ ਜੋ ਪੰਜਾਬੀ ਗਾਇਕ ਤਰਸੇਮ ਜੱਸੜ ਦਾ ਪੰਜਾਬੀ ਗੀਤ 'ਰਜਾ' ਆਇਆ ਹੈ ਉਸ ਵਿੱਚ ਗੁਰਦੁਆਰਾ ਸਾਹਿਬ ਵਿਖੇ ਸੇਵਾ ਨਿਭਾਉਂਦੇ ਉਹੀ ਫੌਜੀ ਵੀਰਾਂ ਉਪਰ ਵੀ ਦ੍ਰਿੰਸ਼ ਫਿਲਮਾਏ ਗਏ ਹਨ।

ਇਸ ਤੋਂ ਬਾਅਦ ਅਸੀ ਬੜੀ ਉਤਸੁਕਤਾ ਨਾਲ ਮੈਗਨੇਟਿਕ ਹਿਲ ਦਾ ਇੰਤਜਾਰ ਕਰ ਰਹੇ ਸਨ, ਲੇਹ-ਲਦਾਖ ਦੇ ਆਲੇ-ਦੁਆਲੇ ਤੁਹਾਡੀਆਂ ਯਾਤਰਾਵਾਂ ਵਿੱਚ, ਤੁਸੀਂ ਮਨਮੋਹਕ ਦ੍ਰਿਸਾਂ ਨੂੰ ਦੇਖੋਗੇ ਜੋ ਤੁਹਾਡੀ ਉਤਸੁਕਤਾ ਨੂੰ ਖਤਮ ਨਹੀਂ ਕਰਦੇ।ਅਜਿਹਾ ਹੀ ਇੱਕ ਸਥਾਨ ਹੈ ਮੈਗਨੈਟਿਕ ਹਿੱਲ, ਲੇਹ ਤੋਂ ਲਗਭਗ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਰਾਹੀਆਂ ਦੀ ਸਹੂਲਤ ਲਈ ਮੈਗਨੈਟਿਕ ਹਿੱਲ ਵਾਲੇ ਖੇਤਰ ਨੂੰ ਪੀਲੇ ਰੰਗ ਦੇ ਸਾਈਨ ਬੋਰਡ ਦੁਆਰਾ ਚਿੰਨ੍ਹਿਤ ਕੀਤਾ ਗਿਆ ਹੈ ਜਿਸ 'ਤੇ ਲਿਖਿਆ ਹੈ 'ਗ੍ਰੈਵਿਟੀ ਨੂੰ ਰੋਕਣ ਵਾਲੀ ਘਟਨਾ'। ਇਹ ਤੁਹਾਨੂੰ ਸੜਕ 'ਤੇ ਚਿੱਟੇ ਬਿੰਦੂ ਨਾਲ ਚਿੰਨ੍ਹਿਤ ਬਕਸੇ ਵਿੱਚ ਆਪਣੇ ਵਾਹਨ ਪਾਰਕ ਕਰਨ ਲਈ ਵੀ ਨਿਰਦੇਸ ਦਿੰਦਾ ਹੈ, ਜਿਸ ਨੂੰ ਮੈਗਨੈਟਿਕ ਰੋਡ ਵਜੋਂ ਜਾਣਿਆ ਜਾਂਦਾ ਹੈ। ਇੰਜਣ ਬੰਦ ਹੋਣ 'ਤੇ, ਇੱਕ ਕਾਰ ਇਸ ਪਹਾੜੀ 'ਤੇ 20 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਪਹਾੜਾਂ ਵੱਲ ਵਧਦੀ ਹੈ ਜਾਂ ਕਹਿ ਲਉ ਖਿੱਚੀ ਜਾਂਦੀ ਹੈ।ਇਸ ਅਸਾਧਾਰਨ ਵਰਤਾਰੇ ਦੇ ਕਾਰਨ, ਇਸ ਨੂੰ 'ਮਿਸਟਰੀ ਹਿੱਲ' ਅਤੇ 'ਗ੍ਰੈਵਿਟੀ ਹਿੱਲ' ਵਰਗੇ ਕਈ ਨਾਮ ਦਿੱਤੇ ਗਏ ਹਨ। ਇਸ ਜਗ੍ਹਾ ਨੂੰ ਵੇਖ ਕੇ ਮਨ ਰੁਮਾਂਚਿਤ ਹੋਏ ਬਿਨਾਂ ਨਹੀਂ ਰਹਿ ਸਕਦਾ।ਮੈਗਨੈਟਿਕ ਹਿਲ ਵਿਖੇ ਹੈਰਾਨੀਜਨਕ ਸਮਾਂ ਬਿਤਾਉਣ ਤੋਂ ਬਾਅਦ ਅਸੀਂ ਫਿਰ ਕਾਰਗਿਲ ਨੂੰ ਤੁਰ ਪਏ।ਕਾਰਗਿਲ ਇਕ ਰਾਤ ਰੁਕਣ ਤੋਂ ਬਾਅਦ ਸ੍ਰੀਨਗਰ ਇਕ ਦਿਨ ਟਿਕਾਣਾ ਕੀਤਾ, ਸ੍ਰੀਨਗਰ ਤੋਂ ਬਾਅਦ ਵਾਪਸੀ ਸਮੇਂ ਇਕ ਦਿਨ ਪਹਿਲਗਾਮ ਵੀ ਰੁਕੇ, ਪਹਿਲਗਾਮ ਦੀਆਂ ਸੁੰਦਰ ਵਾਦੀਆਂ ਵਿੱਚ ਇਕ ਦਿਨ ਬਿਤਾਉਣ ਤੋਂ ਬਾਅਦ ਮਟਨ ਵਿਖੇ ਇਤਿਹਾਸਕ ਅਸਥਾਨ ਗੁਰਦੁਆਰਾ ਮਟਨ ਸਾਹਿਬ ਦੇ ਦਰਸ਼ਨ ਕਰਨ ਉਪਰੰਤ ਅਨੰਤਨਾਗ ਹੁੰਦੇ ਹੋਏ ਰਾਤੋ-ਰਾਤ ਹੁਸ਼ਿਆਰਪੁਰ ਆ ਪਹੁੰਚੇ।

# ਸਰਕਾਰ ਬਦਲਣ ਨਾਲ ਬਦਲਾਅ ਨਹੀਂ ਹੋ ਸਕਦਾ, ਜਾਗਣਾ ਜ਼ਰੂਰੀ ਹੈ



ਪ੍ਰਭਜੋਤ ਕੌਰ ਢਿੱਲੋਂ ਮੁਹਾਲੀ
ਮੋਬਾਈਲ ਨੰਬਰ 9815030221

ਕੁਦਰਤ ਦਾ ਨਿਯਮ ਹੈ ਬਦਲਾਅ। ਸਿਆਣੇ ਕਹਿੰਦੇ ਨੇ ਖੜ੍ਹਾ ਪਾਣੀ ਵੀ ਮੁਸ਼ਕ ਮਾਰਨ ਲੱਗ ਜਾਂਦਾ ਹੈ। ਪਾਣੀ ਹਮੇਸ਼ਾਂ ਚੱਲਦਾ ਰਹੇ ਤਾਂ ਵਧੀਆ ਹੁੰਦਾ ਹੈ। ਸਮਾਂ ਕਦੇ ਰੁੱਕਦਾ ਨਹੀਂ, ਹਰ ਕਿਸੇ ਤੇ ਚੰਗਾ ਮਾੜਾ ਸਮਾਂ ਆਉਂਦਾ ਰਹਿੰਦਾ ਹੈ। ਕੁਦਰਤ ਅਰਸ਼ ਤੋਂ ਫਰਸ਼ ਤੇ ਲਿਆਉ ਲੱਗਿਆਂ ਵੀ ਪਤਾ ਨਹੀਂ ਲੱਗਣ ਦਿੰਦੀ ਅਤੇ ਫਰਸ਼ ਤੋਂ ਚੁੱਕ ਅਰਸ਼ ਤੇ ਪਹੁੰਚਾਉਣ ਲਗਿਆਂ ਵੀ ਕਿਸੇ ਨੂੰ ਪਤਾ ਨਹੀਂ ਲੱਗਣ ਦਿੰਦੀ। ਇੰਜ ਹੀ ਕਿਹਾ ਜਾਂਦਾ ਸੈ ਕਿ ਅੱਤ ਖੁਦਾ ਦਾ ਵੈਰ ਹੈ।ਜੇਕਰ ਜੁਲਮ ਵੱਧ ਜਾਏ,ਅਹੁਦਿਆਂ ਤੇ ਬੈਠਕੇ ਉਨ੍ਹਾਂ ਦੀ ਦੁਰਵਰਤੋਂ ਵੱਧ ਜਾਵੇ ਤਾਂ ਕੁਦਰਤ ਚਪੇੜ ਨਹੀਂ ਮਾਰਦੀ,ਹਾਲਾਤ ਉਵੇਂ ਦੇ ਬਣਾ ਦਿੰਦੀ ਹੈ ਕਿ ਸਾਰਾ ਕੁੱਝ ਖਤਮ ਹੋ ਜਾਂਦਾ ਹੈ।ਦੂਸਰੇ ਪਾਸੇ ਜਿੰਨ੍ਹਾਂ ਨੂੰ ਅਰਸ਼ ਤੇ ਲੈਕੇ ਜਾਣਾ ਹੋਵੇ,ਉਨ੍ਹਾਂ ਲਈ ਵੀ ਉਵੇਂ ਦੀਆਂ ਸਥਿਤੀਆਂ ਕੁਦਰਤ ਆਪੇ ਬਣਾ ਦਿੰਦੀ ਹੈ। ਖੈਰ,ਅਸੀਂ ਵੀ ਪੰਜਾਬ ਨੂੰ ਇਸ ਹਾਲਤ ਵਿੱਚ ਲਿਆਉਣ ਵਿੱਚ ਆਪਣਾ ਯੋਗਦਾਨ ਪਾਇਆ ਹੈ। ਪਰ ਅਸੀਂ ਮੰਨਦੇ ਨਹੀਂ। ਅਸੀਂ ਸਰਕਾਰਾਂ ਚੁਣਨ ਵਿੱਚ ਗਲਤੀ ਕਰਦਾ ਰਹੇ ਅਤੇ ਫੇਰ ਸਾਰਾ ਕੁੱਝ ਵੇਖਕੇ ਚੁੱਪ ਰਹੇ। ਸਿਆਸਤਦਾਨਾਂ ਨੂੰ ਪਤਾ ਹੈ ਕਿ ਸਾਡੀ ਯਾਦਾਸ਼ਤ ਬਹੁਤ ਘੱਟ ਹੈ। ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਅਸੀਂ ਆਪਣੀ ਵੋਟ ਦੀ ਕੀਮਤ ਕਿੰਨੀ ਕੁ ਲਗਾ ਸਕਦੇ ਹਾਂ। ਅਸੀਂ ਰਵਾਇਤੀ ਪਾਰਟੀਆਂ ਦੀ ਥਾਂ ਬਦਲਾਅ ਦੇ ਤਹਿਤ ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਲਈ। ਪਰ ਸਰਕਾਰ ਦੇ ਬਦਲਣ ਨਾਲ ਸਾਰਾ ਕੁੱਝ ਬਦਲ ਜਾਏਗਾ,ਇਵੇਂ ਨਹੀਂ ਹੋਣਾ। ਸਾਨੂੰ ਸਾਰਿਆਂ ਨੂੰ ਜਾਗਦੇ ਰਹਿਣਾ ਪਵੇਗਾ।'ਮੈਨੂੰ ਕੀ ਅਤੇ "ਮੈਂ ਇਹਦੇ ਵਿੱਚੋਂ ਕੀ ਲੈਣਾ"ਦੀ ਸੋਚ ਛੱਡਣੀ ਪਵੇਗੀ।ਬਹੁਤ ਵਾਰ ਦਫਤਰਾਂ ਦੇ ਚੱਕਰਾਂ ਤੋਂ ਬਚਣ ਲਈ ਅਸੀਂ ਤੰਗ ਆਏ ਰਿਸ਼ਵਤ ਦੇਣ ਲਈ ਮਜਬੂਰ ਹੋ ਜਾਂਦੇ ਹਾਂ।ਥੋੜ੍ਹਾ ਦਿਲ ਕੈੜਾ ਕਰਕੇ,ਹਿੰਮਤ ਕਰਕੇ ਰਿਸ਼ਵਤ ਦਿੱਤੇ ਬਗੈਰ ਕੰਮ ਕਰਨ ਵੱਲ ਤੁਰੀਏ।ਬੇਹੱਦ ਔਖਾ ਹੈ ਪਰ ਨਾ ਮੁਮਕਿਨ ਨਹੀਂ। ਜਦੋਂ ਰਵਾਇਤੀ ਪਾਰਟੀਆਂ ਦੀ ਥਾਂ ਸਰਕਾਰ ਨੂੰ ਬਹੁਤ ਵੱਡੀ ਜਿੱਤ ਨਾਲ ਲੈ ਆਏ ਤਾਂ ਦਫਤਰਾਂ ਵਿੱਚ ਸੁਧਾਰ ਵੀ ਲਿਆਂਦਾ ਜਾ ਸਕਦਾ ਹੈ। ਸਾਰਾ ਕੰਮ ਇਕੱਲੀ ਸਰਕਾਰ ਨਹੀਂ ਕਰ ਸਕਦੀ ਅਤੇ ਨਾ ਹੀ ਲੋਕ ਕਰ ਸਕਦੇ ਹਨ।ਲੋਕਾਂ ਨੂੰ ਹਰ ਗਲਤ ਕੰਮ ਦੇ ਵਿਰੁੱਧ ਆਵਾਜ਼ ਜਰੂਰ ਚੁੱਕਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਉਸ ਆਵਾਜ਼ ਤੇ ਸੋਚ ਵਿਚਾਰ ਜਰੂਰ ਕਰਨਾ ਚਾਹੀਦਾ ਹੈ। ਹਰ ਵਿਧਾਇਕ ਅਤੇ ਮੰਤਰੀ ਪੱਦੀ ਤੇ ਬੈਠੇ ਨੂੰ ਇਹ ਜਾਂ?ਹਨ ਵਿੱਚ ਜਰੂਰ ਰੱਖਣਾ ਚਾਹੀਦਾ ਹੈ ਕਿ ਇਹ ਆਮ ਲੋਕ ਹੀ ਹਨ ਜੋ ਗੱਦੀਆਂ,ਵੱਡੀਆਂ ਕੁਰਸੀਆਂ ਤੇ ਬਿਠਾਉਂਦੇ ਹਨ ਅਤੇ ਲੋਕ ਹੀ ਕੁਰਸੀਆਂ ਤੋਂ ਹੇਠਾਂ ਉਤਾਰਦੇ ਹਨ।ਅਸਲ ਵਿੱਚ ਲੋਕ ਰਿਸ਼ਵਤ ਅਤੇ ਭ੍ਰਿਸ਼ਟਾਚਾਰ ਤੋਂ ਬੇਹੱਦ ਪ੍ਰੇਸ਼ਾਨ ਹੋ ਚੁੱਕੇ ਹਨ।ਨਸ਼ਿਆਂ ਨੇ ਲੋਕਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ।

ਨਸ਼ਿਆਂ ਨੂੰ ਖਤਮ ਕਰਨ ਲਈ ਵੀ ਲੋਕਾਂ ਨੂੰ ਸਰਕਾਰ ਦਾ ਸਾਥ ਦੇਣਾ ਪਵੇਗਾ।ਹਾਂ,ਸਰਕਾਰ ਅਤੇ ਲੋਕਾਂ ਵਿੱਚ ਬਹੁਤ ਅਹਿਮ ਕੜੀ ਪੁਲਿਸ ਪ੍ਰਸ਼ਾਸ਼ਨ ਹੈ।ਪੁਲਿਸ ਪ੍ਰਸ਼ਾਸ਼ਨ ਨੂੰ ਵੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਸੋਚ ਤੇ ਕੰਮ ਕਰਨ ਦੇ ਤੌਰ ਤਰੀਕੇ ਬਦਲਣੇ ਚਾਹੀਦੇ ਹਨ।ਹਾਂ, ਇਹ ਬਦਲਾਅ ਹਰ ਵਿਭਾਗ ਦੇ ਵਿੱਚ ਕੰਮ ਕਰਨ ਵਾਲਿਆਂ ਵਿੱਚ ਆਉਣਾ ਅਤੇ ਲਿਆਉਣਾ ਹੀ ਬਦਲਾਅ ਹੋਏਗਾ।ਕੋਈ ਵੀ ਵਿਭਾਗ ਲੋਕਾਂ ਲਈ ਕੰਮ ਕਰਨ ਵਾਲਾ ਤਾਂ ਲੱਗਦਾ ਹੀ ਨਹੀਂ।ਸੋਸ਼ਲ ਮੀਡੀਆ ਤੇ ਸਰਕਾਰੀ ਹਸਪਤਾਲ ਵਿੱਚ ਇਕ ਬੱਚਾ ਆਪਣੀ ਮਾਂ ਨੂੰ ਸਟਰੈਚਰ ਤੇ ਪਾਕੇ ਘੁੰਮ ਰਿਹਾ ਹੈ ਪਰ ਕੋਈ ਵੀ ਇਲਾਜ ਕਰਨ ਵਾਲਾ ਸਟਾਫ ਉੱਥੇ ਨਹੀਂ ਮਿਲ ਰਿਹਾ।ਇਹ ਹਾਲਾਤ ਪਿੱਛਲੇ ਤਿੰਨ ਕੁ ਦਹਾਕਿਆਂ ਤੋਂ ਨਿਘਾਰ ਵਾਲੇ ਪਾਸੇ ਤੁਰੇ ਹਨ।ਸੋਸ਼ਲ ਮੀਡੀਆ ਤੇ ਇਵੇਂ ਦੀਆਂ ਤਕਲੀਫਾਂ ਜਰੂਰ ਸ਼ੇਅਰ ਕਰੋ ਤਾਂ ਕਿ ਮੌਜੂਦਾ ਸਰਕਾਰ ਤੱਕ ਜ਼ਮੀਨੀ ਹਕੀਕਤ ਪਹੁੰਚ ਸਕੇ।ਅਸੀਂ ਸਾਰੇ ਟੈਕਸ ਦਿੰਦੇ ਹਾਂ,ਇਸ ਕਰਕੇ ਸਰਕਾਰ ਦੀ ਜ਼ਿੰਮੇਵਾਰੀ ਹੈ ਸਹੂਲਤਾਂ ਦੇਣਾ।ਪਰ ਇੱਥੇ ਸਾਡੀ ਵੀ ਜਾਂ?ਮੇਵਾਰੀ ਹੈ ਕਿ ਗਲਤ ਲਈ ਆਪਣੀ ਆਵਾਜ਼ ਜਰੂਰ ਚੁਕੀਏ।ਬਹੁਤ ਵਾਰ ਵਿਭਾਗਾਂ ਵਿੱਚ ਹੋ ਰਹੀਆਂ ਬੇਨਿਯਮੀਆਂ ਖਿਲਾਫ਼ ਆਵਾਜ਼ ਚੁੱਕਣ ਵਾਲਿਆਂ ਨੂੰ ਬਾਅਦ ਵਿੱਚ ਖੱਜਲ ਕੀਤਾ ਜਾਂਦਾ ਹੈ।ਜਿਹੜਾ ਵੀ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਾ ਹੈ,ਉਸਤੇ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।ਦੂਸਰੇ ਪਾਸੇ ਵਿਭਾਗਾਂ ਵਿੱਚ ਬੈਠੇ ਹਰ ਵਰਗ ਦੇ ਮੁਲਾਜ਼ਮਾਂ ਨੂੰ ਅਤੇ ਅਫਸਰਾਂ ਨੂੰ ਆਪਣੀ ਤਾਕਤ ਦਾ ਗਲਤ ਇਸਤੇਮਾਲ ਕਰਨ ਤੋਂ ਹੱਟ ਜਾਣਾ ਚਾਹੀਦਾ ਹੈ।ਅਹੁਦਿਆਂ ਦੀ ਦੁਰਵਰਤੋਂ ਅਤੇ ਜਾਂ?ਮੇਵਾਰੀ ਨਾਲ ਕੰਮ ਨਾ ਕਰਨ ਦਾ ਨਤੀਜਾ ਹੀ ਹੈ ਕਿ ਅੱਜ ਨੌਜਵਾਨ ਪੀੜ੍ਹੀ ਨੂੰ ਵਿਦੇਸ਼ਾਂ ਵਿੱਚ ਜਾਣਾ ਪੈ ਰਿਹਾ ਹੈ।

ਇਕ ਸੱਭ ਤੋਂ ਵੱਡੀ ਬੀਮਾਰੀ ਸਾਨੂੰ ਮੁਫਤ ਆਟਾ ਦਾਲ,ਮੁਫਤ ਬਸ ਸਫਰ ਜਾਂ ਮੁਫਤ ਬਿਜਲੀ ਦੀ ਲੱਗੀ ਹੋਈ ਹੈ।ਜਿਹੜੇ ਲੋੜਵੰਦ ਹਨ,ਜਿੰਨ੍ਹਾਂ ਦੇ ਘਰ ਵਿੱਚ ਕੋਈ ਕਮਾਉਣ ਵਾਲਾ ਨਹੀਂ, ਜਿਹੜੇ ਬਜੁਰਗਾਂ ਨੂੰ ਕੋਈ ਸੰਭਾਲਣ ਵਾਲਾ ਨਹੀਂ, ਉਨ੍ਹਾਂ ਨੂੰ ਸਰਕਾਰ ਵੱਲੋਂ ਸਹੂਲਤਾਂ ਮਿਲਣ ਤਾਂ ਬਹੁਤ ਹੀ ਵਧੀਆ ਹੈ।ਕਦੇ ਸੋਚਣਾ ਅਤੇ ਸਮਝਣਾ ਕਿ ਇਹ ਪੈਸਾ ਆਉਂਦਾ ਕਿਥੋਂ ਹੈ ?ਜਿਹੜੀ ਮਹਿੰਗਾਈ ਦੀ ਮਾਰ ਅਸੀਂ ਖਾ ਰਹੇ ਹਾਂ ਉਹ ਇਸ ਮੁਫ਼ਤ ਦੀਆਂ ਚੀਜ਼ਾਂ ਕਰਕੇ ਹੈ।ਜਦੋਂ ਡੀਜ਼ਲ ਪੈਟਰੋਲ ਦੀਆਂ ਕੀਮਤਾਂ ਵੱਧ ਰਹੀਆਂ ਸਨ ਤਾਂ ਸਰਕਾਰ ਦੇ ਬੁਲਾਰੇ ਵਾਰ ਵਾਰ ਕਹਿ ਰਹੇ ਸਨ ਕਿ ਕਲਿਆਣਕਾਰੀ ਯੋਜਨਾਵਾਂ ਲਈ ਪੈਸੇ ਖਜ਼ਾਨੇ ਵਿੱਚ ਚਾਹੀਦੇ ਹਨ।ਮੁਫ਼ਤ ਦੀ ਗੱਲ ਕਰਨੀ ਹੈ ਤਾਂ ਮਿਆਰੀ ਸਿੱਖਿਆ, ਮਿਆਰੀ ਸਿਹਤ ਸਹੂਲਤਾਂ ਮੰਗੋ।ਹਾਂ,ਸੱਭ ਤੋਂ ਮਹੱਤਵਪੂਰਨ ਜੋ ਮੰਗ ਹਰ ਸਿਆਸੀ ਪਾਰਟੀ ਤੋਂ ਕਰਨੀ ਚਾਹੀਦੀ ਹੈ ਉਹ ਹੈ ਰੁਜ਼ਗਾਰ।

ਹਰ ਵੋਟਰ ਨੂੰ ਆਪਣੀ ਵੋਟ ਦੀ ਕੀਮਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ।ਆਪਣੀਆਂ ਜਾਂ?ਮੇਵਾਰੀਆ,ਹੱਕਾਂ ਅਤੇ ਫਰਜ਼ਾਂ ਦੀ ਜਾਣਕਾਰੀ ਲੈਣੀ,ਰੱਖਣੀ ਅਤੇ ਉਸ ਮੁਤਾਬਿਕ ਚੱਲਣਾ ਚਾਹੀਦਾ ਹੈ।ਪਿੰਡ ਦੀਆਂ ਪੰਚਾਇਤਾਂ ਮਿੰਨੀ ਸੰਸਦ ਹੈ,ਉਸਨੂੰ ਆਪਣੀ ਜਾਂ?ਮੇਵਾਰੀ ਅਤੇ ਤਾਕਤ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ।ਲੋਕਾਂ ਨੂੰ ਵੀ ਜਾਗਰੂਕ ਕਰਨਾ ਚਾਹੀਦਾ ਹੈ।ਪੰਚਾਇਤ ਪਿੰਡ ਦੀ ਹੋਕੇ ਕੰਮ ਕਰੇ ਨਾ ਕਿ ਕਿਸੇ ਸਿਆਸੀ ਪਾਰਟੀ ਦੀ।ਇੰਜ ਹੀ ਹਰ ਵਿਭਾਗ ਵਿੱਚ ਕੰਮ ਕਰਨ ਵਾਲੇ" ਪਬਲਿਕ ਸਰਵੈਂਟ" ਹਨ।ਲੋਕਾਂ ਵੱਲੋਂ ਦਿੱਤੇ ਜਾ ਰਹੇ ਟੈਕਸਾਂ ਵਿੱਚੋਂ ਤਨਖਾਹਾਂ ਲੈ ਰਹੇ ਹਨ।ਇਸਤੋਂ ਬਗੈਰ ਕਾਰਾਂ,ਡਰਾਈਵਰ,ਗੰਨਮੈਨ ਅਤੇ ਹੋਰ ਸਹੂਲਤਾਂ ਟੈਕਸਾਂ ਦੇ ਪੈਸਿਆਂ ਵਿੱਚੋਂ ਹੀ ਮਿਲਦੀਆਂ ਹਨ।ਲੋਕਾਂ ਨੂੰ ਵੀ ਜਾਗਦੇ ਰਹਿਣਾ ਚਾਹੀਦਾ ਹੈ ਅਤੇ ਸਰਕਾਰ ਵੱਲੋਂ ਹਰ ਵਿਭਾਗ ਨੂੰ ਸਖਤ ਹਦਾਇਤਾਂ ਦੇਣੀਆਂ ਚਾਹੀਦੀਆਂ ਹਨ ਕਿ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ ਵਾਲੇ ਨੂੰ ਬਖਸ਼ਿਆ ਨਹੀਂ ਜਾਵੇਗਾ।ਹਾਂ, ਕੀਤੀ ਹੋਈ ਕਾਰਵਾਈ ਲੋਕਾਂ ਨੂੰ ਵੀ ਪਤਾ ਹੋਣੀ ਚਾਹੀਦੀ ਹੈ। ਸੋ ਜਾਗਦੇ ਰਹੋ ਅਤੇ ਜਾਗਦੇ ਰਹਿਣਾ ਦਾ ਹੋਕਾ ਵੀ ਦਿੰਦੇ ਰਹੋ।

# ਸਾਗਰ ਵਿੱਚ ਗਾਗਰ

* ਮੂਲ : ਗੋਵਿੰਦ ਸ਼ਰਮਾ
* ਅਨੁ : ਪ੍ਰੋ. ਨਵ ਸੰਗੀਤ ਸਿੰਘ

ਉਸ ਨੂੰ ਛੋਟੀ ਨਦੀ ਕਹੋ ਜਾਂ ਵੱਡਾ ਨਾਲਾ। ਉਸ ਦਾ ਪਾਣੀ ਆਸਪਾਸ ਦੇ ਖੇਤਾਂ ਦੀ ਸਿੰਜਾਈ ਲਈ ਕੰਮ ਆਉਂਦਾ ਸੀ। ਲੋਕ ਉਸ ਪਾਣੀ ਨੂੰ ਪੀਂਦੇ ਵੀ ਸਨ। ਇਕ ਦਿਨ ਇਕ ਮੁੰਡਾ ਤਾਂਬੇ ਦੀ ਗਾਗਰ ਲੈ ਕੇ ਆਇਆ। ਪਹਿਲਾਂ ਉਹਨੇ ਗਾਗਰ ਨੂੰ ਸਾਫ ਕੀਤਾ। ਫਿਰ ਉਸ ਵਿੱਚ ਪਾਣੀ ਭਰਨ ਲੱਗਿਆ, ਤਾਂ ਉਹ ਹੱਥੋਂ ਛੁੱਟ ਗਈ।

ਉਸੇ ਵੇਲੇ ਪਿੱਛੋਂ ਤੋਂ ਪਾਣੀ ਦਾ ਵਹਾਓ ਤੇਜ਼ ਹੋ ਗਿਆ। ਮੁੰਡਾ ਗਾਗਰ ਨੂੰ ਫੜ ਨਾ ਸਕਿਆ ਅਤੇ ਉਹ ਅੱਗੇ ਵਹਿ ਗਈ। ਉਸ ਛੋਟੀ ਨਦੀ ਤੋਂ ਉਹ ਗਾਗਰ ਇੱਕ ਦੂਜੀ ਧਾਰਾ ਵਿਚ ਚਲੀ ਗਈ। ਉਹ ਧਾਰਾ ਉਸ ਨੂੰ ਸਮੁੰਦਰ ਵਿੱਚ ਲੈ ਗਈ। ਗਾਗਰ ਦੀ ਸੁਰੂ ਹੋ ਗਈ ਸਾਗਰ ਯਾਤਰਾ। ਸਾਗਰ ਵਿਚ ਇਸ ਤਰ੍ਹਾਂ ਤੈਰਨਾ ਉਹਦਾ ਪਹਿਲਾ ਅਨੁਭਵ ਸੀ। ਗਾਗਰ ਹੁਣ ਤਕ ਘਰ ਵਿੱਚ ਰਹੀ ਸੀ। ਹੁਣ ਉਸ ਨੂੰ ਇੱਥੇ ਘਰ ਵਰਗਾ ਕੋਈ ਪ੍ਰਾਣੀ ਨਜਰ ਨਹੀਂ ਆਇਆ।

ਛੋਟੀਆਂ-ਵੱਡੀਆਂ ਮੱਛੀਆਂ ਸਨ। ਉਹਨੂੰ ਇਹ ਸਭ ਕੁਝ ਅਜੀਬ ਲੱਗ ਰਿਹਾ ਸੀ। ਇਕ ਵੱਡੀ ਮੱਛੀ ਤਾਂ ਉਹਦੇ ਕਾਫ਼ੀ ਨੇੜੇ ਆ ਗਈ। ਉਹਨੇ ਉਸ ਨੂੰ ਕੋਈ ਗੋਲ-ਮਟੋਲ ਜੀਵ ਸਮਝ ਕੇ ਖਾਣ ਦੀ ਸੋਚੀ। ਵੱਡੀ ਮੱਛੀ ਨੇ ਮੂੰਹ ਖੋਲ੍ਹਿਆ ਅਤੇ ਉਸ ਨੂੰ ਖਾਣ ਲਈ ਆਪਣੀ ਚੌੜੇ ਮੂੰਹ ਨਾਲ ਫੜਨਾ ਚਾਹਿਆ। ਗਾਗਰ ਤਿਲ੍ਹਕ ਕੇ ਛੁੱਟ ਗਈ। ਗੋਲ ਘੁੰਮਦੀ ਹੋਈ ਉਹ ਦੂਰ ਚਲੀ ਗਈ। ਵੱਡੀ ਮੱਛੀ ਗਾਗਰ ਦੀ ਕਠੋਰਤਾ ਅਤੇ ਗੋਲ ਘੁੰਮਣਾ ਵੇਖ ਕੇ ਡਰ ਗਈ। ਉਹ ਉਹਨੂੰ ਛੱਡ ਕੇ ਕਿਤੇ ਦੂਰ ਚਲੀ ਗਈ।

ਕੁਝ ਹੋਰ ਵੱਡੀਆਂ ਮੱਛੀਆਂ ਵੀ ਉੱਥੇ ਆ ਗਈਆਂ। ਪਹਿਲਾਂ ਤਾਂ ਉਹ ਵੀ ਉਸ ਨੂੰ ਵੇਖ ਕੇ ਡਰੀਆਂ। ਪਰ ਜਦੋਂ ਉਨ੍ਹਾਂ ਨੇ ਵੇਖਿਆ ਕਿ ਇਹ ਗੋਲ-ਮਟੋਲ ਜੀਵ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ, ਤਾਂ ਉਹ ਉਸਦੇ ਕੋਲ ਆ ਗਈਆਂ। ਇੱਕ ਵੱਡੀ ਮੱਛੀ ਨੇ ਉਹਨੂੰ ਸੁੰਘ ਵੀ ਲਿਆ। ਉਸ ਨੇ ਅਜਿਹੀ ਗੰਧ ਪਹਿਲਾਂ ਕਦੇ ਨਹੀਂ ਸੁੰਘੀ ਸੀ। ਵੱਡੀਆਂ ਮੱਛੀਆਂ ਉਸ ਤੋਂ ਕੁਝ ਦੂਰ ਰਹਿ ਕੇ ਉਹਦੇ ਨਾਲ-ਨਾਲ ਚੱਲਣ ਲੱਗੀਆਂ। ਗਾਗਰ ਸੀ ਕਿ ਇਕ ਹੀ ਦਿਸ਼ਾ ਵਿੱਚ ਨਹੀਂ ਜਾ ਰਹੀ ਸੀ। ਜਿਧਰ ਵੀ ਹਵਾ ਦੇ ਝੋਂਕੇ ਲੈ ਜਾਂਦੇ, ਉੱਧਰ ਹੀ ਚਲੀ ਜਾਂਦੀ।

ਅਚਾਨਕ ਉਥੇ ਛੋਟੀਆਂ-ਛੋਟੀਆਂ ਮੱਛੀਆਂ ਆ ਗਈਆਂ। ਉਨ੍ਹਾਂ ਨੂੰ ਕੋਈ ਡਰ ਨਹੀਂ ਲੱਗ ਰਿਹਾ ਸੀ। ਉਨ੍ਹਾਂ ਨੇ ਸੋਚਿਆ ਕਿ ਇਹ ਵੀ ਉਨ੍ਹਾਂ ਵਾਂਗ ਇੱਕ ਜੀਵ ਹੈ। ਛੋਟੀਆਂ ਮੱਛੀਆਂ ਉਹਦੇ ਚਾਰੇ ਪਾਸੇ ਖੇਡਦੀਆਂ ਰਹਿੰਦੀਆਂ। ਇਕ ਵੱਡੀ ਮੱਛੀ ਨੇ ਜਦੋਂ ਇਨ੍ਹਾਂ ਛੋਟੀਆਂ ਮੱਛੀਆਂ ਨੂੰ ਵੇਖਿਆ ਤਾਂ ਉਹਦੇ ਮੂੰਹ ਵਿੱਚ ਪਾਣੀ ਆ ਗਿਆ। ਉਹ ਉਨ੍ਹਾਂ ਨੂੰ ਖਾਣ ਲਈ ਦੌੜੀ ਆਈ। ਛੋਟੀਆਂ ਮੱਛੀਆਂ ਇੱਧਰ-ਉੱਧਰ ਭੱਜ ਗਈਆਂ। ਪਰ ਦੋ ਛੋਟੀਆਂ ਮੱਛੀਆਂ ਫਸ ਗਈਆਂ। ਵੱਡੀ ਮੱਛੀ ਉਨ੍ਹਾਂ ਨੂੰ ਫੜਨ ਲਈ ਉੱਛਲੀ ਤਾਂ ਉਹ ਦੋਵੇਂ ਗਾਗਰ ਦੇ ਓਹਲੇ ਹੋ ਗਈਆਂ। ਵੱਡੀ ਮੱਛੀ ਗਾਗਰ ਦੇ ਦੂਜੇ ਪਾਸੇ ਗਈ ਤਾਂ ਛੋਟੀਆਂ ਇਸ ਪਾਸੇ ਆ ਗਈਆਂ। ਇਸ ਫੜਨ-ਫੜਾਈ ਵਿੱਚ ਗਾਗਰ ਇਕ ਪਾਸੇ ਝੁਕ ਗਈ। ਇਹ ਝੁਕਾਅ ਛੋਟੀਆਂ ਮੱਛੀਆਂ ਵੱਲ ਸੀ। ਦੋਵੇਂ ਛੋਟੀਆਂ ਮੱਛੀਆਂ ਇਕੱਠੀਆਂ ਉੱਛਲ ਕੇ ਗਾਗਰ ਦੇ ਅੰਦਰ ਚਲੀਆਂ ਗਈਆਂ।

ਅੰਦਰ ਥੋੜ੍ਹਾ-ਜਿਹਾ ਪਾਣੀ ਸੀ। ਛੋਟੀਆਂ ਮੱਛੀਆਂ ਉਸ ਵਿੱਚ ਖੇਡਣ ਲੱਗੀਆਂ। ਵੱਡੀ ਮੱਛੀ ਨੂੰ ਉਨ੍ਹਾਂ ਦੀ ਆਵਾਜ਼ ਸੁਣਾਈ ਦਿੱਤੀ ਤਾਂ ਉਹ ਹੈਰਾਨ ਰਹਿ ਗਈ। 'ਬਈ ਵਾਹ, ਇਹ ਗੋਲ- ਮਟੋਲ ਜੀਵ ਨਹੀਂ, ਅਜੀਬ ਸ਼ਕਲ ਦੀ ਕੋਈ ਮੱਛੀ ਹੈ।' ਇਹ ਸੋਚ ਕੇ ਉਹ ਡਰ ਗਈ ਅਤੇ ਦੂਰ ਚਲੀ ਗਈ। ਦੋਵੇਂ ਛੋਟੀਆਂ ਮੱਛੀਆਂ ਦੀ ਜਾਨ ਬਚ ਗਈ। ਹੁਣ ਤਾਂ ਛੋਟੀਆਂ ਮੱਛੀਆਂ ਦੀ ਇਹ ਖੇਡ ਬਣ ਗਈ। ਜਦੋਂ ਵੀ ਉਨ੍ਹਾਂ ਨੂੰ ਵਿਹਲ ਹੁੰਦੀ, ਗਾਗਰ ਵਿੱਚ ਖੇਡਣ ਆ ਜਾਂਦੀਆਂ। ਮੱਛੀਆਂ ਥੋੜ੍ਹੀਆਂ ਵੱਡੀਆਂ ਹੁੰਦਿਆਂ ਹੀ ਉਥੋਂ ਚਲੀਆਂ ਜਾਂਦੀਆਂ, ਤਾਂ ਕਿ ਛੋਟੀਆਂ ਮੱਛੀਆਂ ਉੱਥੇ ਆ ਕੇ ਖੇਡ ਸਕਣ, ਹਮਲਾ ਕਰਨ ਵਾਲੀਆਂ ਮੱਛੀਆਂ ਤੋਂ ਬਚ ਸਕਣ।

ਅਚਾਨਕ ਤੇਜ਼ ਗਰਮੀ ਹੋ ਗਈ। ਗਾਗਰ ਨੂੰ ਤਾਂ ਤੈਰਨ ਵਿੱਚ ਖ਼ੂਬ ਮਜ਼ਾ ਆ ਰਿਹਾ ਸੀ। ਪਰ ਉਹਦੇ ਅੰਦਰ ਦਾ ਪਾਣੀ ਬਿਲਕੁਲ ਸੁੱਕ ਗਿਆ। ਇਕ ਦਿਨ ਜ਼ੋਰ ਦੀ ਹਵਾ ਚੱਲੀ। ਗਾਗਰ ਸਾਗਰ ਵਿਚ ਘੁੰਮਦੀ ਹੋਈ ਬਹੁਤ ਦੂਰ ਚਲੀ ਗਈ। ਹਵਾ ਕੁਝ ਘੱਟ ਹੋਈ ਤਾਂ ਗਾਗਰ ਨੇ ਵੇਖਿਆ, ਇਕ ਚਿੜੀ ਉਹਦੇ ਆਸਪਾਸ ਮੰਡਰਾ ਰਹੀ ਹੈ। ਲੱਗਦਾ ਹੈ ਕਿ ਉਹ ਤੇਜ ਹਵਾ ਕਰਕੇ ਰਾਹ ਭੁੱਲ ਗਈ ਹੈ।

ਉਹਨੂੰ ਹੁਣ ਕਿਨਾਰਾ ਨਹੀਂ ਦਿੱਸ ਰਿਹਾ ਹੈ। ਉਹ ਸੁੱਕੀ ਧਰਤੀ ਤੇ ਪਹੁੰਚਣ ਲਈ ਬੇਚੈਨ ਹੈ। ਪਰ ਉਸ ਨੂੰ ਧਰਤੀ ਨਜਰ ਨਹੀਂ ਆ ਰਹੀ ਹੈ। ਇਸ ਲਈ ਉਹ ਏਧਰ-ਓਧਰ ਮੰਡਰਾ ਰਹੀ ਹੈ। ਲੱਗਿਆ, ਚਿੜੀ ਉੱਡਦੀ-ਉੱਡਦੀ ਥੱਕ ਗਈ ਹੈ। ਉਹ ਕਿਤੇ ਬੈਠਣਾ ਚਾਹੁੰਦੀ ਹੈ। ਪਰ ਕਿੱਥੇ ਬੈਠੇ! ਪਹਿਲਾਂ ਤਾਂ ਚਿੜੀ ਝਿਜਕੀ। ਫਿਰ ਹਿੰਮਤ ਕਰਕੇ ਗਾਗਰ ਦੇ ਕਿਨਾਰੇ ਤੇ ਬੈਠ ਗਈ। ਗਾਗਰ ਇੱਕ ਪਾਸਿਓਂ ਥੋੜ੍ਹੀ-ਜਿਹੀ ਝੁਕੀ, ਫਿਰ ਸਿੱਧੀ ਹੋ ਗਈ। ਕਿਉਂਕਿ ਚਿੜੀ ਦਾ ਜ਼ਿਆਦਾ ਭਾਰ ਨਹੀਂ ਸੀ।

ਹੁਣ ਤਾਂ ਚਿੜੀ ਦਾ ਉਹ ਟਿਕਾਣਾ ਬਣ ਗਿਆ। ਚਿੜੀ ਨੇ ਪਾਣੀ ਵਿੱਚ ਤੈਰਦੇ ਪੱਤੇ ਇੱਕ-ਇੱਕ ਕਰਕੇ ਚੁੱਕੇ। ਉਨ੍ਹਾਂ ਨੂੰ ਹਵਾ ਵਿੱਚ ਸੁਕਾਇਆ ਅਤੇ ਗਾਗਰ ਵਿਚ ਸੁੱਟ ਦਿੱਤੇ। ਕੁਝ ਹੀ ਦਿਨਾਂ ਵਿੱਚ ਗਾਗਰ ਵਿੱਚ ਆਲ੍ਹਣਾ ਬਣ ਗਿਆ। ਗਾਗਰ ਨੂੰ ਵੀ ਇਹ ਚੰਗਾ ਲੱਗਿਆ। ਚਿਡੀ ਕਿਨਾਰੇ ਦੀ ਖੋਜ ਵਿੱਚ ਇਧਰ ਉਧਰ ਉੱਡਦੀ ਰਹਿੰਦੀ। ਜਦੋਂ ਥੱਕ ਜਾਂਦੀ ਤਾਂ ਗਾਗਰ ਵਿੱਚ ਬਣੇ ਆਲ੍ਹਣੇ ਵਿੱਚ ਆਰਾਮ ਕਰਨ ਆ ਜਾਂਦੀ। ਚਿਡੀ ਦੇ ਉੱਥੇ ਆਉਣ ਨਾਲ ਛੋਟੀਆਂ ਮੱਛੀਆਂ ਤੋਂ ਉਨ੍ਹਾਂ ਦਾ ਖੇਡ ਦਾ ਮੈਦਾਨ ਖੁੱਸ ਗਿਆ। ਪਰ ਛੋਟੀਆਂ ਮੱਛੀਆਂ ਨਾਰਾਜ਼ ਨਹੀਂ ਹੋਈਆਂ। ਕਿਉਂਕਿ ਉਹ ਸਮਝ ਗਈਆਂ ਸਨ ਕਿ ਚਿੜੀ ਨੂੰ ਬੈਠਣ ਲਈ ਸੁੱਕੀ ਜ਼ਮੀਨ ਚਾਹੀਦੀ ਹੈ। ਮੱਛੀਆਂ ਤਾਂ ਪਾਣੀ ਵਿਚ ਹੀ ਰਹਿੰਦੀਆਂ ਹਨ। ਗਾਗਰ ਦੇ ਅੰਦਰ ਨਾ ਸਹੀ, ਗਾਗਰ ਦੇ ਬਾਹਰ ਤਾਂ ਬਹੁਤ ਸਾਰਾ ਪਾਣੀ ਹੈ। ਅਸੀਂ ਉੱਥੇ ਖੇਡ ਸਕਦੀਆਂ ਹਾਂ। ਛੋਟੀਆਂ ਮੱਛੀਆਂ ਨੇ ਖੁਸ਼ੀ-ਖੁਸ਼ੀ ਗਾਗਰ ਦਾ ਮੈਦਾਨ ਚਿੜੀ ਲਈ ਛੱਡ ਦਿੱਤਾ।

ਇਕ ਦਿਨ ਤਾਂ ਉੱਥੇ ਨਵਾਂ ਕੰਮ ਹੋ ਗਿਆ। ਚਿੜੀ ਨੇ ਗਾਗਰ ਦੇ ਅੰਦਰ ਬਣੇ ਆਲ੍ਹਣੇ ਵਿੱਚ ਅੰਡਾ ਦੇ ਦਿੱਤਾ। ਆਪਣੇ ਅੰਡੇ ਦੀ ਰਾਖੀ ਕਰਨ ਲਈ ਚਿੜੀ ਹੁਣ ਜਾਂ?ਆਦਾ ਸਮਾਂ ਆਲ੍ਹਣੇ ਵਿੱਚ ਹੀ ਰਹਿਣ ਲੱਗੀ। ਕੁਝ ਹੀ ਦਿਨਾਂ ਵਿੱਚ ਅੰਡੇ ਵਿੱਚੋਂ ਚਿੜੀ ਦਾ ਬੱਚਾ ਨਿਕਲ ਆਇਆ। ਹੁਣ ਤਾਂ ਚਿੜੀ ਦੀ ਬੇਚੈਨੀ ਬਹੁਤ ਵਧ ਗਈ। ਹੁਣ ਉਹਨੂੰ ਆਪਣੇ ਲਈ ਹੀ ਨਹੀਂ, ਬੱਚੇ ਲਈ ਵੀ ਸੁੱਕੀ ਧਰਤੀ ਚਾਹੀਦੀ ਹੈ। ਬੱਚੇ ਨੂੰ ਉੱਡਣ ਲਈ ਧਰਤੀ-ਆਕਾਸ਼ ਚਾਹੀਦੇ ਹਨ।

ਇਕ ਦਿਨ ਫਿਰ ਤੂਫਾਨ ਆਇਆ। ਹਵਾ ਤੇਜ਼-ਤੇਜ਼ ਚੱਲਣ ਲੱਗੀ। ਹਵਾ ਦੇ ਨਾਲ-ਨਾਲ ਗਾਗਰ ਨੂੰ ਵੀ ਤੇਜ਼ ਰਫ਼ਤਾਰ ਨਾਲ ਚੱਲਣਾ ਪਿਆ। ਕਾਫੀ ਦੇਰ ਪਿੱਛੋਂ ਤੇਜ਼ ਹਵਾ ਕੁਝ ਘੱਟ ਹੋਈ ਤਾਂ ਚਿੜੀ ਗਾਗਰ 'ਚੋਂ ਬਾਹਰ ਆਈ। ਬਾਹਰ ਆਉਂਦਿਆਂ ਹੀ ਉਹਨੇ ਜੋ ਵੇਖਿਆ, ਉਹ ਖੁਸ਼ੀ ਨਾਲ ਚੀਂ-ਚੀਂ ਕਰਨ ਲੱਗੀ। ਦੂਰ ਹੀ ਸਹੀ, ਉਹਨੂੰ ਧਰਤੀ ਵਿਖਾਈ ਦਿੱਤੀ। ਧਰਤੀ ਤੇ ਉੱਗੇ ਦਰਖਤ ਵਿਖਾਈ ਦਿੱਤੇ। ਥੋੜ੍ਹੀ ਹਵਾ ਨਾਲ ਗਾਗਰ ਚੱਲ ਰਹੀ ਸੀ। ਉਧਰ ਹੀ, ਜਿਧਰ ਧਰਤੀ ਸੀ, ਦਰਖਤ ਸਨ।

ਹਵਾ ਨਾਲ ਚਲਦੀ ਗਾਗਰ ਅਚਾਨਕ ਇੱਕ ਥਾਂ ਫਸ ਗਈ। ਇਹ ਦਰਖਤ ਸੀ। ਤੇਜ਼ ਹਵਾ ਕਰਕੇ ਉੱਖੜਿਆ ਦਰਖਤ। ਦਰਖਤ ਸਾਗਰ ਦੇ ਪਾਣੀ ਵਿੱਚ ਆ ਡਿੱਗਿਆ ਸੀ। ਉਹਦਾ ਇਕ ਸਿਰਾ ਹੁਣ ਵੀ ਧਰਤੀ ਤੇ ਸੀ। ਚਿੜੀ ਪਹਿਲਾਂ ਪਾਣੀ ਵਿੱਚ ਤੈਰਦੇ ਕੀੜੇ ਆਦਿ ਚੁਗ ਕੇ ਆਪਣੇ ਬੱਚੇ ਨੂੰ ਖੁਆਉਂਦੀ ਸੀ। ਹੁਣ ਧਰਤੀ ਤੋਂ ਬਨਸਪਤੀ ਲਿਆ ਕੇ ਖੁਆਉਣ ਲੱਗੀ। ਹੁਣ ਤੂਫਾਨ-ਹਵਾ ਬੰਦ ਸਨ। ਚਿੜੀ ਦਾ ਬੱਚਾ ਵੀ ਹੁਣ ਕੁਝ ਖੇਡਣ, ਫੁਦਕਣ ਲੱਗ ਪਿਆ ਸੀ। ਪਰ ਉਹ ਗਾਗਰ ਤੋਂ ਬਾਹਰ ਨਹੀਂ ਆ ਸਕਿਆ ਸੀ।

ਇਕ ਦਿਨ ਖੇਡਦੇ-ਟੱਪਦੇ ਦੋ ਬੱਚੇ ਉੱਥੇ ਆ ਗਏ। ਇੱਕ ਨੂੰ ਦਰਖ਼ਤ ਵਿੱਚ ਅਟਕੀ ਉਹ ਗਾਗਰ ਦਿਸ ਗਈ। ਉਹਨੇ ਆਪਣੇ ਸਾਥੀ ਨੂੰ ਕਿਹਾ, "ਔਹ ਵੇਖ, ਉੱਥੇ ਕੀ ਹੈ ?" ਦੂਜਾ ਬੱਚਾ ਵੱਡਾ ਸੀ। ਉਹ ਬੋਲਿਆ, "ਬਈ ਵਾਹ, ਤਾਂਬੇ ਦਾ ਘੜਾ! ਇਸ ਵਿਚ ਖਜਾਨਾ ਹੋ ਸਕਦਾ ਹੈ..।" "ਖਜਾਨਾ ਕੀ ਹੁੰਦਾ ਹੈ ?" "ਰੁਪਏ-ਪੈਸੇ...।" ਕਹਿੰਦਿਆਂ ਹੋਇਆਂ ਉਹ ਉਸ ਟੁੱਟੇ ਦਰਖਤ 'ਤੇ ਚੜ੍ਹ ਕੇ ਗਾਗਰ ਵੱਲ ਜਾਣ ਲੱਗਿਆ।

ਉਹਨੇ ਉੱਪਰ ਦੀ ਟਹਿਣੀ ਤੋਂ ਲਮਕ ਕੇ ਇਕ ਹੱਥ ਨਾਲ ਗਾਗਰ ਨੂੰ ਖਿੱਚਿਆ। ਗਾਗਰ ਬਾਹਰ ਨਿਕਲ ਆਈ। ਬਾਹਰ ਆ ਕੇ ਉਨ੍ਹਾਂ ਨੇ ਉਸ 'ਚੋਂ ਪੱਤੇ ਕੱਢੇ ਤਾਂ ਉਹਦੇ ਹੇਠਾਂ ਚਿੜੀ ਦਾ ਬੱਚਾ ਫੁਦਕਦਾ ਹੋਇਆ ਨਜਰ ਆਇਆ। ਬੱਚਿਆਂ ਦੀ ਤਾਂ ਮਾਰੇ ਖ਼ੁਸ਼ੀ ਨਾਲ ਚੀਕ ਨਿਕਲ ਗਈ। ਉਨ੍ਹਾਂ ਨੂੰ ਲੱਗਿਆ ਰੁਪਏ-ਪੈਸੇ ਦੇ ਖਜਾਨੇ ਤੋਂ ਵੀ ਵੱਧ ਕੀਮਤੀ ਹੈ ਇਹ ਖਜਾਨਾ!

ਦੋਹਾਂ ਨੇ ਚਿੜੀ ਦੇ ਬੱਚੇ ਨੂੰ ਬਚਾਉਣ ਬਾਰੇ ਸੋਚਿਆ। ਦੋਹਾਂ ਬੱਚਿਆਂ ਨੇ ਗਾਗਰ ਨੂੰ ਚੁੱਕਿਆ ਅਤੇ ਇੱਕ ਵੱਡੇ ਦਰਖਤ ਦੇ ਹੇਠਾਂ ਲੈ ਗਏ। ਇਕ ਬੱਚਾ ਉਸ ਦਰਖਤ ਦੀ ਟਹਿਣੀ ਤੇ ਚੜ੍ਹ ਗਿਆ। ਦੂਜੇ ਨੇ ਉਸ ਨੂੰ ਬੱਚੇ ਸਮੇਤ ਆਲ੍ਹਣਾ ਫੜਾ ਦਿੱਤਾ।

ਉੱਪਰ ਚੜ੍ਹੇ ਬੱਚੇ ਨੇ ਆਲ੍ਹਣੇ ਨੂੰ ਦਰਖਤ ਦੀ ਇਕ ਸੁਰੱਖਿਅਤ ਟਹਿਣੀ ਤੇ ਰੱਖ ਦਿੱਤਾ ਅਤੇ ਹੇਠਾਂ ਉੱਤਰ ਆਇਆ। ਬੱਚੇ ਦੀ ਮਾਂ ਚਿਡੀ ਵੀ ਕਾਫੀ ਚਿਰ ਤੋਂ ਉੱਥੇ ਮੰਡਰਾ ਰਹੀ ਸੀ। ਉਹ ਝੱਟ ਆਲ੍ਹਣੇ ਕੋਲ ਪਹੁੰਚ ਗਈ ਅਤੇ ਬੱਚੇ ਨੂੰ ਚੋਗਾ ਦੇਣ ਲੱਗੀ। ਹੁਣ ਉਹ ਖੁਸ਼ ਸੀ। ਉਹਦਾ ਬੱਚਾ ਸੁਰੱਖਿਅਤ ਟਿਕਾਣੇ ਤੇ ਪਹੁੰਚ ਗਿਆ ਸੀ। ਉਹਦਾ ਆਲ੍ਹਣਾ ਵੀ ਸਹੀ-ਸਲਾਮਤ ਪਹੁੰਚ ਗਿਆ ਸੀ। ਉਹ ਬੱਚੇ ਗਾਗਰ ਨੂੰ ਭੁੱਲੇ ਨਹੀਂ। ਉਸ ਨੂੰ ਮਿੱਟੀ-ਪਾਣੀ ਨਾਲ ਚੰਗੀ ਤਰ੍ਹਾਂ ਸਾਫ ਕੀਤਾ ਅਤੇ ਆਪਣੇ ਘਰ ਲੈ ਗਏ। ਉਸ ਨੂੰ ਘਰ ਦੇ ਇੱਕ ਕੋਨੇ ਵਿੱਚ ਰੱਖ ਦਿੱਤਾ। ਪਹਿਲਾਂ ਗਾਗਰ ਅੰਦਰੋਂ ਖਾਲੀ ਸੀ। ਉਹਦੇ ਚਾਰੇ ਪਾਸੇ ਪਾਣੀ ਹੀ ਪਾਣੀ ਸੀ। ਹੁਣ ਉਹਦੇ ਅੰਦਰ ਪਾਣੀ ਹੀ ਪਾਣੀ ਸੀ। ਬਾਹਰ ਇਕਦਮ ਸੁੱਕਾ। ਪਰ ਉਹ ਖੁਸ਼ ਸੀ। ਸਵੇਰੇ-ਸ਼ਾਮ ਉਹਨੂੰ ਨੁਹਾਇਆ ਜਾਂਦਾ, ਯਾਨੀ ਉਹਨੂੰ ਮਾਂਜ ਕੇ ਪਾਣੀ ਭਰਿਆ ਜਾਂਦਾ। ਹਾਂ, ਸਾਗਰ ਵਿੱਚ ਗਾਗਰ ਯਾਤਰਾ ਹੀ ਯਾਤਰਾ ਕਰਦੀ ਸੀ, ਇੱਥੇ ਇਕ ਥਾਂ ਬੈਠੀ ਰਹਿੰਦੀ ਹੈ। ਉਥੇ ਉਸ ਵਰਗਾ ਕੋਈ ਨਹੀਂ ਸੀ, ਇੱਥੇ ਉਸ ਤੋਂ ਕੁਝ ਦੂਰ ਉਸ ਵਰਗੀ ਹੀ ਮਿੱਟੀ ਦੀ ਬਣੀ ਗਾਗਰ ਸੀ। ਗਾਗਰ ਇਸ ਲਈ ਵੀ ਖੁਸ਼ ਸੀ ਕਿ ਪਹਿਲਾਂ ਉਸ ਨੇ ਛੋਟੀਆਂ ਮੱਛੀਆਂ ਨੂੰ ਬਚਾਇਆ, ਫਿਰ ਚਿੜੀ ਅਤੇ ਉਹਦੇ ਅੰਡੇ-ਬੱਚੇ ਨੂੰ ਬਚਾਇਆ, ਹੁਣ ਘਰ ਦੇ ਲੋਕਾਂ ਨੂੰ ਸਾਫ਼ ਪਾਣੀ ਪਿਆ ਰਹੀ ਹੈ। ਸਾਰਿਆਂ ਦਾ ਭਲਾ ਕਰਨ ਵਾਲਾ ਖੁਸ਼ ਤਾਂ ਰਹਿੰਦਾ ਹੀ ਹੈ ਨਾ!

# ਆਉ ਜਾਣੀਏ ਮਨੁੱਖੀ ਸਰੀਰ ਦੀ ਬਣਤਰ ਬਾਰੇ



ਜਸਪ੍ਰੀਤ ਸਿੰਘ ਮਾਂਗਟ
ਪਿੰਡ ਕੁੱਬਾ, ਲੁਧਿਆਣਾ 9915220486

ਦੋਸਤੋ ਮਨੁੱਖੀ ਸਰੀਰ ਅਕਾਲ-ਪੁਰਖ ਦੀ ਇੱਕ ਅਜਿਹੀ ਸੰਰਚਨਾ ਹੈ ਜੋ ਆਪਣੇ-ਆਪ ਵਿੱਚ ਡੂੰਘੇ ਭੇਦ ਸਮੋਈ ਬੈਠੀ ਹੈ। ਮਨੁੱਖੀ ਸਰੀਰ ਦੇ ਬਹੁਤ ਸਾਰੇ ਅੰਗ ਹਨ ਅਤੇ ਇਨ੍ਹਾਂ ਅੰਗਾ ਤੋਂ ਮਿਲ ਕੇ ਸਰੀਰ ਦੇ ਕਈ ਹਿੱਸੇ ਬਣਦੇ ਹਨ। ਜਿਨਾ ਕਰਕੇ ਅਸੀਂ ਜਿੰਦਗੀ ਜੀ ਰਹੇ ਹਾਂ। ਆਉ ਜਾਣੀਏ ਮਨੁੱਖੀ ਸਰੀਰ ਦੀ ਸੰਰਚਨਾ ਅਤੇ ਅੰਗਾਂ ਬਾਰੇ

ਮਨੁੱਖੀ ਸਰੀਰ 8 ਭਾਗਾਂ ਤੋਂ ਮਿਲ ਕੇ ਬਣਿਆ ਹੈ। (1) ਪਾਚਨ ਪ੍ਰਣਾਲੀ ਸਿਸਟਮ (2) ਸਾਹ ਪ੍ਰਣਾਲੀ ਸਿਸਟਮ (3)ਐੱਕਸ-ਕਰੇਟੌਰੀ ਸਿਸਟਮ (4) ਨਰਵਸ ਸਿਸਟਮ (5) ਸਰਕੂਲੇਟਰੀ ਸਿਸਟਮ (6) ਸਕੈਲੇਟਨ ਸਿਸਟਮ(7) ਇੰਨਡੋ-ਕਰਾਇਨ ਸਿਸਟਮ (8) ਪ੍ਰਜਨਨ ਸਿਸਟਮ

1 *ਪਾਚਨ ਪ੍ਰਣਾਲੀ ਸਿਸਟਮ* - ਪਾਚਨ ਪ੍ਰਣਾਲੀ ਸਾਡੇ ਸਰੀਰ ਦਾ ਪ੍ਰਮੁੱਖ ਹਿੱਸਾ ਹੈ। ਭੋਜਨ ਨਾਲੀ, ਪੇਟ, ਈਸੋਫੇਗਸ, ਲੀਵਰ, ਵੱਡੀ ਅੰਤੜੀ, ਛੋਟੀ ਅੰਤੜੀ, ਐਨੈਂਸ ਸਭ ਪਾਚਨ-ਪ੍ਰਣਾਲੀ ਦਾ ਹਿੱਸਾ ਹਨ। ਪਾਚਨ ਪ੍ਰਣਾਲੀ ਦੋ ਤਰਾਂ ਦੀ ਹੁੰਦੀ ਹੈ। (1) ਮਕੈਨੀਕਲ (2) ਕੈਮੀਕਲ। ਮਕੈਨੀਕਲ ਪਾਚਨ ਪ੍ਰਣਾਲੀ ਵਿੱਚ ਖਾਣੇ ਨੂੰ ਮੂੰਹ ਰਾਹੀ ਚਬਾ ਕੇ ਛੋਟੇ-ਛੋਟੇ ਟੁਕੜਿਆਂ ਵਿੱਚ ਤੋੜਿਆ ਜਾਂਦਾ ਹੈ। ਕੈਮੀਕਲ ਪਾਚਨ ਪ੍ਰਣਾਲੀ ਵਿੱਚ ਖਾਣਾ ਟੁੱਟ ਕੇ ਰਸਾਇਣਾਂ ਵਿੱਚ ਬਦਲਦਾ ਹੈ। ਖਾਣਾ ਪਹਿਲਾਂ ਭੋਜਨ ਨਲੀ ਰਾਹੀ ਈਸੋਫੈਗਸ ਵਿੱਚ ਜਾਂਦਾ ਹੈ। ਈਸੋਫੈਗਸ ਇਸ ਖਾਣੇ ਨੂੰ ਪੇਟ ਵੱਲ ਭੇਜਦਾ ਹੈ। ਪੇਟ ਵਿੱਚ ਕੈਮੀਕਲ ਡਾਈਜੇਸਨ ਸੁਰੂ ਹੁੰਦੀ ਹੈ। ਤਿੰਨ ਘੰਟੇ ਬਾਅਦ ਇਹ ਖਾਣਾ ਛੋਟੀ ਅੰਤੜੀ ਵੱਲ ਜਾਂਦਾ ਹੈ। ਛੋਟੀ ਅੰਤੜੀ ਭੋਜਨ ਤੱਤਾਂ ਨੂੰ ਸੋਖਦੀ ਹੈ। ਇਸ ਪਿੱਛੇ ਵੱਡੀ ਅੰਤੜੀ ਖਾਣੇ ਵਿਚਲੇ ਮੌਜੂਦ ਪਾਣੀ ਨੂੰ ਸੋਖ ਲੈਂਦੀ ਹੈ ਅਤੇ ਫਾਲਤੂ ਪਦਾਰਥਾਂ ਨੂੰ ਰੇਕਟਮ ਵੱਲ ਭੇਜ ਦਿੰਦੀ ਹੈ। ਰੈਕਟਮ ਫਾਲਤੂ ਪਦਾਰਥਾਂ ਨੂੰ ਐਨਸ (ਮਲ-ਦੁਆਰ) ਵੱਲ ਭੇਜਦਾ ਹੈ। ਇਸ ਤਰਾਂ ਪਾਚਨ ਕਿਰਿਆ ਸੰਪੂਰਨ ਹੁੰਦੀ ਹੈ।

2 *ਸਾਹ ਪ੍ਰਣਾਲੀ ਸਿਸਟਮ* - ਸਾਹ ਪ੍ਰਣਾਲੀ ਦਾ ਵੀ ਮਨੁੱਖੀ ਸਰੀਰ ਦੀ ਸੰਰਚਨਾ ਵਿੱਚ ਅਹਿਮ ਯੋਗਦਾਨ ਹੈ। ਨੱਕ, ਨੇਸਲ ਪੈਸਿਜ ਟਰੇਕੀਆ, ਗਲਾ, ਫੇਫੜੇ, ਬਰੋਕੀਆਂ ਟਿਊਬ। ਨੱਕ ਦੇ ਰਾਹੀਂ ਅਸੀ ਸਾਹ ਅੰਦਰ ਖਿੱਚਦੇ ਹਾ ਜੋ ਕਿ ਸਾਡੀਆ ਨੌਸਟਰਲਜ ਰਾਹੀਂ ਨੈਸਲ ਪੈਸਿਜ ਵਿੱਚ ਦਾਖਲ ਹੁੰਦੀ ਹੈ। ਜੋ ਕਿ ਧੂੜ ਨੂੰ ਅੰਦਰ ਜਾਣ ਤੋਂ ਰੋਕਦੀ ਹੈ ਤਾਂ ਕਿ ਫੇਫੜਿਆਂ ਨੂੰ ਤਾਜਾ ਹਵਾ ਜਾਵੇ। ਨਾਸਲ ਤੋਂ ਬਆਦ ਹਵਾ ਟਰੇਕਿਆ ਵਿੱਚ ਜਾਂਦੀ ਹੈ। ਜਿਸ ਨੂੰ ਬਰੋਕੀਆ ਕਿਹਾ ਜਾਂਦਾ ਹੈ ਜੋ ਕਿ ਸਾਡੇ ਫੇਫੜਿਆਂ ਨਾਲ ਜੁੜੀਆਂ ਹੁੰਦੀਆਂ ਹਨ।

3. *ਐੱਕਸਕਰੇਟੌਰੀ ਸਿਸਟਮ* - ਐੱਕਸਕਰੇਟੌਰੀ ਸਿਸਟਮ ਦਾ ਕੰਮ ਸਰੀਰ ਤੋਂ ਬੇਲੋੜੇ ਪਦਾਰਥਾਂ ਨੂੰ ਬਾਹਰ ਕੱਢਣਾ ਹੈ। ਕਿਡਨੀ, ਯੂਹੰਟਰ, ਬਲੈਡਰ, ਯੂਰੇਥਰਾ, ਸਾਡੇ ਸਰੀਰ ਵਿੱਚ ਜੋ ਖੂਨ ਕਿਡਨੀ ਵਿੱਚ ਪਹੁੰਚਦਾ ਹੈ।



ਉਸ ਵਿੱਚ ਕੁੱਝ ਵਿਸੈਲੇ ਤੱਤ ਮੌਜੂਦ ਹੁੰਦੇ ਹਨ। ਕਿਡਨੀ ਉਨਾ ਨੂੰ ਫਿਲਟਰ ਕਰਨ ਦਾ ਕੰਮ ਕਰਦੀ ਹੈ। ਬਾਕੀ ਜੋ ਫਾਲਤੂ ਪਦਾਰਥ ਹੁੰਦੇ ਹਨ ਉਹ ਪਿਸਾਬ ਦੇ ਰੂਪ ਵਿੱਚ ਯੂਰੇਟਰ ਰਾਹੀ ਬਲੈਡਰ ਵਿੱਚ ਪਹੁੰਚ ਜਾਂਦਾ ਹੈ। ਅੰਤ ਵਿੱਚ ਯੂਰੇਥਣ ਟਿਊਬਾਂ ਰਾਹੀ ਸਰੀਰ ਵਿੱਚੋਂ ਨਿੱਕਲ ਜਾਂਦਾ ਹੈ। ਕੁੱਲ ਮਿਲਾ ਕੇ ਐਕਸਟਰੀ ਸਿਸਟਮ ਸਰੀਰ ਦੇ ਵਿੱਚੋਂ ਬੇਲੋੜੇ ਪਦਾਰਥਾਂ ਨੂੰ ਕੱਢਦਾ ਹੈ।

4. *ਨਰਵਸ ਸਿਸਟਮ* ਨਰਵਸ ਸਿਸਟਮ ਦਾ ਮੁੱਖ ਕੰਮ ਸਾਡੇ ਸਰੀਰ ਦੀਆਂ ਗਤੀਵਿਧੀਆਂ ਨੂੰ ਕੰਟਰੋਲ ਕਰਨਾ ਹੁੰਦਾ ਹੈ। ਮਨੁੱਖੀ ਸਰੀਰ ਦਾ ਸਾਰਾ ਕੰਮ ਨਰਵਸ ਸਿਸਟਮ ਰਾਹੀਂ ਹੁੰਦਾ ਹੈ। ਨਰਵਸ ਸਿਸਟਮ ਦੇ ਭਾਗਾਂ ਵਿੱਚ ਵੰਡਿਆ ਹੁੰਦਾ ਹੈ। ਸੈਂਟਰਲ ਨਰਵਸ ਸਿਸਟਮ ਅਤੇ ਪੈਰੀਫੇਰਲ ਨਰਵਸ ਸਿਸਟਮ। ਸੈਂਟਰਲ ਨਰਵਸ ਸਿਸਟਮ ਦੇ ਦੋ ਪ੍ਰਮੁੱਖ ਹਿੱਸੇ ਹੁੰਦੇ ਹਨ। ਦਿਮਾਗ ਅਤੇ ਸਪਾਈਨਲ ਕੋਡ ਮਨੁੱਖ ਦੀ ਸੋਚਣ ਸਕਤੀ ਭਾਵਨਾਵਾਂ ਸਭ ਦਿਮਾਗ ਰਾਹੀਂ ਸੰਭਵ ਹੁੰਦੀ ਹੈ। ਸਪਾਈਨਲ ਕੋਡ ਦਿਮਾਗ ਕੋਲੋਂ ਸਿਗਨਲ ਲੈ ਕੇ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਪਹੁੰਚਾਉਂਦੀ ਹੈ। ਜਿਸ ਰਾਹੀਂ ਸਰੀਰ ਦੇ ਸਾਰੇ ਕਾਰਜ ਹੁੰਦੇ ਹਨ।

5. *ਸਰਕੂਲੇਟਰੀ ਸਿਸਟਮ* ਸਰਕੂਲੇਟਰੀ ਸਿਸਟਮ ਚਾਰ ਅੰਗਾ ਤੇ ਮਿਲ ਕੇ ਬਣਿਆ ਹੈ। ਦਿਲ, ਆਰਟਰੀ, ਵੀਨਸ ਕੰਪੋਲਰੀ। ਸਰਕੂਲੇਟਰੀ ਸਿਸਟਮ ਦਾ ਪ੍ਰਮੁੱਖ ਕੰਮ ਲਹੂ ਦੇ ਵਹਾਅ ਨੂੰ ਸਰੀਰ ਵਿੱਚ ਬਣਾਈ ਰੱਖਣਾ ਹੈ। ਸਰਕੂਲੇਟਰੀ ਸਿਸਟਮ ਵਿੱਚ ਦਿਲ ਇੱਕ ਪੰਪ ਦਾ ਕੰਮ ਕੰਮ ਕਰਦਾ ਹੈ। ਜੋ ਕਿ 60 ਤੋਂ 100 ਵਾਰ ਇੱਕ ਵਿੱਚ ਧੜਕਦਾ ਹੈ। ਹਰ ਵਾਰ ਦਿਲ ਪੂਰੇ ਸਰੀਰ ਵਿੱਚ ਖੂਨ ਪਹੁੰਚਾਉਦਾ ਹੈ। ਜਿਸ ਰਾਹੀਂ ਸਰੀਰ ਦੇ ਹਰ ਸਾਲ ਨੂੰ ਆਕਸੀਜਨ ਮਿਲਦੀ ਹੈ। ਆਕਸੀਜਨ ਦੀ ਪੂਰਤੀ ਤੋਂ ਬਾਅਦ ਇਹ ਖੂਨ ਵਾਪਸ ਦਿਲ ਵੱਲ ਪਰਤ ਆਉਂਦਾ ਹੈ। ਦਿਲ ਫਿਰ ਖੂਨ ਨੂੰ ਫੇਫੜਿਆਂ ਵੱਲ ਭੇਜ ਦਿੰਦਾ ਹੈ। ਆਰਟਰੀ ਨੂੰ ਜੋ ਖੂਨ ਦਿਲ ਵੱਲੋਂ ਮਿਲਦਾ ਹੈ ਉਸ ਨੂੰ ਸਰੀਰ ਦੇ ਬਾਕੀ ਅੰਗਾ ਵੱਲ ਭੇਜਦੀ ਹੈ ਜਿਸ ਨਾਲ ਹਰ ਅੰਗ ਨੂੰ ਆਕਸੀਜਨ ਭਰਪੂਰ ਖੂਨ ਮਿਲਦਾ ਹੈ। ਇਸੇ ਤਰਾਂ ਵੀਨਸ ਅਤੇ ਕਪੇਲਰੀ ਵੀ ਲਹੂ ਨੂੰ ਵੱਖ-ਵੱਖ ਅੰਗਾ ਤੱਕ ਪਹੁੰਚਾਉਂਦੀਆਂ ਹਨ।

6. *ਸਕੈਲੇਟਨ ਸਿਸਟਮ* - ਸਕੈਲੇਟਨ ਵਿੱਚ ਸਰੀਰ ਹੱਡੀਆਂ ਦਾ ਢਾਂਚਾ ਹੁੰਦਾ ਹੈ। ਸਾਰੇ ਜੋੜ, ਮਨੁੱਖੀ ਸਰੀਰ ਦਾ ਢਾਂਚਾ ਇਸ ਦੇ ਉਪਰ ਹੀ ਆਧਾਰਿਤ ਹੁੰਦਾ ਹੈ। ਸਕੈਲਟੋਨ ਸਿਸਟਮ ਸਾਡੇ ਸਰੀਰ ਨੂੰ ਚੱਲਣ-ਫਿਰਨ ਵਿੱਚ ਮੱਦਦ ਕਰਦਾ ਹੈ। ਇਸ ਤੋਂ ਇਲਾਵਾ ਇਹ ਸਾਡੇ ਸਰੀਰ ਦੇ ਅੰਗਾਂ ਨੂੰ ਸੁਰੱਖਿਆ ਪ੍ਰਦਾਨ ਕਰਦਾ ਹੈ। ਬਲੱਡ ਸੈਲ ਦੀ ਬਣਤਰ ਵੀ ਸਕਲਟੋਨ ਰਾਹੀ ਹੁੰਦੀ ਹੈ, ਸਕੌਲਟੋਨ ਸਿਸਟਮ ਦੇ ਭਾਗਾਂ ਵਿਚ ਵੰਡਿਆ ਹੁੰਦਾ ਹੈ। (1) ਐਕਸੀਅਨ (1) ਅਡੀਕਲਰ

ਜਿਸ ਨਾਲ ਸਰੀਰ ਦੇ ਵੱਖਰੇ ਵੱਖਰੇ ਕਾਰਜ ਹੁੰਦੇ ਹਨ। ਇਸ ਸਰੀਰ ਦੇ ਅੰਗਾਂ ਦੇ ਕਾਰਜਾਂ ਨੂੰ ਵੀ

7. *ਈਡੋਂਕਰਾਈਨ ਸਿਸਟਮ* -ਈਡੋਂਕਰਾਇਨ ਸਿਸਟਮ ਦਾ ਮੁੱਖ ਕੰਮ ਹਾਰਮੋਨਜ ਪੈਦਾ ਕਰਨਾ ਹੈ ਕੰਟਰੋਲ ਕਰਦਾ ਹੈ। ਈਡੋਕਰਾਈਨ ਸਿਸਟਮ ਦੋ ਭਾਗਾਂ ਵਿੱਚ ਵੰਡਿਆ ਹੁੰਦਾ ਹੈ। (1) ਸੈਂਟਰਲ ਗਲੈਂਡ (2) ਪੈਰੀਨਲ ਗਲੈਂਡ। ਸੈਂਟਰਲ ਗਲੈਂਡ ਵਿੱਚ ਹਾਈਪੋਥੇਲੇਮਸ, ਪੀਟਊਟਰੀ ਗਲੈਂਡ, ਪਾਈਨਲ ਗਲੈਂਡ ਹੁੰਦੇ ਹਨ। ਪੈਰੀਫੇਰਲ ਗਲੈਂਡ ਵਿੱਚ ਥਾਈਰਡ, ਪੈਰਾਥਾਈਰਡ ਹੁੰਦੇ ਹਨ।

8. *ਪ੍ਰਜਨਨ ਸਿਸਟਮ* ਪ੍ਰਜਨਨ ਸਿਸਟਮ ਮਨੁੱਖੀ ਸਰੀਰ ਦਾ ਪ੍ਰਮੁੱਖ ਸਿਸਟਮ ਹੁੰਦਾ ਹੈ। ਇਸ ਸਿਸਟਮ ਨਾਲ ਸੰਤਾਨ-ਉਤਪਤੀ ਹੁੰਦੀ ਹੈ। ਇਸਤਰੀ ਅਤੇ ਪੁਰਸ ਦੇ ਸਰੀਰ ਵਿੱਚ ਪ੍ਰਜਨਨ ਸਿਸਟਮ ਵੱਖਰਾ ਵੱਖਰਾ ਹੁੰਦਾ ਹੈ। ਔਰਤਾਂ ਵਿੱਚ ਪ੍ਰਜਨਨ ਸਿਸਟਮ ਲਈ ਫੌਜੀਨਾ, ਯੂਟੈਗਸ, ਚੈਲੋਪੀਅਨ ਟਿਊਬ, ਉਵਰੀਜ ਆਦਿ ਕੰਮ ਕਰਦੇ ਹਨ। ਮਰਦਾਂ ਵਿੱਚ ਟੈਸਟੀਕਲ, ਪੈਨੀਸ, ਪਰੌਸਟੇਟ ਆਦਿ ਕੰਮ ਕਰਦੇ ਹਨ। ਮਨੁੱਖੀ ਸਰੀਰ ਇਨਾਂ ਸਿਸਟਮਾਂ ਨਾਲ ਮਿਲ ਕੇ ਬਣਿਆ ਹੈ ਜਿਸ ਵਿੱਚ ਵੱਖਰੇ-ਵੱਖਰੇ ਅੰਗ ਕੰਮ ਕਰਦੇ ਹਨ। ਇਸ ਲਈ ਸਾਨੂੰ ਲੋੜ ਹੈ ਇਸ ਸੰਰਚਨਾ ਨੂੰ ਸਮਝਣ ਦੀ ਤਾਂ ਜੋ ਅਸੀਂ ਅਰੋਗੀ ਜੀਵਨ ਬਤੀਤ ਕਰ ਸਕੀਏ।

# ਕੌਣ ਹੈ ਬਾਗੇਸ਼ਵਰ ਧਾਮ ਦਾ ਬਾਬਾ ?



ਅਸ਼ੋਕ ਸੋਨੀ, ਕਾਲਮਨਵੀਸ
ਪਿੰਡ ਖੂਈ ਖੇੜਾ, ਫਾਜ਼ਿਲਕਾ
9872705078

ਭਾਰਤ 'ਚ ਸੋਸ਼ਲ ਮੀਡੀਆ ਕਿਵੇਂ ਕਿਸੇ ਨੂੰ ਫਰਸ਼ ਤੋਂ ਅਰਸ਼ ਤੇ ਲੈ ਜਾਂਦਾ ਏ, ਇਸਦੀ ਸਭ ਤੋਂ ਪ੍ਰਤੱਖ ਉਦਾਹਰਣ 26 ਸਾਲਾ ਬਾਗੇਸ਼ਵਰ ਬਾਬਾ, ਬਾਗੇਸ਼ਵਰ ਸਰਕਾਰ ਉਰਫ ਧੀਰੇਂਦਰ ਕ੍ਰਿਸ਼ਨ ਸਾਸ਼ਤਰੀ ਏ, ਧੀਰੇਂਦਰ ਦਾ ਦਾਦਾ ਭਗਵਾਨ ਦਾਸ, ਜੋ ਨਿਰਮੋਹੀ ਅਖਾੜੇ ਨਾਲ ਜੁੜਿਆ ਸੀ, ਮੱਧ ਪ੍ਰਦੇਸ਼ ਦੇ ਛੱਤਰਪੁਰ 'ਚ ਪਿੰਡ ਗੜਾ ਵਿਖੇ ਬਾਲਾ ਜੀ ਦੇ ਮੰਦਰ ਕੋਲ ਆਪਣੀ ਚੋਕੀ ਲਾਕੇ 'ਝਾੜਫੂਕ' ਦਾ ਤੇ ਪੂਜਾ ਦਾ ਕੰਮ ਕਰਦਾ ਸੀ, ਧੀਰੇਂਦਰ ਆਪਣੇ ਦਾਦਾ ਨੂੰ ਈ ਆਪਣਾ ਗੁਰੂ ਮੰਨਦਾ ਏ। ਪਿਓ ਰਾਮ ਕਿਰਪਾਲ ਤੇ ਮਾਂ ਸਰੋਜ ਦੇ ਆਰਥਿਕ ਹਾਲਾਤ ਇੰਨੇ ਕੁ ਖਰਾਬ ਸਨ ਕਿ ਧੀਰੇਂਦਰ ਦੀ ਫੀਸ ਤੱਕ ਨ੍ਹੀਂ ਭਰੀ ਜਾਂਦੀ ਸੀ, ਇਹ ਉਹ ਆਪ ਮੰਨਦਾ ਏ। 12 ਵੀਂ ਤੋਂ ਬਾਅਦ ਪ੍ਰਾਈਵੇਟ ਪੜ੍ਹਾਈ ਕਰਦੇ ਹੋਏ, ਇਸ ਧੀਰੇਂਦਰ ਨੇ ਹੋਲੀ-ਹੋਲੀ, ਆਪਣੇ-ਆਪ 'ਚ ਖਾਸ ਸ਼ਕਤੀਆਂ ਹੋਣ ਦੀ ਤੇ ਭਗਵਾਨ ਨਾਲ ਸਿੱਧੀ ਗੱਲਬਾਤ ਹੋਣ ਦੀ ਗੱਲ ਆਖਣ ਲੱਗ ਪਿਆ।

ਫੇਰ ਇਸਨੇ ਵੀ ਆਪਣੇ ਦਾਦੇ ਵਾਂਗ ਚੋਕੀ ਲਾਉਂਦੇ ਹੋਏ ਨਵੇਂ ਤੇ ਖਾਸ ਤਰੀਕੇ ਨਾਲ ਲੋਕਾਂ ਨੂੰ ਪ੍ਰਭਾਵਿਤ ਕਰਨ ਦਾ ਕੰਮ ਆਰੰਭ ਕਰ ਦਿੱਤਾ, ਉਦੋਂ ਸ਼ੁਰੂਆਤੀ ਦੌਰ ਸੀ ਤੇ ਬਾਬੇ ਦਾ ਦਰਬਾਰ ਰੋਜ ਲੱਗਦਾ ਸੀ, ਲੋਕਾਂ ਨੂੰ ਦਰਖਾਸਤ ਲਾਉਣ ਲਈ ਕਿਹਾ, ਦਰਖਾਸਤ ਦਾ ਅਰਥ ਸੀ ਨਾਰੀਅਲ ਚੜ੍ਹਾਉਣਾ, ਉੱਥੇ ਸ਼ੁਰੂਆਤ 'ਚ ਕੁੱਝ ਕੁ ਲੋਕ ਆਉਂਦੇ ਸਨ ਤੇ ਇਹ ਨੋਜਵਾਨ ਬਾਬਾ ਜੀ, ਉਹਨਾਂ ਚੋਂ ਕਿਸੇ ਨੂੰ ਇਕਦਮ ਨਾਂ ਲੈਕੇ ਬੁਲਾਉਂਦਾ ਕਿ ਆਜਾ ਤੇਰੀ ਦਰਖਾਸਤ ਆਈ ਏ, ਉਸਦਾ ਨਾਂ, ਪੁੱਤਰ ਦਾ ਨਾਂ, ਸਮੱਸਿਆ ਆਦਿ ਗੱਲਾਂ ਕਾਪੀ ਤੇ ਲਿਖਕੇ ਹਰੇਕ ਨੂੰ ਹੈਰਾਨ ਕਰ ਦਿੰਦਾ, ਉਸਦੀ ਇਸ ਕਲਾਕਾਰੀ ਦੀਆਂ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈਆਂ ਤੇ ਅੰਧਵਿਸ਼ਵਾਸੀ ਲੋਕਾਂ ਲਈ ਮਾਰਕੀਟ 'ਚ ਨਵੇਂ ਬਾਬੇ ਦੀ ਧਮਾਕੇਦਾਰ ਐਂਟਰੀ ਹੋ ਗਈ ਜਦਕਿ ਸਾਡੇ ਦੇਸ਼ ਦੀ ਇੱਕ ਬੇਹੱਦ ਹੋਣਹਾਰ ਤੇ ਪ੍ਰਸਿੱਧ ਜਾਦੂਗਰ ਕੁੜੀ ਏ ਨਾਂ ਏ, ਸੁਹਾਨੀ ਸ਼ਾਹ। ਯੂਟਿਊਬ ਤੇ ਸਰਚ ਕਰਕੇ ਦੇਖੋ, ਜਾਦੂ ਦੀ ਕਲਾ, ਮਨੋਵਿਗਿਆਨ ਤੇ ਲਗਾਤਾਰ ਅਭਿਆਸ ਨਾਲ ਉਹ ਇਸ ਬਾਬੇ ਤੋਂ ਕਿਤੇ ਵੱਧ ਜਾਦੂ ਦਿਖਾ ਦਿੰਦੀ ਏ, ਬਾਬਾ ਤਾਂ ਉਸ ਮੁਕਾਬਲੇ ਬੇਹੱਦ ਪਿੱਛੇ ਹੈ ਪਰ ਸਾਡੇ ਦੇਸ਼ 'ਚ ਜਾਦੂਗਰ ਨ੍ਹੀਂ ਅੰਧਵਿਸ਼ਵਾਸੀ ਬਾਬੇ ਜਾਦੂ-ਹੱਥ ਦੀ ਸਫਾਈ ਦਾ ਖੱਟਿਆ ਖਾਂਦੇ ਨੇ।

ਫੇਰ ਜਦੋਂ ਇਸਦੀ ਪ੍ਰਸਿੱਧੀ ਵੱਧ ਗਈ ਤਾਂ ਇਸਨੇ 'ਝਾੜਫੂਕ' ਦੇ ਧੰਦੇ ਦੇ ਨਾਲ-ਨਾਲ ਧਾਰਮਿਕ ਕਥਾ-ਵਾਚਕ ਦਾ ਕੰਮ ਵੀ ਤੋਰ ਲਿਆ ਤੇ ਆਪਣੇ-ਆਪ ਨੂੰ ਬਾਲਾਜੀ ਦਾ ਤੇ ਹਿੰਦੂਆਂ ਦਾ ਖਾਸਮਖਾਸ ਸਿੱਧ ਕਰਨਾ ਸ਼ੁਰੂ ਕਰ ਦਿੱਤਾ। ਇਸਦੀ ਤਰੱਕੀ ਬਿਜਲੀ ਤੋਂ ਵੀ ਵੱਧ ਗਤੀ ਨਾਲ ਹੋਈ, ਜਿਸ 'ਚ ਇਸਨਾਲ ਜੁੜੇ ਵਿਵਾਦਾਂ ਨੇ, ਇਸਦਾ ਬੇਹੱਦ ਫਾਇਦਾ ਕੀਤਾ। ਆਪਣੇ ਦਰਬਾਰ 'ਚ ਇਹ ਬਾਬਾ ਸ਼ਰੇਆਮ ਹਿੰਦੂਆਂ ਨੂੰ ਭੜਕਾਉਣ ਤੇ ਨਫ਼ਰਤ ਫੈਲਾਉਣ ਦੇ ਜਬਰਦਸਤ ਜੋਸ਼ੀਲੇ ਪ੍ਰਵਚਨ ਲਗਾਤਾਰ ਕਰਦਾ ਏ ਤਾਂ ਜੋ ਬਹੁਗਿਣਤੀ ਇਸਨੂੰ ਆਪਣੇ ਧਰਮ ਦਾ ਰੱਖਿਅਕ ਮੰਨਦੇ ਹੋਏ ਇਸਦੇ ਮਗਰ ਲੱਗੀ ਰਹੇ, ਇਸਨੇ ਆਪਣੇ ਦਰਬਾਰ 'ਚ ਇਕ ਬੰਦੇ ਨੂੰ, 'ਅਛੂਤ' ਆਖਦਿਆਂ ਆਪਣੇ ਪੈਰ ਛੂਹਣ ਤੋਂ ਮਨ੍ਹਾ ਕਰ ਦਿੱਤਾ ਸੀ, ਇਕ ਦਿਨ ਇਸਨੇ ਆਪਣੇ ਦਰਬਾਰ 'ਚ ਕਿਹਾ ਕਿ 'ਰਾਵਣ' ਨਾਲ ਮੇਰੀ ਫੋਨ ਤੇ ਗੱਲ ਹੋਈ ਏ, ਕਦੇ ਇਹ ਫਿਲਮ ਨਿਰਮਾਤਾ ਦੇ ਮੂੰਹ ਤੇ ਕੰਨ 'ਚ ਬਲਦੀ ਲਕੜੀ ਤੁੰਨਣ ਬਾਰੇ ਆਖ ਦਿੰਦਾ ਏ ਤਾਂ ਕਦੇ ਕਿਸੇ ਲੀਡਰ ਨੂੰ ਮਸਲ ਦੇਣ ਬਾਰੇ ਆਖ ਦਿੰਦਾ ਏ। ਕੁੱਲ ਮਿਲਾ ਕੇ ਇਹ ਬਾਬਾ ਪੂਰਾ ਭੜਕਾਊ ਹੈ ਤੇ ਇਸਦੀ ਮਸ਼ਹੂਰੀ ਸਿਰਫ ਸੋਸ਼ਲ ਮੀਡੀਆ ਜਾਂ ਆਮ ਲੋਕਾਂ ਤੱਕ ਹੀ ਨਹੀਂ ਹੈ।

ਆਪਾਂ ਤਾਂ ਇੰਦਰਜੀਤ ਨਿੱਕੂ ਨੂੰ ਹੀ ਵੇਖਿਆ ਏ ਪਰ ਦਰਅਸਲ ਬਾਬੇ ਦੇ ਦਰਬਾਰ 'ਚ ਆਉਣ ਵਾਲੀਆਂ ਸੱਤਾਧਿਰ ਤੇ ਵਿਪੱਖ ਦੀਆਂ ਵੱਡੀਆਂ ਹਸਤੀਆਂ, ਅਫਸਰਸ਼ਾਹੀ ਤੇ ਹੋਰ ਮਸ਼ਹੂਰ ਸ਼ਖਸੀਅਤਾਂ ਅੱਗੇ 'ਨਿੱਕੂ' ਤਾਂ ਵਾਕਈ 'ਨਿੱਕੂ' ਏ, ਕੁੱਝ ਕੁ ਦਿਨ ਪਹਿਲਾਂ ਹੀ ਇਸਦੇ ਪੈਰਾਂ 'ਚ ਬੈਠੇ ਦੀਆਂ, ਮੱਧ ਪ੍ਰਦੇਸ਼ ਦੇ ਮੌਜੂਦਾ ਗ੍ਰਹਿ ਮੰਤਰੀ 'ਨਰੋਤਮ ਮਿਸ਼ਰਾ' ਤੇ ਵੱਡੇ ਪੁਲਸ ਅਫ਼ਸਰਾਂ ਦੀ ਫੋਟੋ ਨੇ ਤਾਂ ਹਨੇਰੀ ਮਚਾ ਦਿੱਤੀ ਸੀ। ਬਾਬੇ ਦੀ ਚੜ੍ਹਾਈ ਦਾ ਆਲਮ ਇਹ ਹੈ ਕਿ ਪਿੱਛੇ ਜਿਹੇ ਬਾਬਾ 'ਇੰਗਲੈਂਡ' 'ਚ ਜਾ ਕੇ ਉਥੋਂ ਦੀ ਸੰਸਦ 'ਚ ਤੇ ਹੋਰ ਲੋਕਾਂ ਨੂੰ ਵੀ ਕਥਾ ਸੁਣਾ ਕੇ ਆਇਆ ਹੈ ਤੇ ਇਸਦੀ ਟੀਮ ਅਨੁਸਾਰ ਤਾਂ ਇਸਨੂੰ ਸਮਾਜਭਲਾਈ ਲਈ ਬ੍ਰਿਟੇਨ ਦੀ ਸੰਸਦ 'ਚ ਤਿੰਨ ਅਵਾਰਡਾਂ ਨਾਲ ਵੀ ਸਨਮਾਨਿਤ ਕੀਤਾ ਗਿਆ ਏ ਹਾਲਾਂਕਿ ਪਿੱਛੇ ਜਿਹੇ ਇਸਦੇ ਚਾਚੇ ਦੇ ਮੁੰਡੇ ਨਾਲ ਇਸਦੀ ਗੱਦੀ ਬਾਰੇ ਵਿਵਾਦ ਵੀ







ਸਾਹਮਣੇ ਆਇਆ ਸੀ ਤੇ ਉਹ ਇਸ ਬਾਬੇ ਦੇ ਇਕ ਧੁਰ ਵਿਰੋਧੀ ਬਾਬੇ ਦੇ ਦਰਬਾਰ 'ਚ ਵੀ ਚਲਾ ਗਿਆ ਸੀ ਪਰ ਹੁਣ ਕੋਈ ਗੰਢਤੁੱਪ ਕਰ ਲਈ ਗਈ ਏ।

ਹੁਣ ਇਸਦੇ ਪਿੰਡ 'ਚ ਮੰਗਲਵਾਰ ਤੇ ਸ਼ਨੀਵਾਰ ਦਰਬਾਰ ਲੱਗਦਾ ਏ, ਜਿਸ 'ਚ ਜਾਣ ਲਈ ਬਹੁਤ ਭਾਰੀ ਇਕੱਠ 'ਚ ਲਾਈਨ ਲੱਗ ਕੇ, ਪਹਿਲਾਂ ਟੋਕਨ ਹਾਸਲ ਕਰਨਾ ਪੈਂਦਾ ਏ, ਹਾਲਾਂਕਿ ਬਾਬੇ ਦਾ ਇਹ ਆਨਲਾਈਨ ਸਿਸਟਮ ਵੀ ਚੱਲਦਾ ਏ, ਬਾਕੀ ਦਿਨ ਬਾਬੇ ਦਾ ਦਰਬਾਰ ਵੱਖ-ਵੱਖ ਥਾਂਈ ਵੱਡੇ-ਵੱਡੇ ਸ਼ਹਿਰਾਂ 'ਚ ਲੱਗਦਾ ਏ। ਹਾਲਾਂਕਿ ਬਾਬੇ ਦਾ ਆਖਣਾ ਏ ਕਿ ਉਹ ਪੈਸੇ ਦਾ ਲਾਲਚੀ ਨਹੀਂ ਹੈ ਤੇ ਆਪਣੇ ਡੇਰੇ 'ਚ ਹਰ ਸਾਲ ਅਣਗਿਣਤ ਗਰੀਬ ਕੁੜੀਆਂ ਦੇ ਵਿਆਹ ਵਗੈਰਾਹ ਵੀ ਕਰਦਾ ਏ, ਜਦਕਿ ਇਸਦੇ ਦਰਬਾਰ ਦੀਆਂ ਆਈਆਂ ਕਈ 'ਠਰਕਪੁਣੇ' ਵਾਲੀਆਂ ਵੀਡੀਓ ਵੀ ਕਾਫੀ ਚਰਚਿਤ ਨੇ। ਬਹੁਤ-ਬਹੁਤ ਹੈਰਾਨੀ ਦੀ ਗੱਲ ਹੈ ਕਿ ਸਰਕਾਰਾਂ, ਰਾਜਨੀਤਕ ਦਲ ਤੇ ਵੱਡੇ-ਵੱਡੇ ਲੀਡਰ ਅੰਧਵਿਸ਼ਵਾਸ ਫੈਲਾਉਣ ਵਾਲੇ ਇੰਨਾਂ ਬਾਬਿਆਂ ਤੇ ਲਗਾਮ ਕੱਸਣ ਦੀ ਥਾਂ, ਪਹਿਲਾਂ ਉਨਾਂ ਬਾਬਿਆਂ ਨੂੰ ਆਪ ਵੱਡਾ ਕਰਦੀਆਂ ਨੇ ਤੇ ਫੇਰ ਉਹਨਾਂ ਦੇ ਵੋਟਬੈਂਕ ਰਾਹੀ, ਵੋਟ ਹਾਸਲ ਕਰਕੇ ਸੱਤਾ ਤੇ ਲਗਾਤਾਰ ਕਾਬਜ ਰਹਿਣਾ ਚਾਹੁੰਦੀਆਂ ਨੇ, ਸਹੀ ਏ "100 ਮੇਂ ਸੇ 90 ਬੇਈਮਾਨ, ਫਿਰ ਭੀ ਮੇਰਾ ਭਾਰਤ ਮਹਾਨ, ਮੇਰਾ ਭਾਰਤ ਮਹਾਨ" !





# ਕੁਦਰਤ ਦੀ ਅਸੀਮ ਖੂਬਸੂਰਤੀ ਅਤੇ ਵਿਗਿਆਨ ਦੀ ਸਸੀਮਤਾ ਦਾ ਅਨੂਠਾ ਸੁਮੇਲ ਹੈ : ਮਿੰਨੇਵੰਕਾ ਝੀਲ, ਕਨੇਡਾ

ਮਿੰਨੇਵੰਕਾ ਝੀਲ ਸਹਿਰਬੈਂਫ, ਅਲਬਰਟਾ, ਕਨੇਡਾ ਦੀ ਸਵਰਗ ਰੂਪੀ ਝੀਲ ਹੈ . ਕੁਦਰਤ ਦੀ ਅਸੀਮ ਖਬਸੂਰਤੀ ਅਤੇ ਵਿਗਿਆਨ ਦੀ ਸਸੀਮਤਾ ਦਾ ਅਨੂਠਾ ਸੁਮੇਲ ਹੈ ਮਿੰਨੇਵੰਕਾ ਝੀਲ . ਮਿੰਨੇਵੰਕਾ ਝੀਲ ਕਨੇਡਾ ਵਿਚ ਬੈਂਫ ਨੈਸਨਲ ਪਾਰਕ ਦੇ ਪੂਰਬੀ ਖੇਤਰ ਵਿਚ ਸਥਿੱਤ ਇਕ ਬਰਫ ਦੇ ਪਾਣੀ ਤੋਂ ਬਣੀ ਅਲਬੇਲੀ ਝੀਲ ਹੈ . ਜੋ ਖੁਦ ਅਪਣੇ ਵਜੂਦ 'ਚੋ ਨਿਕਲ ਕੇ ਕੁਦਰਤੀ ਰੂਪ ਧਾਰਣ ਕਰੀ ਬੈਠੀ ਹੈ . ਕਨੇਡਾ ਦੇ ਪ੍ਰਸਿੱਧ ਪਹਾੜੀ ਸਹਿਰ ਬੈਂਫ ਟਾਊਨ ਸਾਈਟ ਤੋਂ ਲਗਭਗ ਪੰਜ ਕਿਲੋਮੀਟਰ ਦੂਰ ਉਤਰ ਪੂਰਬ ਵਿਚ ਸਥਿੱਤ ਹੈ ਮਿੰਨੇਵੰਕਾ . ਇਹ ਝੀਲ ਲਗਭਗ 21 ਕਿਲੋਮੀਟਰ ਲੰਬੀ ਅਤੇ 142 ਮੀਟਰ ਸਹਿਰੀ ਹੈ . ਇਹ ਝੀਲ ਕਨੇਡੀਅਨ ਪਹਾੜੀ ਪਾਰਕਾਂ 'ਚੋਂ ਦੂਸਰੀ ਸਭ ਤੋਂ ਲੰਬੀ ਝੀਲ ਹੈ .

ਇਸ ਝੀਲ 'ਤੇ ਪਹੁੰਚਣ ਤੋਂ ਪਹਿਲਾ ਸੜਕ ਦੇ ਸੱਜੇ ਪਾਸੇ ਐਸ ਪੈਨ ਰੁੱਖਾਂ ਦੇ ਸੰਘਣੇ ਨਜਾਰੇਦਾਰ ਜੰਗਲ ਨਜਰ ਆਉਂਦੇ ਹਨ ਅਤੇ ਖੱਬੇ ਪਾਸੇ ਖਸਤਾ ਹਾਲਤ ਢਲਾਨਾਂ ਵਾਲੇ ਸਖਤ ਕਿਰਮਚੀ, ਨਾਰੰਗੀ ਅਤੇ ਮੌਲਸਿਰੀ ਰੰਗ ਦੇ ਚੁਲਬਲੇ ਮਨਚਲੇ ਦਿਲਕਸ ਪਹਾੜ . ਇਸ ਝੀਲ ਦੇ ਚਾਰੇ ਪਾਸੇ ਲੰਬੀ ਪੈਦਲ ਯਾਤਰਾ ਕਰਨਾ ਦਾ ਸਾਨਦਾਰ ਆਨੰਦਮਈ ਮਜਾ ਹੈ . ਇਸ ਦੇ ਆਲੇ-ਦੁਆਲੇ ਲੰਬੇ ਪਤਲੇ ਅਤੇ ਛਤਰੀ ਨੁਮਾਂ ਟਹਿਣੀਆਂ ਵਾਲੇ ਐਸ ਪੈਲ ਦੇ ਰੁੱਖ ਲਾਜਵਾਬ ਦ੍ਰਿਸ ਬਣਾਉਂਦੇ ਹਨ . ਇਨ੍ਹਾਂ ਰੁੱਖਾਂ ਦੇ ਤਣੇ ਬਾਂਸ ਵਾਂਗ ਪਤਲੇ ਅਤੇ ਕਿਸੇ ਛਮਕਛੱਲੋ ਜਿਹੀ ਇਕਹਿਰੇ ਸਰੀਰ ਦੀ ਖੂਬਸੂਰਤ ਅੱਧ ਨਗਨ ਗੋਰੀ ਚਿੱਟੀ ਮੁਟਿਆਰ ਵਾਂਗੂੰ, ਇਸ ਝੀਲ ਦੇ ਆਲੇ ਦੁਆਲੇ ਟੇਢੇ-ਮੇਢੇ, ਊਬੜ-ਖਾਬੜ ਖੁਰਦਰੇ ਸੈਰ ਰਸਤੇ ਝੀਲ ਦੀ ਸੋਭਾ ਨੂੰ ਅਲੰਕਾਰਿਤ ਕਰਦੇ ਹੋਏ ਦੇਵਲੋਕ ਦਾ ਭੁਲੇਖਾ ਪਾਉਂਦੇ ਹਨ .

ਇਸ ਝੀਲ ਵਿਖੇ ਲੋਕ ਗਰਮੀ ਦੇ ਦਿਨਾਂ ਵਿਚ ਅਤੇ ਮਾਮੂਲੀ ਸਰਦੀ ਦੇ ਦਿਨਾਂ ਵਿਚ ਹੀ ਆਉਂਦੇ ਹਨ . ਸਵੇਰ ਤੋਂ ਸਾਮ ਤੱਕ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਹੈ . ਰੰਗ ਬਰੰਗੇ ਪਾਰਦਰਸੀ ਤੰਬੂਆਂ ਵਿਚ ਅਨੰਦ ਮਾਣਦੇ ਲੋਕ, ਰੰਗ ਬਰੰਗੀਆਂ ਕਿਸਤੀਆਂ ਵਿਚ ਗੋਰੇ ਚਿੱਟੇ, ਖੂਬਸੂਰਤ ਲੋਕ ਅਤੇ ਠੰਡੀਆਂ ਠਾਰ ਹਵਾਵਾਂ ਵਿਚ, ਚੁਫੇਰੇ ਪਹਾੜਾਂ ਤੇ ਜੰਗਲਾਂ ਦੀ ਰਾਹਨੁਮਾਈ ਵਿਚ ਜੰਨਤ ਦਾ ਨਾਯਾਬ ਸਰੂਪ ਹੀ ਲਗਦੇ ਹਨ . ਚੱਪੂਆਂ ਨਾਲ ਚਲਦੀਆਂ ਬੇੜੀਆਂ ਦੂਰੋਂ ਝੀਲ ਦੇ ਅਦਭੁਤ ਦ੍ਰਿਸ ਬਣਾਉਂਦੀਆਂ ਹੋਈਆਂ, ਇਕ ਮੁਕੰਮਲ ਆਨੰਦ ਦਾ ਯਥਾਰਥ .



ਪਾਰਦਰਸੀ ਪਾਣੀ ਦੀ ਮਹਿਮਾਂ 'ਚ ਤੈਰਦੀਆਂ ਵਸਤੂਆਂ ਦਾ ਪ੍ਰਤੀਬਿੰਧ ਚਿੱਤਰਕਾਰੀ ਦਾ ਭੁਲੇਖਾ ਪਾਉਂਦਾ. ਦੂਰੋਂ ਝੀਲ ਦੇ ਛੋਟੇ-ਛੋਟੇ ਸੁੰਦਰ ਦ੍ਰਿਸ ਮਿਲ ਕੇ ਏਦਾਂ ਨਜਾਰਾ ਪੇਸ ਕਰਦੇ ਹਨ ਕਿ ਜਿਵੇਂ ਕੁਦਰਤ ਨੇ ਅਪਣੀ ਸੁੰਦਰ ਚਿੱਤਰਕਾਰੀ ਦੇ ਦਸਤਖਤ ਕੀਤੇ ਹੋਣ 'ਤੇ ਹੈ ਵੀ ਯਥਾਰਥ .

ਇਸ ਝੀਲ ਦੇ ਏਰੀਏ ਵਿਚ ਪ੍ਰਵੇਸ ਕਰਨ ਤੋਂ ਪਹਿਲਾਂ ਟਿਕਟ ਲੈਣੀ ਪੈਂਦੀ ਹੈ . ਲੋਕੀਂ ਸਪਰਿਵਾਰ ਅਪਣੇ ਨਾਲ ਬ੍ਰੈਂਚ, ਲੰਚ ਅਤੇ ਹੋਰ ਪਕਵਾਣ-ਮਿਸਠਾਣ ਨਾਲ ਲੈ ਕੇ ਆਉਂਦੇ ਹਨ . ਪਿਕਨਿਕ ਦਾ ਸਾਰਾ ਸਾਜੋ-ਸਾਮਾਨ . ਵੱਖ-ਵੱਖ ਓਵਨਾਂ ਵਿਚ ਪਕਦਾ ਮੀਟ ਅਤੇ ਵੈਜੀਟੇਬਲ ਪਦਾਰਥ ਦੀ ਖੁਸਬੂ ਦੂਰ-ਦੂਰ ਤਕ ਅਪਣਾ ਅਸਰ ਛੱਡਦੀ ਹੈ .

ਮਘਦੇ ਕੋਇਲਿਆਂ ਅਤੇ ਧੁਖਦੀਆਂ ਲਕੜੀਆਂ ਉਪਰ ਸੰਵਰਦੇ ਪਕਵਾਣ ਝੀਲ ਦੇ ਨਜਾਹਿਰਆਂ ਨੂੰ ਜੰਨਤ ਦੇ ਕੋਲ ਖੜ੍ਹਾ ਕਰ ਦਿੰਦੇ . ਜਿਵੇਂ ਜੰਨਤ ਵਿਚ ਮੇਲਾ ਲੱਗਾ ਹੋਵੇ .

ਇਸ ਝੀਲ ਦੇ ਨਜਦੀਕ ਕੋਈ ਦੁਕਾਨ ਨਹੀਂ ਹੈ . ਤਾਜੀ ਪਹਾੜਾਂ ਦੀ ਹਵਾ ਝੀਲ ਦੇ ਪਾਣੀ ਨਾਲ ਖਹਿ ਕੇ ਜਦ ਸਾਹਾਂ ਉਤਰਦੀ ਹੈ ਤਾਂ ਇਕਾਗਰਤਾ ਰੋਮਾਂਚਕ ਦਾ ਅਨੁਭਵ ਮਹਿਸੂਸ ਕਰਦੀ ਹੈ . ਇਕ ਲਿਲਕੜੀ ਰੁਮਾਂਟਿਕਤਾ ਵਿਚ ਉਤਰਦੀ ਹੈ .

ਝੀਲ ਦੇ ਨਾਲ ਲਗਦੇ ਸੰਘਣੇ ਜੰਗਲਾਂ ਵਿਚ ਤਰ੍ਹਾਂ-ਤਰ੍ਹਾਂ ਦੇ ਜਾਨਵਰ ਅਤੇ ਭਾਰੀ ਮਾਤਰਾ ਵਿਚ ਪੰਛੀਆਂ ਦੀ ਆਬਾਦੀ ਲੁਕਵੀ ਝਾਤ ਦਾ ਨਜਾਰਾ ਦੇਂਦੀ ਹੈ . ਜਾਨਵਰਾਂ ਅਤੇ ਪੰਛੀਆਂ ਦੀਆਂ ਲੈਆਤਮਿਕ ਚੁੰਨੀਆਂ-ਮੁੰਨੀਆਂ ਦਿਲਕਸ ਮਿਸਰਣ ਆਵਾਜਾਂ ਸੰਗੀਤ ਅਤੇ ਗੀਤ ਨੂੰ ਏਕਾਕਾਰ ਕਰਦੀਆਂ, ਜੋ ਕਿੰਨੀਆਂ ਚੰਗੀਆਂ ਲਗਦੀਆਂ . ਕੁਦਰਤ ਦਾਰਸ ਭਿੰਨਾ ਸੰਗੀਤ . ਮਿੰਨੇਵੰਕਾ ਝੀਲ ਵਰਤਮਾਨ ਵਿਚ ਰਾਸਟਰੀਏ ਪਾਰਕ ਨਾਲ ਵੀ ਪ੍ਰਸਿੱਧ ਹੈ ਜਿਸ ਨਾਲ ਪ੍ਰਕਿਰਤੀ ਅਤੇ ਸੰਸਕ੍ਰਿਤੀ-ਸਭਿਆਚਾਰਕ ਮਹੱਤਵ ਨੂੰ ਹੋਰ ਪ੍ਰਫੁਲਤਾ ਮਿਲਦੀ ਹੈ . ਮਿੰਨੇਵੰਦਾ ਝੀਲ ਦੀ ਆਤਮਾ ਜੀਵਿਤ ਹੈ .

ਝੀਲ ਦੇ ਬਾਹਰੀ ਸੜਕ ਇਲਾਕੇ ਦੇ ਪਹਾੜੀ ਖੇਤਰ ਵਿਚ ਬਣੇ ਸਾਈਕਲ ਰਸਤੇ ਵੀ ਅਪਣਾ ਖੂਬ ਮਹੱਤਵ ਰੱਖਦੇ ਹਨ . ਨੌਜਵਾਨ-ਲੜਕੇ ਲੜਕੀਆਂ ਕਈ ਮੀਲ ਸਾਈਕਲ ਯਾਤਰਾ ਦਾ ਲੁਤਫ ਲੈਂਦੇ ਹਨ .

ਇਸ ਇਲਾਕੇ ਦਾ ਸਭ ਤੋਂ ਉਚ ਪਹਾੜ ਮਾਊਂਟ ਆਇਲਸਰ ਜੋ 3162 ਮੀਟਰ ਉਚਾ ਹੈ, ਅਪਣੀ ਸੰਸਕ੍ਰਿਤੀ ਦੀ ਜੀਵੰਤਤਾ ਦਾ ਬੋਧ ਕਰਵਾਉਂਦਾ ਹੈ .

ਮਿੰਨੇਵੰਦਾ ਨੂੰ ਦੇਖਣ ਲਈ ਸਭ ਤੋਂ ਜ਼ਿਆਦਾ ਬੱਚਿਆਂ ਦੀ ਗਿਣਤੀ ਸਾਮਿਲ ਹੈ . ਦੁਨੀਆਂ ਵਿਚ ਸਭ ਤੋਂ ਤੰਦਰੁਸਤ ਹਵਾ ਅਤੇ ਪਾਣੀ ਕਨੇਡਾ ਦੀ ਧਰਤੀ ਨੂੰ ਨਸੀਬ ਹੈ .

ਦੋਸਤੋ ਤੁਸੀਂ ਕਨੇਡਾ ਆਓ ਤਾਂ ਮਿੰਨੇਵੰਕਾ ਨੂੰ ਵੇਖਣਾ ਨਾਲ ਭੁੱਲਣਾ ਕਿਉਂਕਿ ਸਵਰਗ .

**ਬਲਵਿੰਦਰ ਬਾਲਮ ਗੁਰਦਾਸਪੁਰ**
**ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਐਡਮਿੰਟਨ, ਕਨੇਡਾ +91 98156-25409**

# "ਸਾਡੇ ਵੇਲੇ ਤਾਂ ਆਏਂ ਹੁੰਦਾ ਸੀ... !"

ਜੋ ਅੱਜ ਹੈ ,ਕੱਲ੍ਹ ਨੂੰ ਇਸ ਨੇ ਵੀ ਕੱਲ੍ਹ ਬਣ ਜਾਣਾ ਹੈ,ਇਸ ਤਰ੍ਹਾਂ ਵਰਤਮਾਨ ਨੇ ਭੂਤਕਾਲ ਵਿੱਚ ਤਬਦੀਲ ਹੁੰਦੇ ਜਾਣਾ ਹੈ ਤੇ ਵਰਤਮਾਨ ਨੇ ਕਦੇ ਵਰਤਮਾਨ ਨਹੀਂ ਰਹਿਣਾ,ਇਸ ਲਈ ਹਰ ਬੀਤਿਆ ਪਲ ਭੂਤਕਾਲ ਬਣਨਾ ਹੀ ਤਾਂ ਕੁਦਰਤ ਦਾ ਅਸੂਲ ਹੈ। ਸਮਾਂ ਇੱਕ ਇਹੋ ਜਿਹੀ ਚੀਜ ਹੈ ਕਿ ਜਿਸਨੂੰ ਨਾ ਤਾਂ ਬੰਨ੍ਹ ਕੇ ਰੱਖਿਆ ਜਾ ਸਕਦਾ ਹੈ ਤੇ ਨਾ ਲੰਘੇ ਸਮੇਂ ਨੂੰ ਵਾਪਸ ਲਿਆਂਦਾ ਜਾ ਸਕਦਾ ਹੈ। ਮਨੁੱਖ ਦਾ ਜੀਵਨ ਚੱਕਰ ਇਸੇ ਤਰ੍ਹਾਂ ਚੱਲਦਾ ਰਹਿੰਦਾ ਹੈ। ਪਰ ਇੱਕ ਗੱਲ ਜਰੂਰ ਹੈ ਕਿ ਚਲੋ ਮੰਨਿਆ ਕਿ ਵੱਡਿਆਂ ਨੇ ਛੋਟਿਆਂ ਨੂੰ ਉਦਾਹਰਣਾਂ ਦੇ ਦੇ ਕੇ ਅਕਲ ਤਾਂ ਦੇਣੀ ਹੁੰਦੀ ਹੈ ਪਰ ਜਦ ਉਹ ਉਦਾਹਰਣਾਂ ਗੱਲ ਗੱਲ ਉੱਤੇ ਬੈਠ ਕੇ ਕਾਬਜ ਹੋਣ ਲੱਗ ਪੈਣ ਤਾਂ ਉਸ ਵਿੱਚੋਂ ਕਈ ਵਾਰ ਬਗਾਵਤ ਦਾ ਬੀਜ ਪੁੰਗਰਨ ਲੱਗ ਪੈਂਦੇ ਹਨ। ਬੱਚਿਆਂ ਨੂੰ ਛੱਡ ਕੇ ਬਾਕੀ ਉਮਰ ਦੇ ਸਾਰੇ ਪੜਾਅ ਭਾਵ ਅੱਲ੍ਹੜਾਂ ਤੋਂ ਲੈਕੇ ਬੁਢਾਪੇ ਤੱਕ ਹਰ ਕੋਈ ਆਪਣੀ ਪਿਛਲੇਰੀ ਜ਼ਿੰਦਗੀ ਦੀਆਂ ਘਟਨਾਵਾਂ ਨੂੰ ਯਾਦ ਕਰਦਿਆਂ ਨਿੱਕੇ ਨਿੱਕੇ ਮਾਸੂਮਾਂ ਤੋਂ ਸੁਰੂ ਹੋ ਕੇ ਹਰ ਕੋਈ ਆਪਣੀ ਉਮਰ ਤੋਂ ਛੋਟਿਆਂ ਨੂੰ ਅਕਲ ਦਿੰਦੇ ਹੋਏ ਹੀ ਜੀਵਨ ਕੱਢ ਦਿੰਦਾ ਹੈ। ਜਿਵੇਂ ਜਿਵੇਂ ਉਮਰ ਵਧਦੀ ਜਾਂਦੀ ਹੈ, ਤਿਵੇਂ ਤਿਵੇਂ ਉਮਰਾਂ ਦੇ ਤਜਰਬੇ ਰੂਪੀ ਖਜਾਨੇ ਵਿੱਚ ਵਾਧਾ ਹੁੰਦਾ ਜਾਂਦਾ ਹੈ। ਜ਼ਿੰਦਗੀ ਦੇ ਸਾਰੇ ਪੜਾਵਾਂ ਵਿੱਚੋਂ ਸਭ ਤੋਂ ਭੋਲਾਪਣ ਸਿਰਫ ਬਚਪਨ ਕੋਲ ਹੁੰਦਾ ਹੈ। ਬਾਕੀ ਪੜਾਵਾਂ ਵਿੱਚ ਤਾਂ ਮਨੁੱਖ ਜਿਵੇਂ ਜਿਵੇਂ ਜ਼ਿੰਦਗੀ ਬਤੀਤ ਕਰਦਾ ਹੋਇਆ ਲੋਕਾਂ ਨਾਲ ਆਚਾਰ ਵਿਹਾਰ ਕਰਦਾ ਤੁਰਿਆ ਜਾਂਦਾ ਹੈ ਉਸੇ ਤਰ੍ਹਾਂ ਦੀ ਰੰਗਤ ਚੜ੍ਹਦੀ ਜਾਂਦੀ ਹੈ। ਇਸ ਰੰਗਤ ਵਿੱਚ ਪਿਆਰ, ਨਫਰਤ,ਈਰਖਾ,ਸਮਝਦਾਰੀ,ਮਿਲਣਾ-ਵਰਤਣਾ, ਰਿਸਤਿਆਂ ਦੀ ਉਧੇੜ ਬੁਣ, ਲੋਕਾਚਾਰੀ, ਚਲਾਕੀਆਂ,ਹੇਰ ਫੇਰ, ਰੁੱਸਣਾ ਮਨਾਉਣਾ ਆਦਿ ਹੋਰ ਵੀ ਅਨੇਕਾਂ ਗੱਲਾਂ ਸਾਮਲ ਹਨ ਜਿਨ੍ਹਾਂ ਨੂੰ ਸਮੇਂ ਸਮੇਂ ਤੇ ਹਰ ਵਿਅਕਤੀ ਦੂਜਿਆਂ ਉੱਪਰ ਵਰਤਦਾ ਹੈ।

ਆਪਣੀ ਉਮਰ ਦੇ ਤਜਰਬੇ ਵਿੱਚੋਂ ਕੋਈ ਵੀ ਵਿਅਕਤੀ ਚੰਗੀਆਂ ਗੱਲਾਂ ਕੱਢ ਕੇ ਉਨ੍ਹਾਂ ਨੂੰ ਦੂਜਿਆਂ ਦੀ ਜ਼ਿੰਦਗੀ ਸੰਵਾਰਨ ਲਈ ਵਰਤੋਂ ਵਿੱਚ ਬਹੁਤ ਸਹਿਜ ਅਤੇ ਸੁਹਜ ਤਰੀਕੇ ਨਾਲ ਲਿਆਵੇ ਤਾਂ ਉਹ ਇੱਕ ਵਰਦਾਨ ਸਾਬਿਤ ਹੁੰਦਾ ਹੈ। ਵੈਸੇ ਤਾਂ ਇੱਕ ਕਹਾਵਤ ਵੀ ਪ੍ਰਚਲਿਤ ਹੈ ਕਿ ਸਿਆਣੇ ਦਾ ਕਿਹਾ ਆਉਲੇ ਦਾ ਖਾਧਾ ਸਵਾਦ ਬਾਅਦ ਵਿੱਚ ਪਤਾ ਲੱਗਦਾ ਹੈ। ਗੱਲ ਠੀਕ ਵੀ ਹੈ ,ਕਈ ਵਾਰ ਸਿਆਣਿਆਂ ਦੀ ਆਖੀ ਗੱਲ ਦਾ ਛੋਟਿਆਂ ਨੂੰ ਵਰਤਮਾਨ ਸਮੇਂ ਵਿੱਚ ਗੁੱਸਾ ਲੱਗਦਾ ਹੈ ਪਰ ਆਮ ਕਰਕੇ ਬਹੁਤੇ ਲੋਕ ਕੁਝ ਸਾਲਾਂ ਬਾਅਦ ਖੁਦ ਹੀ ਸੋਚਦੇ ਪਾਏ ਜਾਂਦੇ ਹਨ ਕਿ ਸਾਡੇ ਵੱਡੇ ਸਾਨੂੰ ਠੀਕ ਈ ਆਖਦੇ ਸਨ। ਬੱਚਿਆਂ ਦੀਆਂ ਆਦਤਾਂ ਸੁਧਾਰਨ ਲਈ ਵੱਡਿਆਂ ਨੂੰ ਆਪਣੇ ਬੀਤ ਚੁੱਕੇ ਆਦਰਸ ਜੀਵਨ ਵਿੱਚੋਂ ਸਦਾਚਾਰਕ ਕਦਰਾਂ ਕੀਮਤਾਂ ਬਾਰੇ ਛੋਟੀਆਂ ਛੋਟੀਆਂ ਘਟਨਾਵਾਂ ਕੱਢਕੇ ਦੱਸਦੇ ਰਹਿਣਾ ਚਾਹੀਦਾ ਹੈ ।ਇਹ ਵੱਡਿਆਂ ਦਾ ਇਖਲਾਕੀ ਫਰਜ ਵੀ ਹੈ। ਇਸ ਨਾਲ ਜਿੱਥੇ ਉਹਨਾਂ ਨੂੰ ਬੀਤ ਚੁੱਕੀ ਜੀਵਨਸੈਲੀ, ਸੱਭਿਅਤਾ ਅਤੇ ਸੰਸਕਾਰਾਂ ਤੋਂ ਜਾਣਕਾਰੀ ਮਿਲੇਗੀ,ਉੱਥੇ ਹੀ ਉਹ ਉਹਨਾਂ ਗੱਲਾਂ ਨੂੰ ਆਪਣੇ ਢੰਗ ਨਾਲ ਅਪਣਾ ਕੇ ਜੀਵਨ ਨੂੰ ਸੋਹਣੇ ਅਤੇ ਸਾਨਦਾਰ ਢੰਗ ਨਾਲ ਬਿਤਾਉਣ ਦੇ ਯੋਗ ਵੀ ਹੋ ਜਾਣਗੇ।

ਪਿਛਲੇ ਦੋ ਤਿੰਨ ਦਹਾਕਿਆਂ ਤੋਂ ਸਾਡੀ ਜੀਵਨਸੈਲੀ ਵਿੱਚ ਹਰ ਪੱਖੋਂ ਬਹੁਤ ਤੇਜੀ ਨਾਲ ਬਦਲਾਅ ਆਇਆ ਹੈ। ਜੇ ਅੱਜ ਵੱਡੇ ਵਡੇਰੇ ਸਿਰਫ ਆਪਣੇ ਸਮੇਂ ਨਾਲ ਤੁਲਨਾ ਕਰਦੇ ਹੋਏ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਆਪਣੇ ਉਸ ਸਮੇਂ ਮੁਤਾਬਕ ਜੀਵਨ ਬਿਤਾਉਣ ਲਈ ਮਜਬੂਰ ਕਰਨ ਜਾਂ ਉਹੀ ਗੱਲਾਂ ਦਾ ਵਾਰ ਵਾਰ ਜ਼ਿਕਰ ਕਰਕੇ ਉਨ੍ਹਾਂ ਨੂੰ ਜਬਰਦਸਤੀ ਸੁਣਨ ਜਾਂ ਅਪਣਾਉਣ ਲਈ ਮਜਬੂਰ ਕਰਨ ਤਾਂ ਉਸ ਵਿੱਚੋਂ ਬਗਾਵਤ ਉਪਜਦੀ ਹੈ। ਅਕਸਰ ਕਈ ਵਾਰ ਘਰਾਂ ਵਿੱਚ ਬੱਚੇ ਵੱਡਿਆਂ ਤੋਂ ਕੰਨੀ ਕਤਰਾਉਂਦੇ ਨਜਰ ਆਉਂਦੇ ਹਨ,ਉਹ ਉਹਨਾਂ ਨੂੰ ਸੁਣਨਾ ਨਹੀਂ ਚਾਹੁੰਦੇ,ਉਹ ਉਹਨਾਂ ਨਾਲ ਬੈਠ ਕੇ ਖਾਣਾ ਨਹੀਂ ਚਾਹੁੰਦੇ, ਉਹਨਾਂ ਨਾਲ ਘੁੰਮਣ ਜਾਣਾ ਨਹੀਂ ਚਾਹੁੰਦੇ। ਆਪਣੇ ਬੀਤੇ ਸਮਿਆਂ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣਾ ਜਾਂ ਬੱਚਿਆਂ ਉੱਪਰ ਉਹਨਾਂ ਗੱਲਾਂ ਨੂੰ ਜਬਰਦਸਤੀ ਥੋਪ ਕੇ ਲਾਗੂ ਕਰਵਾਉਣ ਲਈ ਆਖਣਾ ਬਿਲਕੁਲ ਦੋ ਵੱਖ ਵੱਖ ਕਿਸਮ ਦੇ ਵਿਵਹਾਰ ਹਨ।

ਜਦੋਂ ਸਾਰਾ ਪਰਿਵਾਰ ਦੇ ਸਾਰੇ ਜੀਅ ਇਕੱਠੇ ਬੈਠੇ ਗੱਲਾਂ ਕਰ ਰਹੇ ਹੋਣ ਤਾਂ ਆਪਣੇ ਬਚਪਨ ਜਾਂ ਜਵਾਨੀ ਦੇ ਇੱਕ ਅੱਧੇ ਪ੍ਰੇਰਣਾਦਾਇਕ ਕਿੱਸੇ ਨੂੰ ਵਧੀਆ ਕਹਾਣੀ ਵਾਂਗੂੰ ਸੁਣਾ ਦੇਣ ਨਾਲ ਇੱਕ ਤਾਂ ਸਾਰੇ ਧਿਆਨ ਨਾਲ ਸੁਣ ਕੇ ਅਨੰਦ ਮਾਣ ਲੈਣਗੇ, ਦੂਜੇ ਉਹਨਾਂ ਨੂੰ ਵਰ੍ਹਿਆਂ ਬੱਧੀ ਯਾਦ ਰਹੇਗੀ ਅਤੇ ਤੀਜਾ ਉਸ ਵਿੱਚੋਂ ਵਧੀਆ ਗੱਲ ਆਪ ਵੀ ਅਪਣਾਉਣ ਦੀ ਕੋਸ਼ਿਸ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਆਪਣੇ ਵੱਡਿਆਂ ਦੀ ਜੀਵਨਸੈਲੀ ਬਾਰੇ ਜਾਣਕਾਰੀ ਮਿਲੇਗੀ। ਦੂਜੇ ਪਾਸੇ ਜੇ ਦੇਖੀਏ ਤਾਂ ਜਿਹੜੇ ਵੱਡੇ ਘਰ ਪਰਿਵਾਰ ਵਿੱਚ ਰਹਿੰਦੇ ਹੋਏ ਸਾਰੇ ਜੀਆਂ ਨੂੰ ਟੋਕਾ ਟਕਾਈ ਕਰਦੇ ਆਖਣਗੇ,"ਲੈ ਇਹ ਕੰਮ ਆਏਂ ਥੋੜ੍ਹਾ ਹੁੰਦਾ, ਸਾਡੇ ਵੇਲੇ ਤਾਂ ਆਏਂ ਹੁੰਦਾ ਸੀ" , ਇਸ ਤਰ੍ਹਾਂ ਕਰਨ ਨਾਲ ਜਿੱਥੇ ਘਰ ਵਿੱਚ ਤਣਾਅ ਦਾ ਮਾਹੌਲ ਪੈਦਾ ਹੁੰਦਾ ਹੈ,ਉੱਥੇ ਪਰਿਵਾਰ ਦੇ ਸਾਰੇ ਜੀਆਂ ਵਿੱਚ ਉਹਨਾਂ ਪ੍ਰਤੀ ਸਨੇਹ ਤੇ ਸਨਮਾਨ ਦੀ ਭਾਵਨਾ ਵਿੱਚ ਕਮੀ ਆਉਂਦੀ ਹੈ। ਪੰਥ ਰਤਨ ਗਿਆਨੀ ਸੰਤ ਸਿੰਘ ਮਸਕੀਨ ਜੀ ਅਕਸਰ ਆਪਣੀ ਕਥਾ ਵਿੱਚ ਇਸ ਗੱਲ ਦਾ ਜ਼ਿਕਰ ਕਰਦਿਆਂ ਕਿਹਾ ਕਰਦੇ ਸਨ, "ਜਿਹੜੇ ਬਜੁਰਗ ਭੂਤਕਾਲ ਵਿੱਚ ਫਸੇ ਰਹਿੰਦੇ ਹਨ ਉਹ ਆਪਣਾ ਅੱਜ ਵੀ ਖਰਾਬ ਕਰ ਰਹੇ ਹੁੰਦੇ ਹਨ।" ਗੱਲ ਤਾਂ ਠੀਕ ਹੈ। ਜਿਵੇਂ ਜਮਾਨਾ ਬਦਲਦਾ ਰਹਿੰਦਾ ਹੈ ਉਸੇ ਤਰ੍ਹਾਂ ਮਨੁੱਖ ਦਾ ਸਰੀਰ,ਅਕਾਰ, ਪੜਾਅ ਹਰ ਇੱਕ ਚੀਜ ਵਿੱਚ ਬਦਲਾਅ ਆਉਂਦਾ ਹੈ ।ਇਸ ਲਈ ਮਨੁੱਖ ਨੂੰ ਆਪਣੀ ਬੁੱਧੀ ਨੂੰ ਵੀ ਨਵੇਂ ਜਮਾਨੇ ਵਿੱਚ ਨਾਲ ਦੀ ਨਾਲ ਪ੍ਰਵੇਸ ਕਰਕੇ ਨਵੀਂ ਪੀੜ੍ਹੀ ਦੇ ਬਚਪਨ ਨੂੰ ਪਿਆਰਨਾ,ਜਵਾਨੀ ਨੂੰ ਸੰਭਾਲਣਾ ਅਤੇ ਹਮਉਮਰ ਨੂੰ ਸਤਿਕਾਰਨਾ ਸਿੱਖ ਜਾਵੇ ਤਾਂ ਉਹ ਕਦੇ ਵੀ ਇਹ ਗੱਲ ਦੂਜਿਆਂ ਉੱਪਰ ਲਾਗੂ ਕਰਨ ਦੀ ਕੋਸ਼ਿਸ ਨਹੀਂ ਕਰੇਗਾ ਅਤੇ ਨਾ ਹੀ ਆਖੇਗਾ ..."ਸਾਡੇ ਵੇਲੇ ਤਾਂ ਆਏਂ ਹੁੰਦਾ ਸੀ...।"

**ਬਰਜਿੰਦਰ ਕੌਰ ਬਿਸਰਾਓ...**
**9988901324**

# ਭਾਰਤ ਦਾ ਇੰਜੀਨੀਅਰ ਬਾਦਸ਼ਾਹ, ਸ਼ਾਹਜਹਾਂ

ਅਬੁਲ ਮੁਜ਼ੱਫਰ ਸ਼ਹਾਬੁਦੀਨ ਮੁਹੰਮਦ ਖ਼ੁੱਰਮ ਉਰਫ ਸ਼ਾਹ ਜਹਾਂ ਭਾਰਤ ਦਾ ਉਹ ਮਹਾਨ ਬਾਦਸ਼ਾਹ ਸੀ ਜਿਸ ਨੇ ਕਿਸੇ ਵੀ ਹੋਰ ਭਾਰਤੀ ਸਾਸ਼ਕ ਨਾਲੋਂ ਜਿਆਦਾ ਅਤੇ ਅਲੌਕਿਕ ਸਮਾਰਕ ਤਿਆਰ ਕਰਵਾਏ ਹਨ। ਉਸ ਵੱਲੋਂ ਤਾਮੀਰ ਕੀਤਾ ਗਿਆ ਤਾਜ ਮਹਿਲ ਤਾਂ ਦੁਨੀਆਂ ਭਰ ਵਿੱਚ ਭਾਰਤੀ ਗੌਰਵ ਦਾ ਪ੍ਰਤੀਕ ਬਣ ਚੁੱਕਾ ਹੈ। ਭਾਰਤ ਆਉਣ ਵਾਲੇ ਕਿਸੇ ਵੀ ਵਿਦੇਸ਼ੀ ਰਾਸ਼ਟਰ ਪ੍ਰਮੁੱਖ ਜਾਂ ਸੈਲਾਨੀ ਦੀ ਯਾਤਰਾ ਤਾਜ ਮਹਿਲ ਦੀ ਫੇਰੀ ਤੋਂ ਬਗੈਰ ਅਧੂਰੀ ਸਮਝੀ ਜਾਂਦੀ ਹੈ। ਮੁਗਲ ਬਾਦਸ਼ਾਹ ਜਹਾਂਗੀਰ ਅਤੇ ਮਾਤਾ ਰਾਜਪੂਤ ਰਾਜਕੁਮਾਰੀ ਜਗਤ ਗੁਸਾਈਂ ਦੇ ਘਰ 5 ਜਨਵਰੀ 1592 ਈਸਵੀ ਨੂੰ ਉਸ ਦਾ ਜਨਮ ਹੋਇਆ ਤੇ ਉਸ ਨੇ 19 ਜਨਵਰੀ 1628 ਈਸਵੀ ਤੋਂ ਲੈ ਕੇ 31 ਜੁਲਾਈ 1658 ਈਸਵੀ ਤੱਕ ਰਾਜ ਕੀਤਾ। ਉਸ ਵੱਲੋਂ ਤਾਮੀਰ ਕੀਤੇ ਗਏ ਤਕਰੀਬਨ ਸਾਰੇ ਹੀ ਸਮਾਰਕ ਯੂਨੈਸਕੋ ਵੱਲੋਂ ਵਰਲਡ ਹੈਰੀਟੇਜ਼ ਸਾਈਟਾਂ ਘੋਸ਼ਿਤ ਕੀਤੇ ਜਾ ਚੁੱਕੇ ਹਨ। ਇਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਇਸ ਪ੍ਰਕਾਰ ਹਨ।

ਤਾਜ ਮਹਿਲ 17 ਜੂਨ ਸੰਨ 1631 ਈਸਵੀ ਨੂੰ ਸ਼ਾਹ ਜਹਾਂ ਦੀ ਸਭ ਤੋਂ ਪਿਆਰੀ ਬੇਗਮ ਮੁਮਤਾਜ਼ ਮਹਿਲ ਦਾ ਦੇਹਾਂਤ ਹੋ ਗਿਆ। ਸ਼ਾਹ ਜਹਾਂ ਉਸ ਵਾਸਤੇ ਅਲੌਕਿਕ ਮਕਬਰਾ ਤਾਮੀਰ ਕਰਨਾ ਚਾਹੁੰਦਾ ਸੀ ਤਾਂ ਕਿ ਉਹਨਾਂ ਦਾ ਪਿਆਰ ਰਹਿੰਦੀ ਦੁਨੀਆਂ ਤੱਕ ਅਮਰ ਰਹੇ। ਜਮਨਾ ਦੇ ਸੱਜੇ ਕਿਨਾਰੇ 'ਤੇ ਤਾਜ ਮਹਿਲ ਦੀ ਉਸਾਰੀ 1632 ਈਸਵੀ ਵਿੱਚ ਸ਼ੁਰੂ ਹੋਈ ਅਤੇ 21 ਸਾਲ ਬਾਅਦ 1653 ਵਿੱਚ ਮੁਕੰਮਲ ਹੋਈ। ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਵਾਸਤੇ 20000 ਕਾਰੀਗਰਾਂ ਅਤੇ ਮਜ਼ਦੂਰਾਂ ਨੇ ਦਿਨ ਰਾਤ ਕੰਮ ਕੀਤਾ। ਇਸ ਦਾ ਡਿਜ਼ਾਈਨ ਅਤੇ ਉਸਾਰੀ ਦੀ ਜ਼ਿੰਮੇਵਾਰੀ ਦਰਬਾਰੀ ਨਕਸ਼ਾ ਨਵੀਸ ਉਸਤਾਦ ਅਹਿਮਦ ਲਾਹੌਰੀ ਨੇ ਨਿਭਾਈ ਸੀ। ਇਸ 'ਤੇ 4 ਕਰੋੜ ਰੁਪਏ ਖਰਚਾ ਆਇਆ ਸੀ ਜੋ ਅੱਜ ਦੇ ਹਿਸਾਬ ਨਾਲ ਕਰੀਬ 700 ਕਰੋੜ ਰੁਪਏ ਬਣਦਾ ਹੈ।

ਤਾਜ ਮਹਿਲ ਨੂੰ ਇੱਕ 23 ਫੁੱਟ ਉੱਚੇ ਚਬੂਤਰੇ 'ਤੇ ਉਸਾਰਿਆ ਗਿਆ ਹੈ ਤੇ ਗੁੰਬਦ ਤੱਕ ਇਸ ਦੀ ਉਚਾਈ 115 ਫੁੱਟ ਹੈ। ਇਸ ਦੇ ਚਾਰ ਮੀਨਾਰ ਹਨ, ਜਿਹਨਾਂ ਦੀ ਉੱਚਾਈ 130 ਫੁੱਟ ਹਰੇਕ ਹੈ। ਮੀਨਾਰਾਂ ਦੀ ਉਸਾਰੀ ਵਾਸਤੇ ਅਜਿਹੀ ਤਕਨੀਕ ਵਰਤੀ ਗਈ ਹੈ ਕਿ ਜੇ ਕਿਤੇ ਉਹ ਭੁਚਾਲ ਆਦਿ ਨਾਲ ਢਹਿ ਜਾਣ ਤਾਂ ਤਾਜ ਮਹਿਲ ਦੀ ਬਜਾਏ ਬਾਹਰ ਵੱਲ ਡਿੱਗਣਗੇ। ਤਾਜ ਮਹਿਲ ਦੀ ਬੇਸਮੈਂਟ ਵਿੱਚ ਸ਼ਾਹ ਜਹਾਂ ਅਤੇ ਮੁਮਤਾਜ਼ ਮਹਿਲ ਦੀਆਂ ਕਬਰਾਂ ਹਨ। ਉਸਤਾਦ ਕਲਾਕਾਰ ਅਬਦੁਲ ਹੱਕ ਦੀ ਦੇਖ ਰੇਖ ਹੇਠ ਇਸ ਨੂੰ ਇਸਲਾਮੀ ਮਾਪਦੰਡਾਂ ਆਨੁਸਾਰ ਅੰਦਰੋਂ ਤੇ ਬਾਹਰੋਂ ਬੇਹੱਦ ਕੋਮਲ, ਬਾਰੀਕ ਅਤੇ ਖ਼ੂਬਸੂਰਤ ਚਿੱਤਰਕਾਰੀ, ਮੀਨਾਕਾਰੀ ਅਤੇ ਪੱਚੀਕਾਰੀ ਨਾਲ ਸ਼ਿੰਗਰਿਆ ਗਿਆ ਹੈ। ਇਸ ਦੀ ਉਸਾਰੀ ਲਈ ਵਰਤਿਆ ਗਿਆ ਸੰਗਮਰਮਰ ਮਕਰਾਣਾ, ਪੀਲਾ ਪੱਥਰ ਪੰਜਾਬ ਅਤੇ ਹਰਾ ਪੱਥਰ (ਜੇਡ) ਤੇ ਕਰਿਸਟਲ ਚੀਨ ਤੋਂ ਮੰਗਵਾਏ ਗਏ ਸਨ। ਇਸ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਉਣ ਲਈ 28 ਕਿਸਮ ਦੇ ਬੇਸ਼ਕੀਮਤੀ ਅਤੇ ਅਰਧ ਕੀਮਤੀ ਪੱਥਰ ਵਰਤੇ ਗਏ ਸਨ, ਜਿਹਨਾਂ ਵਿੱਚੋਂ ਹੀਰੇ ਦੱਖਣੀ ਭਾਰਤ, ਫਿਰੋਜ਼ਾ ਤਿੱਬਤ, ਨੀਲਮ ਅਫਗਾਨਿਸਤਾਨ, ਪੁਖਰਾਜ ਸ੍ਰੀ ਲੰਕਾ ਅਤੇ ਮੋਤੀ ਤੇ ਲਾਲ ਮੂੰਗੇ ਅਰਬ ਤੋਂ ਮੰਗਵਾਏ ਗਏ ਸਨ। ਇਸ ਦੇ ਅੱਗੇ ਬਹੁਤ ਵੱਡਾ ਬਾਗ ਹੈ ਤੇ ਤਿੰਨ ਪਾਸੇ ਦੀਵਾਰ ਹੈ।



ਸੰਸਾਰ ਦੇ ਸੱਤਾਂ ਅਜੂਬਿਆਂ ਵਿੱਚ ਸ਼ਾਮਲ ਤਾਜ ਮਹਿਲ ਨੂੰ ਕਈ ਵਾਰ ਨੁਕਸਾਨ ਦਾ ਸਾਹਮਣਾ ਵੀ ਕਰਨਾ ਪਿਆ ਹੈ। 1723 ਈਸਵੀ ਵਿੱਚ ਭਰਤਪੁਰ ਦੇ ਰਾਜਾ ਸੂਰਜ ਮੱਲ ਨੇ ਆਗਰੇ 'ਤੇ ਕਬਜ਼ਾ ਕਰਨ ਤੋਂ ਬਾਅਦ ਤਾਜ ਮਹਿਲ ਵਿੱਚ ਕਾਫੀ ਲੁੱਟ ਖਸੁੱਟ ਮਚਾਈ ਸੀ। ਇਸ ਵਿੱਚੋਂ ਅਨੇਕਾਂ ਹੀਰੇ ਜਵਾਹਰਾਤ, ਦੋ ਬਹੁਤ ਮਹਿੰਗੇ ਚਾਂਦੀ ਦੇ ਝਾੜ ਫਾਨੂਸ ਅਤੇ ਗੁੰਬਦ 'ਤੇ ਲੱਗੇ ਸੋਨੇ ਦੇ 15 ਫੁੱਟ ਲੰਬੇ ਕਲਸ਼ ਨੂੰ ਲੁੱਟ ਲਿਆ ਗਿਆ ਸੀ। ਬਾਅਦ ਵਿੱਚ ਈਸਟ ਇੰਡੀਆ ਕੰਪਨੀ ਨੇ ਕਾਂਸੇ ਦਾ ਮੌਜੂਦਾ ਕਲਸ਼ ਲਗਾਇਆ ਸੀ। 1902 ਵਿੱਚ ਵਾਇਸਰਾਏ ਲਾਰਡ ਕਰਜ਼ਨ ਵੱਲੋਂ ਤਾਜ ਮਹਿਲ ਦੇ ਇਸਲਾਮੀ ਆਸਥਾ ਮੁਤਾਬਕ ਬਣਾਏ ਗਏ ਬਹਿਸ਼ਤੀ ਬਾਗ ਨੂੰ ਪੁੱਟ ਕੇ ਮੌਜੂਦਾ ਪੱਛਮੀ ਕਿਸਮ ਦਾ ਬਗੀਚਾ ਲਗਾਇਆ ਗਿਆ ਸੀ। ਅੱਜ ਤਾਜ ਦੀ ਖ਼ੂਬਸੂਰਤੀ ਲਈ ਪ੍ਰਦੂਸ਼ਣ ਸਭ ਤੋਂ ਖਤਰਨਾਕ ਦੁਸ਼ਮਣ ਬਣ ਗਿਆ ਹੈ। ਆਗਰੇ ਦੀ ਗੰਦੀ ਆਬੋ ਹਵਾ ਅਤੇ ਮਥੁਰਾ ਤੇਲ ਰਿਫਾਇਨਰੀ ਵੱਲੋਂ ਛੱਡੀਆਂ ਜਾ ਰਹੀਆਂ ਜ਼ਹਿਰੀਲੀਆਂ ਗੈਸਾਂ ਕਾਰਨ ਇਸ ਦਾ ਰੰਗ ਸਫੈਦ ਤੋਂ ਪੀਲਾ ਪੈਂਦਾ ਜਾ ਰਿਹਾ ਹੈ।

ਜਾਮਾ ਮਸਜਿਦ (ਦਿੱਲੀ) ਜਾਮਾ ਮਸਜਿਦ ਦਾ ਅਸਲੀ ਨਾਮ ਮਸਜਿਦ ਏ ਜਹਾਂ ਨੁਮਾ ਹੈ ਤੇ ਇਹ ਭਾਰਤ ਦੀਆਂ ਸਭ ਤੋਂ ਵੱਡੀਆਂ ਮਸਜਿਦਾਂ ਵਿੱਚ ਇੱਕ ਹੈ। ਇਸ ਦੀ ਉਸਾਰੀ 1650 ਵਿੱਚ ਸ਼ੁਰੂ ਹੋ ਕੇ 1656 ਈਸਵੀ ਵਿੱਚ ਮੁਕੰਮਲ ਹੋਈ ਸੀ ਤੇ ਇਸ ਉੱਪਰ ਉਸ ਵੇਲੇ ਦਸ ਲੱਖ ਰੁਪਏ ਖਰਚ ਆਇਆ ਸੀ। ਇਸ ਦੀ ਲੰਬਾਈ 40 ਮੀਟਰ, ਚੌੜਾਈ 27 ਮੀਟਰ, 3 ਗੁੰਬਦ ਅਤੇ ਦੋ 41 ਮੀਟਰ ਉੱਚੇ ਮੀਨਾਰ ਹਨ। ਇਸ ਦੀ ਇਮਾਰਤ ਲਾਲ ਪੱਥਰ ਅਤੇ ਸੰਗਮਰਮਰ ਦੀ ਬਣੀ ਹੋਈ ਹੈ ਜਿਸ ਅੰਦਰ ਇੱਕੋ ਸਮੇਂ 25000 ਵਿਅਕਤੀ ਨਮਾਜ਼ ਪੜ੍ਹ ਸਕਦੇ ਹਨ। ਇਸ ਦਾ ਡਿਜ਼ਾਈਨ ਉਸਤਾਦ ਖਲੀਲ ਨੇ ਤਿਆਰ ਕੀਤਾ ਸੀ ਤੇ ਉਸਾਰੀ ਦੀ ਦੇਖ ਰੇਖ ਵਜ਼ੀਰ ਸਦਾਉੱਲਾਹ ਖਾਨ ਅਤੇ ਵਿੱਤ ਮੰਤਰੀ ਫੈਜ਼ਲ ਖਾਨ ਨੇ ਕੀਤੀ ਸੀ। ਸ਼ਾਹ ਜਹਾਂ ਨੇ ਇਸ ਦਾ ਉਦਘਾਟਨ (23 ਜੁਲਾਈ 1656 ਈਸਵੀ) ਕਰਨ ਲਈ ਖਾਸ ਤੌਰ 'ਤੇ ਬੁਖਾਰਾ (ਉਜ਼ਬੇਕਿਸਤਾਨ) ਦੇ ਪ੍ਰਸਿੱਧ ਇਸਲਾਮੀ ਵਿਦਵਾਨ ਸਈਅਦ ਅਬਦੁਲ ਗਫੂਰ ਸ਼ਾਹ ਬੁਖਾਰੀ ਨੂੰ ਬੁਲਾਇਆ ਸੀ ਤੇ ਉਸ ਨੂੰ ਇਸ ਮਸਜਿਦ ਦਾ ਪਹਿਲਾ ਸ਼ਾਹੀ ਇਮਾਮ ਥਾਪਿਆ ਸੀ। ਇਹ ਅਹੁਦਾ ਜੱਦੀ ਹੈ ਤੇ ਹੁਣ ਸ਼ਾਹੀ ਇਮਾਮ ਅਹਿਮਦ ਬੁਖਾਰੀ ਹੈ। ਇਸ ਮਸਜਿਦ ਵਿੱਚ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਪਵਿੱਤਰ ਦਾੜ੍ਹੀ ਦਾ ਇੱਕ ਵਾਲ, ਉਹਨਾਂ ਦੀਆਂ ਇੱਕ ਜੋੜੀ ਜੁੱਤੀਆਂ, ਸੰਗਮਰਮਰ ਦੇ ਟੁਕੜੇ 'ਤੇ ਲੱਗੇ ਉਹਨਾਂ ਦੇ ਪੈਰ ਚਿੰਨ੍ਹ ਅਤੇ ਉਹਨਾਂ ਵੱਲੋਂ ਵਰਤੀ ਗਈ ਹਿਰਨ ਦੀ ਖੱਲ 'ਤੇ ਲਿਖੀ ਹੋਈ ਕੁਰਾਨ ਸ਼ਰੀਫ ਸੰਭਾਲ ਕੇ ਰੱਖੀ ਹੋਈ ਹੈ।

ਲਾਲ ਕਿਲਾ (ਦਿੱਲੀ) ਲਾਲ ਕਿਲਾ ਦਿੱਲੀ ਵਿੱਚ ਮੁਗਲ ਬਾਦਸ਼ਾਹਾਂ ਦੀ ਰਿਹਾਇਸ਼ ਦੇ ਤੌਰ 'ਤੇ ਤਿਆਰ ਕਰਵਾਇਆ ਗਿਆ ਸੀ ਕਿਉਂਕਿ ਸ਼ਾਹ ਜਹਾਨ ਨੇ ਜਨਵਰੀ 1638 ਈਸਵੀ ਨੂੰ ਆਗਰੇ ਦੀ ਬਜਾਏ ਦਿੱਲੀ ਨੂੰ ਆਪਣੀ ਰਾਜਧਾਨੀ ਬਣਾ ਲਿਆ ਸੀ। ਇਸ ਦੀ ਉਸਾਰੀ 12 ਮਈ 1638 ਈਸਵੀ ਨੂੰ ਸ਼ੁਰੂ ਹੋਈ ਤੇ 6 ਅਪਰੈਲ 1648 ਨੂੰ ਮੁਕੰਮਲ ਹੋਈ। ਇਸ ਦਾ ਡਿਜ਼ਾਈਨ ਤਾਜ ਮਹਿਲ ਦੇ ਨਕਸ਼ਾ ਨਵੀਸ ਉਸਤਾਦ ਅਹਿਮਦ ਲਾਹੌਰੀ ਨੇ ਤਿਆਰ ਕੀਤਾ ਸੀ। ਇਸ ਦਾ ਘੇਰਾ 2.41 ਕਿ.ਮੀ. ਅਤੇ ਦੀਵਾਰਾਂ ਦੀ ਉਚਾਈ 59 ਫੁੱਟ ਤੋਂ ਲੈ ਕੇ 108 ਫੁੱਟ ਤੱਕ ਹੈ ਤੇ ਦੁਆਲੇ ਸੁਰੱਖਿਆ ਲਈ ਇੱਕ ਖਾਈ ਹੈ। ਇਸ ਦੇ ਲਾਹੌਰੀ ਅਤੇ ਦਿੱਲੀ ਦਰਵਾਜ਼ਾ ਨਾਮਕ ਦੋ ਗੇਟ ਹਨ। ਇਸ ਦੇ ਅੰਦਰ ਬਾਦਸ਼ਾਹਾਂ ਦੇ ਨਿੱਜੀ ਰਿਹਾਇਸ਼ (ਖਾਸ ਮਹਿਲ) ਅਤੇ ਹਰਮ (ਰੰਗ ਮਹਿਲ) ਤੋਂ ਇਲਾਵਾ ਹੀਰਾ ਮਹਿਲ, ਦੀਵਾਨੇ ਆਮ, ਦੀਵਾਨੇ ਖਾਸ, ਹਮਾਮ, ਬਾਉਲੀ ਅਤੇ ਮੋਤੀ ਮਸਜਿਦ ਆਦਿ ਬਣੇ ਹੋਏ ਹਨ। ਭਾਰਤ ਵਾਸਤੇ ਇਸ ਦੀ ਅਹਿਮੀਅਤ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ 15 ਅਗਸਤ 1947 ਨੂੰ ਪਹਿਲੀ ਵਾਰ ਤਿਰੰਗਾ ਝੰਡਾ ਇਥੇ (ਲਾਹੌਰੀ ਗੇਟ 'ਤੇ) ਫਹਿਰਾਇਆ ਗਿਆ ਸੀ। ਹੁਣ ਵੀ ਹਰ 15 ਅਗਸਤ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਲਾਹੌਰੀ ਗੇਟ 'ਤੇ ਹੀ ਝੰਡਾ ਫਹਿਰਾਇਆ ਜਾਂਦਾ ਹੈ ਤੇ ਸਲਾਮੀ ਲਈ ਜਾਂਦੀ ਹੈ।

ਮੋਤੀ ਮਸਜਿਦ (ਆਗਰਾ) — ਆਗਰਾ ਦੀ ਮੋਤੀ ਮਸਜਿਦ ਦੀ ਉਸਾਰੀ 1549 ਈਸਵੀ ਵਿੱਚ ਸ਼ੁਰੂ ਹੋ ਕੇ 1653 ਵਿੱਚ ਮੁਕੰਮਲ ਹੋਈ ਸੀ ਤੇ ਇਸ ਦੀ ਉਸਾਰੀ 'ਤੇ ਉਸ ਵੇਲੇ 2 ਲੱਖ 60 ਹਜ਼ਾਰ ਰੁਪਏ ਖਰਚ ਆਇਆ ਸੀ। ਸਫੈਦ ਸੰਗਮਰਮਰ ਦੀ ਇਹ ਦੂਧੀਆ ਮਸਜਿਦ ਚੰਦਰਮਾ ਦੀ ਰੌਸ਼ਨੀ ਵਿੱਚ ਮੋਤੀ ਵਾਂਗ ਚਮਕਦੀ ਹੈ, ਜਿਸ ਕਾਰਨ ਇਸ ਦਾ ਨਾਮ ਮੋਤੀ ਮਸਜਿਦ ਰੱਖਿਆ ਗਿਆ ਸੀ। ਇਸ ਦੀ ਲੰਬਾਈ 71.4 ਮੀਟਰ, ਚੌੜਾਈ 57.2 ਮੀਟਰ, ਤਿੰਨ ਵਿਸ਼ਾਲ ਗੁੰਬਦ ਅਤੇ 12 ਛਤਰੀਆਂ ਹਨ। ਇਹ ਆਗਰਾ ਕਿਲੇ ਦੇ ਅੰਦਰ ਬਣੀ ਹੋਈ ਹੈ ਤੇ ਸਿਰਫ ਸ਼ਾਹੀ ਖਾਨਦਾਨ ਦੇ ਨਮਾਜ਼ ਪੜ੍ਹਨ ਵਾਸਤੇ ਵਰਤੀ ਜਾਂਦੀ ਸੀ।

ਸ਼ਾਹ ਜਹਾਂ ਮਸਜਿਦ (ਥੱਟਾ, ਸਿੰਧ) 1922 ਈਸਵੀ ਵਿੱਚ ਰਾਜਕੁਮਾਰ ਸ਼ਾਹ ਜਹਾਂ ਨੇ ਆਪਣੇ ਪਿਤਾ ਬਾਦਸ਼ਾਹ ਜਹਾਂਗੀਰ ਦੇ ਖਿਲਾਫ ਬਗਾਵਤ ਕਰ ਦਿੱਤੀ ਸੀ, ਪਰ ਜੰਗ ਵਿੱਚ ਹਾਰ ਜਾਣ ਕਾਰਨ ਉਸ ਨੂੰ ਸਿੰਧ ਦੇ ਸ਼ਹਿਰ ਥੱਟਾ ਵਿੱਚ ਪਨਾਹ ਲੈਣੀ ਪਈ ਸੀ। ਉਹ ਸਿੰਧੀ ਲੋਕਾਂ ਦੀ ਮਹਿਮਾਨ ਨਵਾਜ਼ੀ ਤੋਂ ਐਨਾ ਪ੍ਰਸੰਨ ਹੋਇਆ ਕਿ ਬਾਦਸ਼ਾਹ ਬਣਨ ਤੋਂ ਬਾਅਦ ਉਸ ਨੇ ਥੱਟੇ ਵਿੱਚ ਇਸ ਪ੍ਰਸਿੱਧ ਮਸਜਿਦ ਦੀ ਉਸਾਰੀ ਕਰਵਾਈ। ਬਹੁਤ ਹੈਰਾਨੀਜਨਕ ਗੱਲ ਹੈ ਕਿ ਇਸ ਮਸਜਿਦ ਦੀ ਨਿਰਮਾਣ ਸ਼ੈਲੀ ਸ਼ਾਹ ਜਹਾਂ ਵੱਲੋਂ ਤਾਮੀਰ ਕਰਵਾਏ ਗਏ ਕਿਸੇ ਵੀ ਸਮਾਰਕ ਨਾਲ ਨਹੀਂ ਮਿਲਦੀ। ਇਸ ਵਿੱਚ ਭਾਰਤੀ – ਇਰਾਨੀ ਸ਼ੈਲੀ ਦੀ ਬਜਾਏ ਮੱਧ ਏਸ਼ੀਆ ਦੀ ਕਲਾ ਵਰਤੀ ਗਈ ਹੈ। ਇਹ ਮੱਧ ਕਾਲੀਨ ਭਾਰਤ ਦੀ ਇੱਕੋ ਇੱਕੋ ਇੱਕ ਅਜਿਹੀ ਇਮਾਰਤ ਹੈ ਜਿਸ ਦੀ ਅੰਦਰੂਨੀ ਅਤੇ ਬਾਹਰੀ ਸਜ਼ਾਵਟ ਲਈ ਨੀਲੀਆਂ, ਹਰੀਆਂ ਅਤੇ ਜਾਮਨੀ ਆਦਿ ਰੰਗਾਂ ਦੀਆਂ ਚਮਕਦਾਰ ਟਾਈਲਾਂ ਦੀ ਵਰਤੋਂ ਕੀਤੀ ਗਈ ਹੈ। ਇਸ ਮਸਜਿਦ ਦੇ ਨਕਸ਼ਾ ਨਵੀਸ ਅਬਦੁਲ ਗੱਫਾਰ ਅਤੇ ਅਬਦੁਲ ਸ਼ੇਖ ਤੈਮੂਰ ਲੰਗੜੇ ਦੇ ਮਕਬਰੇ (ਸਮਰਕੰਦ, ਉਜ਼ਬੇਕਿਸਤਾਨ) ਤੋਂ ਬਹੁਤ ਪ੍ਰਭਾਵਿਤ ਸਨ, ਇਸ ਲਈ ਉਨ੍ਹਾਂ ਨੇ ਇਸ ਮਸਜਿਦ ਦਾ ਡਿਜ਼ਾਈਨ ਉਸ ਮੁਤਾਬਕ ਤਿਆਰ ਕੀਤਾ ਸੀ। ਇਸ ਮਸਜਿਦ ਦੀ ਇੱਕ ਖਾਸ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਕਿਸੇ ਵੀ ਅੰਦਰੂਨੀ ਹਿੱਸੇ ਵਿੱਚ ਉੱਚੀ ਅਵਾਜ਼ ਵਿੱਚ ਕੀਤੀ ਜਾ ਰਹੀ ਗੱਲ ਬਾਤ ਸਾਰੀ ਮਸਜਿਦ ਵਿੱਚ ਸੁਣਾਈ ਦੇਂਦੀ ਹੈ। ਇਸ ਦੇ 93 ਗੁੰਬਦ ਹਨ, ਪਰ ਕੋਈ ਵੀ ਮੀਨਾਰ ਨਹੀਂ ਹੈ।

ਜਹਾਂਗੀਰ ਦਾ ਮਕਬਰਾ (ਲਾਹੌਰ) — ਜਹਾਂਗੀਰ ਦੀ 28 ਅਕਤੂਬਰ 1627 ਈਸਵੀ ਨੂੰ ਕਸ਼ਮੀਰ ਤੋਂ ਵਾਪਸ ਆਉਂਦੇ ਸਮੇਂ ਭਿੰਬਰ ਵਿਖੇ ਮੌਤ ਹੋ ਗਈ ਸੀ। ਜਹਾਂਗੀਰ ਦੀ ਇੱਛਾ ਮੁਤਾਬਕ ਉਸ ਦੀ ਦੇਹ ਨੂੰ ਉਸ ਦੇ ਪਸੰਦੀਦਾ ਸ਼ਾਹਦਰਾ ਬਾਗ ਲਾਹੌਰ ਵਿਖੇ ਦਫਨਾਇਆ ਗਿਆ ਸੀ, ਜਿੱਥੇ ਸ਼ਾਹ ਜਹਾਂ ਨੇ ਬਾਦਸ਼ਾਹ ਬਣਨ ਤੋਂ ਬਾਅਦ ਉਸ ਦਾ ਸ਼ਾਨਦਾਰ ਮਕਬਰਾ ਤਿਆਰ ਕਰਵਾਇਆ। ਇਹ ਵਿਸ਼ਾਲ ਮਕਬਰਾ ਆਪਣੀ ਮੀਨਾਕਾਰੀ, ਚਿੱਤਰਕਾਰੀ ਅਤੇ ਪੱਚੀਕਾਰੀ ਲਈ ਬਹੁਤ ਪ੍ਰਸਿੱਧ ਹੈ। ਜਹਾਂਗੀਰ ਨੇ ਆਪਣੀ ਮੌਤ ਤੋਂ ਪਹਿਲਾਂ ਇਹ ਹੁਕਮ ਕੀਤਾ ਸੀ ਕਿ ਸੁੰਨੀ ਰਵਾਇਤਾਂ ਅਨੁਸਾਰ ਉਸ ਦੇ ਮਕਬਰੇ ਦੇ ਉੱਪਰ ਗੁੰਬਦ ਨਾ ਬਣਾਏ ਜਾਣ। ਇਸ ਕਾਰਨ ਇਹ ਇਮਾਰਤ ਇੱਕ ਮੰਜ਼ਲਾ ਹੈ ਤੇ ਇਸ ਦੇ ਚਾਰ ਸ਼ਾਨਦਾਰ ਮੀਨਾਰ ਹਨ। ਇਸ ਦੀ ਉਸਾਰੀ 'ਤੇ ਦਸ ਲੱਖ ਰੁਪਏ ਖਰਚ ਆਏ ਸਨ। ਇਸ ਮਕਬਰੇ ਬਾਰੇ ਸਭ ਤੋਂ ਵਿਵਾਦਤ ਗੱਲ ਇਹ ਹੈ ਕਿ ਪਾਕਿਸਤਾਨ ਵੱਲੋਂ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਸ ਮਕਬਰੇ ਦਾ ਸੰਗਮਰਮਰ ਚੋਰੀ ਕਰ ਕੇ ਹਰਿਮੰਦਰ ਸਾਹਿਬ ਵਿਖੇ ਲਗਾਇਆ ਗਿਆ ਸੀ। ਇਹ ਵੀ ਅਫਵਾਹ ਫੈਲਾਈ ਗਈ ਸੀ ਕਿ ਇਸ ਦੀ ਦੂਸਰੀ ਮੰਜ਼ਲ ਵੀ ਸੀ, ਜਿਸ ਨੂੰ ਢਾਹ ਕੇ ਮਹਾਰਾਜਾ ਰਣਜੀਤ ਸਿੰਘ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ ਵਰਤਿਆ ਸੀ, ਜਦੋਂ ਕਿ ਮੁਗਲ ਦਰਬਾਰ ਦੇ ਰਿਕਾਰਡ ਮੁਤਾਬਕ ਇਸ ਦੀ ਸਿਰਫ ਇੱਕ ਹੀ ਮੰਜ਼ਲ ਸੀ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

# ਅਲੋਪ ਹੋ ਗਏ ਬਰੀਕ ਤੂੜੀ ਦੇ ਸ਼ੌਕੀਨ 'ਬਜ਼ੁਰਗ' (ਪੁਰਖੇ)



**ਜਗਜਾਤ ਸਿਘ ਝਤਰਾ**
**ਮੋਬਾ 7814490249**

ਜੇ ਅੱਜ ਪੁਰਾਤਨ ਯੁੱਗ ਵਿਚ ਜਾਈਏ, ਪਹਿਲੇ ਤੇ ਅੱਜ ਦੇ ਸਮੇਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਸਭ ਕੰਮ ਕਾਰ ਹੱਥਾਂ ਦੇ ਨਾਲ ਕੀਤੇ ਜਾਂਦੇ ਸਨ। ਜੁੱਸੇ ਦੇ ਤੱਕੜੇ ਬਾਬੇ ਹਾੜ੍ਹੀ ਵੱਢਣ ਦੇ ਸਮੇਂ ਕਾਮਿਆਂ ਦੇ ਕੰਨਾਂ ਸੋਰੀ ਕੱਢ ਦਿੰਦੇ ਸਨ ਕਿ ਹਾੜ੍ਹੀ ਖੇਤਾਂ ਵਿਚ ਪੱਕ ਕੇ ਤਿਆਰ ਹੋ ਗਈ ਹੈ ਜਰਾ ਕਾਇਮ, ਤੱਕੜੇ ਹੋ ਜਾਉ, ਦਾਤੀਆਂ ਨੂੰ ਦੰਦੇ ਤੇਜ ਕਰ ਆਪਣੇ ਆਪਨੂੰ ਤਿੱਖਾ ਕਰ ਲਉ। ਬਾਕੀ ਹਦਾਇਤ ਕਰਨੀ ਕਣਕ, ਜੌਂ ਹਰੇ ਨਹੀਂ ਵੱਢਣੇ। ਬੱਲੀ ਭਾਂਵੇਂ ਸੁੱਕ ਜਾਵੇ ਪਰ ਥੱਲੇ ਤੋਂ ਨਾੜ ਗਿੱਲਾ ਹੁੰਦਾ ਹੈ। ਫਲਿਆਂ ਤੋਂ ਬਰੀਕ ਤੂੜੀ ਬਨਾਉਣੀ ਬਹੁਤ ਔਖਾ ਕੰਮ ਹੁੰਦਾ ਸੀ। ਸਲਾਬੇ ਨਾੜ ਦੀਆਂ ਘੁੰਡੀਆਂ ਤੇ ਮੱਖੀ ਜਿਆਦਾ ਬਣਦੀ ਸੀ। ਇਹ ਗਿੱਲੀਆਂ ਵਸਤਾਂ ਕਿਸਾਨ ਦਾ ਲਹੂ ਪੀ ਲੈਂਦੀਆ ਸਨ।

ਬਜ਼ੁਰਗ ਆਪ ਪਿੜ ਵਿਚ ਜਾ ਕੇ ਹਰ ਗੱਲ ਦੀ ਪੁਸ਼ਟੀ ਕਰਦੇ ਸਨ। ਜੇ ਕੁਦਰਤੀ ਮੀਂਹ ਪੈ ਜਾਂਦਾ, ਗਿਲ ਗਿਲੋਲਾ ਹੋ ਜਾਂਦਾ ਤਾਂ ਸਾਰਾ ਵਾਂਢੀ ਦਾ ਕੰਮ ਰੋਕ ਲਿਆ ਜਾਂਦਾ ਸੀ। ਜਿੰਨਾਂ ਚਿਰ ਖੇਤ ਪਿੜ ਸੁੱਕਦੇ ਨਾ ਉਨਾਂ ਚਿਰ ਕੰਮ ਰੁਕਿਆ ਰਹਿੰਦਾ। ਗਿੱਲੀ ਥਾਂ 'ਤੇ ਮੰਡਲੀ ਲਾਉਣ ਤੋਂ ਪਰਹੇਜ਼ ਕੀਤਾ ਜਾਂਦਾ ਸੀ। ਬਾਕੀ ਪਿੜ ਵੀ ਪੂਰੀ ਤਰ੍ਹਾਂ ਸੁਕਾ ਲਿਆ ਜਾਂਦਾ ਸੀ ਕਿਉਂਕਿ ਨਾੜ ਨੂੰ ਸਿੱਲ ਚੜ੍ਹ ਜਾਂਦੀ ਸੀ ਤੇ ਤੂੜੀ ਦਾ ਰੰਗ ਬਦਲ ਜਾਂਦਾ ਸੀ। ਪਰ ਸੁੱਕੇ ਨਾੜ ਦੀ ਤੂੜੀ ਵਧੀਆ ਬਣਦੀ ਸੀ। ਪਿੜ ਵਿਚ ਪਏ ਨਾੜ ਨੂੰ ਫਰੋਲ ਫਰੋਲ ਕੇ ਗਾਹਣ ਦੀ ਹਦਾਇਤ ਦਿੰਦੇ ਸਨ। ਬਾਬੇ ਕਹਿੰਦੇ ਸਨ ਜਰਾ ਲਾਂਗੇ ਨੂੰ ਹਵਾ ਲਵਾ ਲਵੋ। ਜਦ ਨਾੜ ਸੁੱਕੇ ਦੀ ਉਹਨਾਂ ਨੂੰ ਤਸੱਲੀ ਹੋ ਜਾਂਦੀ ਫੇਰ ਫਲਾ ਜੋੜਨ ਦੀ ਆਗਿਆ ਦਿੰਦੇ ਸਨ। ਬਾਬੇ ਕੰਮੀਆਂ, ਮਜ਼ਦੂਰਾਂ ਤੇ ਸੀਰੀਆਂ ਨੂੰ ਹਦਾਇਤ ਦਿੰਦੇ ਸਨ ਕਿ ਫਲਾ ਹੱਕਣ ਦੇ ਸਮੇਂ ਬਲਦਾਂ ਦਾ ਗੋਹਾ ਪੈਰਾਂ ਵਿਚ ਨਾ ਡਿਗਣ ਦੀ ਹਦਾਇਤ ਦਿੰਦੇ ਸਨ। ਗੋਹਾ ਤੂੜੀ ਨੂੰ ਮੁਸ਼ਕ ਵਾਲਾ ਬਣਾ ਦਿੰਦਾ ਸੀ ਜੋ ਪਸ਼ੂ ਖਾਂਦੇ ਨਹੀਂ ਸਨ।



ਬਾਕੀ ਤੂੜੀ ਦਾ ਰੰਗ ਵੀ ਬਦਲ ਜਾਂਦਾ ਸੀ। ਬਲਦਾਂ ਦੇ ਗੋਹੇ ਲਈ ਬਾਬੇ ਕੋਲ ਬੱਠਲ ਰੱਖਦੇ ਸਨ। ਬਾਬੇ ਕਦੇ ਵੀ ਗੋਹਾ ਲਾਂਗੇ ਵਿਚ ਮਿਲਣ ਨਹੀਂ ਸਨ ਦਿੰਦੇ।

ਦੁਪਹਿਰ ਵੇਲੇ ਜਦੋਂ ਪੂਰੀ ਗਰਮੀ ਹੋ ਜਾਂਦੀ ਸੀ ਉਸ ਵੇਲੇ ਪੁਰਖੇ ਖੁਸ਼ ਹੋ ਕੇ ਆਖਦੇ ਕਿ ਵੇਖੋ ਕਾਕਾ ਕਿਵੇਂ ਸੁੱਕੇ ਨਾੜ ਦੇ ਜੜਾਕੇ ਪੈਂਦੇ ਹਨ ਕਿਉਂਕਿ ਪੂਰੀ ਤੇਜ ਧੁੱਪ ਸਦਕਾ ਨਾੜ ਸੁੱਕ ਕੇ ਆਪ ਹੀ ਟੁੱਟੀ ਜਾਂਦਾ ਸੀ। ਪੈਰੀ ਦੇ ਚਾਰ ਚੁਫੇਰੇ, ਪਾਸੇ ਕੁੱਝ ਨਾੜ ਟੁੱਟ ਕੇ ਖਿਲਰ ਜਾਂਦਾ ਤੇ ਪੈਰੀ ਹੱਕਣ ਵਾਲਾ ਤਰੰਗਲੀ ਦੇ ਨਾਲ ਬਲਦਾਂ ਦੇ ਪੈਰਾਂ ਥੱਲੇ ਵੱਲ੍ਹ ਕਰਦਾ ਰਹਿੰਦਾ ਸੀ। ਉਹ ਹੀ ਬਰੀਕ ਤੂੜੀ ਬਣ ਜਾਂਦੀ। ਪੈਰੀ ਨੂੰ ਦੋ-ਤਿੰਨ ਵਾਰ ਸਲੰਘ ਨਾਲ ਪੁੱਠ ਦਿੱਤੀ ਜਾਂਦੀ ਸੀ ਕਿਉਂਕਿ ਬਰੀਕ ਲਾਂਗਾ ਥੱਲੇ ਚਲਿਆ ਜਾਂਦਾ ਸੀ ਅਤੇ ਮੋਟਾ ਨਾੜ ਉੱਪਰ ਫੋਲਿਆ ਜਾਂਦਾ ਸੀ। ਦੁਪਹਿਰਾ ਵੇਲੇ ਪੁੱਠ ਦੇਣ ਦਾ ਵੇਲਾ ਪੱਕਾ ਨਿਸਚਿੱਤ ਹੁੰਦਾ ਸੀ। ਬਲਦਾਂ ਨੂੰ ਗਰਮੀ ਤੋਂ ਬਚਾਉਣ ਲਈ ਕਣਕ ਦਾ ਪੋਣਾਂ ਅਤੇ ਜੌਆਂ ਦੇ ਸੱਤੂ ਪਿਆਏ ਜਾਂਦੇ ਸਨ।

ਪੁਰਾਤਨ ਸਮੇਂ ਸਾਡੇ ਬਾਬੇ ਹਰੇ ਪੱਠਿਆਂ ਤੋਂ ਬਰੀਕ ਤੂੜੀ ਤੇ ਜ਼ੋਰ ਦਿੰਦੇ ਸਨ। ਫੱਡਰ ਪਸ਼ੂਆਂ ਨੂੰ ਜਿਹੋ ਜਿਹਾ ਹੱਥੀ ਪੱਠੇ ਆਏ ਪਾ ਦਿੰਦੇ ਸਨ। ਉਹ ਤਾਂ ਘੁੰਡੀਆਂ ਵੀ ਚੱਬ ਜਾਂਦੇ ਸਨ। ਅੱਜ ਝੂਠ ਪ੍ਰਧਾਨ ਹੈ। ਉਹਨਾਂ ਬਾਬਿਆਂ ਨੂੰ ਅਲਵਿਦਾ ਕਿਹਾ ਕਾਫੀ ਸਮਾਂ ਹੋ ਗਿਆ ਹੈ। ਪਰ ਅੱਜ ਵੀ ਉਹਨਾਂ ਨੂੰ ਬਹੁਤ ਜਿਆਦਾ ਸ਼ਿੱਦਤ ਨਾਲ ਯਾਦ ਕੀਤਾ ਜਾਂਦਾ ਹੈ। ਬਾਬਿਆਂ ਦੀ ਸੰਘਣੀ ਛਾਂ ਹੇਠਾਂ ਪਲਣ ਵਾਲੀ ਪੀੜ੍ਹੀ ਨੂੰ ਵਿਰਸੇ ਦੀ ਸੰਭਾਲ ਦੀ ਸਿੱਖਿਆ ਲੈਣੀ ਚਾਹੀਦੀ ਹੈ। ਉਹਨਾਂ ਪੁਰਖਿਆਂ ਦੀ ਜ਼ਿੰਦਗੀ ਦਾ ਤਜਰਬਾ ਅਤੇ ਅਸੀਸਾਂ ਸ਼ੁੱਭਇਛਾਂਵਾਂ ਦਾ ਆਰਥਿਕ ਰੂਪ ਵਿਚ ਮੁੱਲ ਚੁਕਾਉਣਾ ਅਸੰਭਵ ਹੈ।

**ਪੇਸ਼ਕਸ਼ ਤਸਵਿੰਦਰ ਸਿੰਘ ਬੜੈਚ**
**ਮੋਬਾ 7527931887**

# ਅੰਗੂਠੇ ਦਾ ਗੁੱਟ

ਨਿੱਕੇ ਜਵਾਕਾਂ ਦੇ ਨਿੱਕੇ ਨਿੱਕੇ ਚਾਅ ਕਿੰਨੇ ਪਿਆਰੇ ਹੁੰਦੇ ਸਨ। ਸਾਡਿਆਂ ਵੇਲਿਆਂ ਵਿੱਚ ਸਾਰੇ ਜਵਾਕਾਂ ਦਾ ਇਕੱਠੇ ਹੋ ਕੇ ਖੇਡਣ ਤੋਂ ਇਲਾਵਾ ਮਨੋਰੰਜਨ ਦੇ ਕਿਹੜਾ ਕੋਈ ਹੋਰ ਬਹੁਤੇ ਸਾਧਨ ਹੁੰਦੇ ਸਨ । ਪਰ ਉਹ ਬਚਪਨ ਹੁੰਦਾ ਬਹੁਤ ਲਾਜਵਾਬ ਸੀ ।ਉਸ ਬਚਪਨ ਦੀ ਹਰ ਘਟਨਾ ਵਿੱਚੋਂ ਇੱਕ ਕਹਾਣੀ ਉਪਜਦੀ ਹੈ। ਹਰ ਘਰ ਵਿੱਚ ਚਾਰ ਪੰਜ ਜਵਾਕ ਹੁੰਦੇ ਸਨ। ਮਾਵਾਂ ਨੂੰ ਵੀ ਜਵਾਕ ਪਾਲਣ ਦੀ ਕੋਈ ਬਹੁਤੀ ਚਿੰਤਾ ਨਹੀਂ ਹੁੰਦੀ ਸੀ। ਛੋਟੇ ਭੈਣ ਭਰਾਵਾਂ ਨੂੰ ਵੱਡੇ ਭੈਣ ਭਰਾ ਈ ਚੁੱਕੀ ਫਿਰਦੇ ਸਨ ਤੇ ਮਾਵਾਂ ਆਪਣੇ ਆਹਰੀਂ ਲੱਗੀਆਂ ਰਹਿੰਦੀਆਂ ਸਨ। ਅੱਜ ਕੱਲ੍ਹ ਵਾਂਗ ਕੱਲੇ ਕਹਿਰੇ ਅਤੇ ਉੱਤੋਂ ਜਵਾਕਾਂ ਦੀਆਂ ਵੱਡੀਆਂ ਵੱਡੀਆਂ ਮੰਗਾਂ ਥੋੜ੍ਹਾ ਨਾ ਹੁੰਦੀਆਂ ਸਨ। ਇਕੱਠੇ ਹੋ ਕੇ ਜਵਾਕਾਂ ਨੇ ਖੇਡਣਾ,ਨਾ ਕੋਈ ਗੁੰਮਣ ਦਾ ਡਰ ਤੇ ਨਾ ਕੋਈ ਜਬਰ ਜਿ?ਨਾਹ ਵਾਲੀਆਂ ਕੁਰੀਤੀਆਂ ਪ੍ਰਚੱਲਿਤ ਸਨ। ਬੱਚੇ ਵੀ ਬੇਫਿ?ਕਰ ਤੇ ਮਾਪੇ ਵੀ ਬੇਫਿ?ਕਰ ਜੀਵਨ ਬਿਤਾਉਂਦੇ ਸਨ।

ਅਸੀਂ ਵੀ ਅਕਸਰ ਆਂਢ ਗੁਆਂਢ ਦੇ ਸਾਰੇ ਜਵਾਕ ਰਲ ਕੇ ਸਾਮ ਨੂੰ ਜਾਂ ਤਾਂ ਗਲੀ ਵਿੱਚ ਖੇਡਦੇ ਹੁੰਦੇ ਸੀ ਤੇ ਜਾਂ ਫਿਰ ਲਾਗੇ ਹੀ ਯੂਨੀਵਰਸਿਟੀ ਹੋਣ ਕਰਕੇ ਉੱਥੇ ਝੂਲੇ ਝੂਲਣ ਚਲੇ ਜਾਂਦੇ ਸੀ ।ਉੱਥੇ ਕਈ ਤਰ੍ਹਾਂ ਦੇ ਝੂਲੇ ਲੱਗੇ ਹੋਣ ਕਰਕੇ ਸਾਰੇ ਬਹੁਤ ਆਨੰਦ ਮਾਣ ਕੇ ਆਉਂਦੇ ਸੀ ।ਇਹ ਗੱਲ ਵੱਖਰੀ ਸੀ ਕਿ ਛੋਟਿਆਂ ਦੀ ਵਾਰੀ ਬਹੁਤ ਮੁਸਕਲ ਨਾਲ ਆਉਂਦੀ ਸੀ। ਵੱਡੇ ਜਵਾਕਾਂ ਨੇ ਚਲਾਕੀ ਅਤੇ ਜੋਰ ਦੇ ਬਲ 'ਤੇ ਝੂਲਿਆਂ ਤੇ ਕਬਜਾ ਕਰੀ ਰੱਖਣਾ। ਅਸੀਂ ਵੀ ਆਪਣੀ ਛੋਟੀ ਭੈਣ, ਜੋ ਕੁਝ ਕੁ ਮਹੀਨਿਆਂ ਦੀ ਸੀ ਉਸ ਨੂੰ ਗੋਦੀ ਚੁੱਕ ਕੇ ਬਾਕੀ ਸਾਰੇ ਜਵਾਕਾਂ ਨਾਲ ਝੂਟੇ ਲੈਣ ਜਾਣਾ। ਇੱਕ ਦਿਨ ਅਸੀਂ ਬਾਕੀ ਦਿਨਾਂ ਵਾਂਗ ਉੱਥੇ ਝੂਟੇ ਲੈਣ ਲਈ ਜਦ ਗਏ ਤਾਂ ਪਹਿਲਾਂ ਤਾਂ ਮੇਰੀ ਵਾਰੀ ਈ ਨਾ ਆਵੇ। ਚਲ ਵੱਡਿਆਂ ਦੀਆਂ ਮਿੰਨਤਾਂ ਤਰਲੇ ਕਰਕੇ ਵਾਰੀ ਆ ਗਈ। ਜਦ ਗੋਲ ਘੁੰਮਣ ਵਾਲੇ ਝੂਲੇ ਨੂੰ ਵੱਡਿਆਂ ਨੇ ਥੋੜਾ ਜਿਹਾ ਹੌਲਾ ਕਰਕੇ ਉੱਪਰ ਚੜ੍ਹਨ ਦੀ ਤਾਕੀਦ ਕੀਤੀ ।ਮੇਰਾ ਹੱਥ ਨਾ ਪਿਆ ਤਾਂ ਮੈਂ ਡਿੱਗ ਗਈ,ਦੂਜੀ ਵਾਰੀ ਉਹਨਾਂ ਨੇ ਹੌਲੀ ਕਰਕੇ ਮੈਨੂੰ ਚੜ੍ਹਾ ਲਿਆ ਤੇ ਇੱਕਦਮ ਝੂਲਾ ਤੇਜ ਕਰ ਲਿਆ ।ਮੇਰਾ ਆਲੇ ਦੁਆਲੇ ਕਿਤੇ ਹੱਥ ਨਾ ਪਿਆ ਹੋਣ ਕਰਕੇ ਮੈਂ ਤੇਜ ਝੂਲੇ ਵਿੱਚੋਂ ਜੋਰ ਦੇਣੇ ਡਿੱਗ ਗਈ ਤੇ ਉੱਚੀ ਉੱਚੀ ਰੋਣ ਲੱਗੀ। ਸਾਰੇ ਜਵਾਕਾਂ ਦੇ ਝੂਲੇ ਰੁਕ ਗਏ ।ਸਭ ਮੈਨੂੰ ਜਮੀਨ ਤੇ ਲਿਟੀ ਪਈ ਨੂੰ ਉਠਾਉਣ ਲਈ ਭੱਜੇ ਆਏ,ਕਿਸੇ ਨੇ ਮੈਨੂੰ ਉਠਾ ਕੇ ਬਿਠਾਇਆ,ਕਿਸੇ ਨੇ ਮੇਰੇ ਕੱਪੜਿਆਂ ਤੋਂ ਮਿੱਟੀ ਝਾੜੀ , ਕਿਸੇ ਨੇ ਮੈਨੂੰ ਚੁੱਪ ਕਰਾਇਆ ਤੇ ਕਿਸੇ ਨੇ ਮੇਰੇ ਹੰਝੂ ਪੂੰਝੇ। ਮਿੱਟੀ ਵਾਲੇ ਹੱਥਾਂ ਨਾਲ ਹੰਝੂਆਂ ਦਾ ਪਾਣੀ ਲੱਗ ਕੇ ਮੂੰਹ ਬਿੱਲੀਆਂ ਦੇ ਚੱਟੇ ਵਾਂਗ ਹੋਰ ਲਿੱਬੜ ਜਾਂਦਾ ਹੈ ਤਾਂ ਹਾਲਤ ਹੋਰ ਤਰਸਯੋਗ ਹੋ ਜਾਂਦੀ ਹੈ।

ਹੁਣ ਸਾਰੇ ਝੂਟੇ ਲੈਣਾ ਭੁੱਲ ਗਏ ਸਨ,ਝੂਲੇ ਵੀ ਰੁਕ ਕੇ ਸਾਂਤ ਹੋ ਗਏ ਸਨ ,ਸਾਰਿਆਂ ਦੀ ਪੂਰੀ ਹਮਦਰਦੀ ਮੇਰੇ ਨਾਲ ਸੀ । ਹੁਣ ਸਾਰੇ ਜਾਣੇ ਮੇਰੀਆਂ ਸੱਟਾਂ ਦੀ ਜਾਂਚ ਕਰਨ ਲੱਗੇ। ਗੋਡਿਆਂ ਦੀਆਂ ਝਰੀਟਾਂ ਦੀ ਤਾਂ ਖੈਰ ਸੀ ਪਰ ਮੇਰਾ ਹੱਥ ਜੋਰ ਦੀ ਥੱਲੇ ਲੱਗਣ ਕਾਰਨ ਅੰਗੂਠਾ ਕੰਮ ਨਾ ਕਰੇ ਤੇ ਉਹ ਸੁੱਜ ਗਿਆ ।ਸਾਰੇ ਆਪਣੇ ਆਪਣੇ ਹਿਸਾਬ ਨਾਲ ਸਲਾਹਾਂ ਦੀ ਫਸਟ ਏਡ ਦੇਣ ਲੱਗੇ ਕਿਉਂਕਿ ਉਹ ਜਮਾਨਾ ਹੋਰ ਈ ਸੀ, ਮਾਪਿਆਂ ਦਾ ਡਰ ਈ ਐਨਾ ਸੀ ਕਿ ਸੱਟ ਲੱਗਣ ਤੋਂ ਬਾਅਦ ਵੀ ਖੁਦ ਨੂੰ ਹੀ ਸਾਰੇ ਗੁਨਾਹਗਾਰ ਸਮਝਣ ਲੱਗਦੇ ਸਨ। ਮਾਪਿਆਂ ਦੀ ਹਮਦਰਦੀ ਤੋਂ ਪਹਿਲਾਂ ਵੱਡੇ ਤੋਂ ਲੈ ਕੇ ਛੋਟੇ ਤੱਕ ਸਭ ਦੇ ਦੱਬ ਕੇ ਡਾਂਟ ਪੈਂਦੀ ਸੀ ਫਿਰ ਕੋਈ ਇਲਾਜ ਵਗੈਰਾ ਬਾਰੇ ਸੋਚਿਆ ਜਾਂਦਾ ਸੀ। ਹੁਣ ਵੱਡਿਆਂ ਜਵਾਕਾਂ ਨੇ ਸਲਾਹ ਦਿੱਤੀ," ਘਰ ਜਾ ਕੇ..... ਵਿਚਾਰਾ ਜਿਹਾ ਮੂੰਹ ਬਣਾ ਕੇ.......ਬੈਠ ਜਾਇਓ..... ਫੇਰ ਜਦ ਮੰਮੀ ਪੁੱਛੇਗੀ ਤਾਂ ਭੋਲਾ ਜਿਹਾ ਮੂੰਹ ਬਣਾ ਕੇ ਬੁੱਲ੍ਹ ਬਟੇਰ ਕੇ ਰੋਣ ਲੱਗ ਜਾਈਂ.......ਤੇ ਮੰਮੀ ਨੂੰ ਆਖੀਂ...."ਮੇਰਾ ਅੰਗੂਠੇ ਦਾ ਗੁੱਟ ਟੁੱਟ ਗਿਆ "......।" ਅਸੀਂ ਓਵੇਂ ਹੀ ਕੀਤਾ...... ਮੰਮੀ ਨੇ ਪੁੱਛਿਆ," ਵੇ ਜਵਾਕੋ ! ਅੱਜ ਥੋਨੂੰ ਕੀ ਹੋ ਗਿਆ.....? ਅੱਗੇ ਤਾਂ ਅਸਮਾਨ ਸਿਰ ਤੇ ਚੁੱਕਿਆ ਹੁੰਦਾ.....!" ਮੈਂ ਵੱਡਿਆਂ ਦੀ ਸਲਾਹ ਮੁਤਾਬਕ ਐਕਸਨ ਮੋਡ ਵਿੱਚ ਆਈ...... ਮੂੰਹ ਮੋਟਾ ਜਿਹਾ ਭੋਲਾ ਜਿਹਾ ਬਣਾ ਕੇ.....ਬੁੱਲ੍ਹ ਬਟੇਰ ਕੇ ਮੰਮੀ ਨੂੰ ਆਖਿਆ," ਮੰਮੀ ਮੇਰਾ ਅੰਗੂਠੇ ਦਾ ਗੁੱਟ ਟੁੱਟ ਗਿਆ।" ਬਾਕੀ ਸਾਰੇ ਭੈਣ ਭਰਾ ਚੋਰਾਂ ਵਾਂਗ ਵੇਖਦੇ ਹੋਏ ਮੰਮੀ ਦੇ ਐਕਸਨ ਦਾ ਇੰਤਜਾਰ ਕਰ ਰਹੇ ਸਨ। ਸਭ ਦੀ ਜਾਨ ਵਿੱਚ ਜਾਨ ਆਈ ਜਦ ਮੰਮੀ ਨੇ ਹੱਥ ਨੂੰ ਫੜ ਕੇ ਦੇਖਿਆ ਤੇ ਕੌਲੀ ਵਿੱਚ ਸਰੋਂ ਦਾ ਤੇਲ ਪਾ ਕੇ ਦਿੱਤਾ ਤੇ ਕਿਹਾ," ਜਾਹ ! ਬੀਜੀ ਤੋਂ ਮਾਲਸ ਕਰਵਾ ਲਿਆ.... ।" ਬੀਜੀ ਕੀ ਕੋਠੀ ਤੇ ਸਾਡੇ ਘਰ ਦੇ ਵਿਚਾਲੇ ਇੱਕ ਕੋਠੀ ਪੈਂਦੀ ਸੀ, ਮੈਂ ਗਈ ਤੇ ਬੀਜੀ ਦੇ ਪੁੱਛਣ ਤੇ ਦੱਸਿਆ," ਬੀਜੀ ਮੇਰੇ ਅੰਗੂਠੇ ਦਾ ਗੁੱਟ ਟੁੱਟ ਗਿਆ।" ਬੀਜੀ ਨੇ ਹੱਸਦੇ ਹੋਏ ਮੇਰੇ ਹੱਥ ਦੀ ਮਾਲਿਸ ਕਰ ਦਿੱਤੀ ਤੇ ਕਿਹਾ,"ਲੈ ਹੁਣ ਨਾ ਰੋਈਂ...... ਤੇਰੇ ਅੰਗੂਠੇ ਦਾ ਗੁੱਟ ਜੁੜ ਗਿਆ ਹੁਣ।" ਮੈਂ ਖੁਸੀ ਨਾਲ ਦੁੜੰਗੇ ਲਾਉਂਦੀ ਝੂਮਦੀ ਹੋਈ ਨੱਠੀ ਆਈ ਤੇ ਸਾਰਿਆਂ ਨੂੰ ਖੁਸੀ ਖੁਸੀ ਦੱਸਿਆ ਕਿ ਮੇਰਾ ਅੰਗੂਠੇ ਦਾ ਗੁੱਟ ਜੁੜ ਗਿਆ ਹੈ। ਉਸ ਤੋਂ ਬਾਅਦ ਜਦੋਂ ਵੀ ਬੀਜੀ ਨੇ ਮਿਲਣਾ ਤਾਂ ਮੈਨੂੰ ਮਜਾਕ ਨਾਲ ਪੁੱਛਣਾ," ਤੇਰਾ ਅੰਗੂਠੇ ਦਾ ਗੁੱਟ ਠੀਕ ਹੈ ?" ਮੈਨੂੰ ਸਮਝ ਨਾ ਆਉਣਾ ਕਿ ਬੀਜੀ ਮੇਰਾ ਮਜਾਕ ਕਿਉਂ ਉਡਾਉਂਦੇ ਹਨ,ਇਹ ਤਾਂ ਵੱਡੇ ਹੋ ਕੇ ਸਮਝ ਪਈ ਕਿ ਅੰਗੂਠੇ ਦਾ ਤਾਂ ਗੁੱਟ ਹੀ ਨਹੀਂ ਹੁੰਦਾ।

**ਬਰਜਿੰਦਰ ਕੌਰ ਬਿਸਰਾਓ...**
9988901324

# ਸਵੈ ਸੰਭਾਲ ਜ਼ਰੂਰੀ ਹੈ...

ਅੱਜ ਦਾ ਮਨੁੱਖ ਆਪਣੇ ਸਰੀਰ ਤੋਂ ਮਸੀਨ ਵਾਂਗ ਕੰਮ ਲੈ ਰਿਹਾ ਹੈ। ਪਦਾਰਥਵਾਦੀ ਯੁੱਗ ਹੋਣ ਕਰਕੇ ਪਦਾਰਥਾਂ ਦੇ ਪਿੱਛੇ ਦੀ ਦੌੜ ਵਿੱਚ ਮੁਕਾਬਲਾ ਟੱਕਰ ਦਾ ਹੈ। ਸਾਰਿਆਂ ਨੂੰ ਪੈਸੇ ਦੀ ਤਮ੍ਹਾਂ ਘਣੇਰੀ ਹੈ ਜਿਸ ਕਰਕੇ ਮਨੁੱਖ ਦਾ ਦਿਮਾਗ ਵੀ ਪੈਸਾ ਅਤੇ ਪਦਾਰਥਾਂ ਦੀ ਪ੍ਰਾਪਤੀ ਦੀਆਂ ਤਰਕੀਬਾਂ ਘੜਦਾ ਘੜਦਾ ਘੜੀ ਦੀ ਸਕਿੰਟਾਂ ਵਾਲੀ ਸੂਈ ਵਾਂਗ ਤੇਜ ਤੇਜ ਟਿਕ ਟਿਕ ਕਰਕੇ ਚੱਲੀ ਜਾਂਦਾ ਹੈ। ਉਹ ਇਸ ਦਿਮਾਗੀ ਸੋਚ ਦੀ ਤੇਜ ਰਫਤਾਰੀ ਕਾਰਨ ਆਪਣੀ ਸੰਭਾਲ ਕਰਨਾ ਵੀ ਭੁੱਲ ਗਿਆ ਹੈ। ਅਜੋਕਾ ਮਨੁੱਖ ਆਪਣੇ ਸਰੀਰ ਦੀ ,ਖਾਣ ਪੀਣ ਦੀਆਂ ਆਦਤਾਂ, ਆਪਣੇ ਦਿਨ ਦੀ ਸੁਰੂਆਤ ਤੋਂ ਲੈਕੇ ਸੌਣ ਵੇਲੇ ਤੱਕ ਦੀ ਸਮਾਂ ਸਾਰਣੀ, ਆਪਣੀ ਸਰੀਰਕ ਤੇ ਦਿਮਾਗੀ ਸਿਹਤ , ਆਪਣਾ ਸਮਾਜਿਕ ਵਰਤਾਰਾ, ਆਪਣੀ ਮਾਨਸਿਕਤਾ ਨੂੰ ਭੁੱਲੀਂ ਬੈਠਾ ਹੈ। ਜਿਸ ਕਰਕੇ ਉਹ ਕਈ ਪੱਖਾਂ ਤੋਂ ਆਪਣੇ ਆਪ ਨੂੰ ਮੁਸਕਲ ਵਿੱਚ ਪਾ ਲੈਂਦਾ ਹੈ।

ਸਿਆਣੇ ਕਹਿੰਦੇ ਹਨ,'ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ', ਗੱਲ ਤਾਂ ਠੀਕ ਹੀ ਹੈ ।ਉਹੋ ਜਿਹੀਆਂ ਕਮਾਈਆਂ ਕੀਤੀਆਂ ਦਾ ਕੀ ਫਾਇਦਾ ਜੇ ਮਨੁੱਖ ਆਪਣੇ ਆਪ ਨੂੰ ਛੱਤੀ ਰੋਗ ਹੀ ਸਹੇੜ ਬੈਠੇ। ਹਰ ਵਿਅਕਤੀ ਨੂੰ ਆਪਣੇ ਕਰਮ ਕਾਰਜ ਤੋਂ ਇਲਾਵਾ ਆਪਣੇ ਆਪ ਨੂੰ ਹੋਰ ਗਤੀਵਿਧੀਆਂ ਨਾਲ ਵੀ ਜੋੜਨਾ ਚਾਹੀਦਾ ਹੈ। ਜਿਹੜਾ ਮਨੁੱਖ ਆਪਣੇ ਸਵੇਰ ਤੋਂ ਰਾਤ ਤੱਕ ਦੇ ਸਮੇਂ ਨੂੰ ਵੱਖ ਵੱਖ ਗਤੀਵਿਧੀਆਂ ਵਿੱਚ ਰੁਝਾਈ ਰੱਖੇਗਾ ਉਸ ਦੇ ਮਨ ਅੰਦਰ ਭਟਕਣ ਪੈਦਾ ਨਹੀਂ ਹੁੰਦੀ ।ਉਸ ਨੂੰ ਡਿਪਰੈਸਨ ਵਰਗੀਆਂ ਬੀਮਾਰੀਆ ਛੂਹ ਵੀ ਨਹੀਂ ਸਕਦੀਆਂ ।ਉਸ ਦਾ ਮਨ ਹਮੇਸਾ ਜਿ?ਦਗੀ ਵਿੱਚੋਂ ਕੁਝ ਸਕਾਰਾਤਮਕ ਨਤੀਜੇ ਲੱਭਣ ਦੀ ਕੋਸਿ?ਸ ਵਿੱਚ ਜੁਟਿਆ ਦਿਸੇਗਾ। ਇਹੋ ਜਿਹੇ ਅਭਿਆਸੀ ਮਨੁੱਖ ਹਮੇਸਾ ਜਗਿਆਸੂ ਪ੍ਰਵਿਰਤੀ ਦੇ ਹੁੰਦੇ ਹਨ। ਉਹਨਾਂ ਅੰਦਰ ਕੁਝ ਚੰਗਾ ਗ੍ਰਹਿਣ ਕਰਨ ਦੀ ਰੁਚੀ ਹੁੰਦੀ ਹੈ ਜਿਸ ਦੇ ਚੰਗੇ ਨਤੀਜੇ ਨਿਕਲਦੇ ਹਨ। ਇਸ ਤਰ੍ਹਾਂ ਕਰਕੇ ਮਨੁੱਖ ਹਮੇਸਾ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ।



ਸਵੇਰੇ ਜਲਦੀ ਉੱਠ ਕੇ ਮਨ ਨੂੰ ਕੁਦਰਤ ਅਤੇ ਪਰਮਾਤਮਾ ਨਾਲ ਜੋੜਨ ਵਾਲਾ ਵਿਅਕਤੀ ਮਾਨਸਿਕ ਤੌਰ ਤੇ ਸੰਤੁਸਟ ਅਤੇ ਤੰਦਰੁਸਤ ਰਹਿੰਦਾ ਹੈ ਜਦ ਕਿ ਇਸ ਤੋਂ ਉਲਟ ਜਿਹੜਾ ਵਿਅਕਤੀ ਸਵੇਰ ਨੂੰ ਹਫੜਾ ਦਫੜੀ ਵਿੱਚ ਉੱਠ ਕੇ ਕੰਮਕਾਜ ਨੂੰ ਨਿਕਲਦਾ ਹੈ, ਉਸ ਵਿਅਕਤੀ ਦਾ ਮਨ ਸਾਰਾ ਦਿਨ ਅਸਾਂਤ, ਖਿਝਿਆ ਹੋਇਆ ਹੀ ਰਹੇਗਾ। ਇਹ ਮਨੁੱਖ ਦੀ ਨਿੱਜਤਾ ਜਾਂ ਸਵੈ ਸੰਭਾਲ ਦਾ ਪਹਿਲਾ ਕਦਮ ਹੁੰਦਾ ਹੈ ਜੋ ਉਸ ਨੂੰ ਸਰਬਪੱਖੀ ਸਖਸੀਅਤ ਬਣਾਉਣ ਵਿੱਚ ਮਦਦ ਕਰਦਾ ਹੈ। ਮਾਨਸਿਕ ਸਿਹਤ ਦਾ ਪ੍ਰਭਾਵ ਸਿੱਧੇ ਜਾਂ ਅਸਿੱਧੇ ਤੌਰ ਤੇ ਮਨੁੱਖ ਦੇ ਸਰੀਰ ਤੇ ਪੈਂਦਾ ਹੈ ।ਜਿਸ ਵਿਅਕਤੀ ਦਾ ਮਨ ਖੁਸ ਹੋਵੇਗਾ ਉਸ ਦਾ ਚਿਹਰਾ ਖਿੜਿਆ ਰਹਿੰਦਾ ਹੈ,ਉਹ ਹਰ ਕਿਸੇ ਨਾਲ ਹੱਸ ਕੇ ਗੱਲ ਕਰਦਾ ਹੈ ਤਾਂ ਇੱਕ ਚੰਗਾ ਸਮਾਜਿਕ ਪ੍ਰਾਣੀ ਹੋਣ ਦੀ ਉਦਾਹਰਣ ਵੀ ਪੇਸ ਕਰਦਾ ਹੈ। ਇੱਕ ਚੰਗਾ ਸਮਾਜਿਕ ਪ੍ਰਾਣੀ ਸਭ ਵੱਲੋਂ ਸਤਿਕਾਰਿਆ ਜਾਂਦਾ ਹੈ ਜੋ ਉਸ ਦਾ ਸਵੈਮਾਣ ਵੀ ਵਧਾਉਂਦਾ ਹੈ।

ਹਰ ਵਿਅਕਤੀ ਨੂੰ ਆਪਣੇ ਖਾਣ ਪੀਣ ਦੀਆਂ ਆਦਤਾਂ ਵੱਲ ਵਿਸੇਸ ਧਿਆਨ ਦੇਣਾ ਚਾਹੀਦਾ ਹੈ। ਜੇ ਮਨੁੱਖ ਖਾਣਾ ਹੀ ਸਮਾਂ ਕੱਢ ਕੇ ਢੰਗ ਨਾਲ ਨਹੀਂ ਖਾਂਦਾ ਤਾਂ ਉਸ ਕਮਾਈ ਕਰਨ ਦਾ ਕੀ ਫਾਇਦਾ ? ਹਰ ਵਿਅਕਤੀ ਦੀ ਸਿਹਤ ਉੱਪਰ ਉਸ ਦੇ ਖਾਣ ਪੀਣ ਦੀਆਂ ਆਦਤਾਂ ਦਾ ਬਹੁਤ ਅਸਰ ਪੈਂਦਾ ਹੈ। ਅੱਜ ਕੱਲ੍ਹ ਬਹੁਤੇ ਲੋਕ ਕੰਮਾਂ ਕਾਰਾਂ ਦੇ ਰੁਝੇਵਿਆਂ ਕਾਰਨ ਜਾਂ ਤਾਂ ਖਾਣਾ ਸਮੇਂ ਸਿਰ ਨਹੀਂ ਖਾਂਦੇ ਜਾਂ ਫਿਰ ਖਾਣਾ ਬਣਾਉਣ ਜਾਂ ਖਾਣ ਦਾ ਸਮਾਂ ਨਾ ਮਿਲਣ ਤੇ ਬਜਾਰੀ ਖਾਣੇ ਖਾ ਖਾ ਕੇ ਆਪਣੀ ਸਿਹਤ ਨੂੰ ਹੌਲੀ ਹੌਲੀ ਹਾਨੀ ਪਹੁੰਚਾਉਣ ਦੀ ਕਸਰ ਨਹੀਂ ਛੱਡਦੇ। ਘਰ ਦਾ ਬਣਿਆ ਖਾਣਾ ਸਮੇਂ ਸਿਰ ਖਾਣ ਨਾਲ ਮਨੁੱਖ ਦੀ ਸਿਹਤ ਠੀਕ ਰਹਿੰਦੀ ਹੈ। ਸਮੇਂ ਸਮੇਂ ਤੇ ਆਪਣੀ ਡਾਕਟਰੀ ਸਰੀਰਕ ਜਾਂਚ ਵੀ ਜਰੂਰ ਕਰਵਾਉਂਦੇ ਰਹਿਣਾ ਚਾਹੀਦਾ ਹੈ।

ਆਪਣੀ ਭੱਜ ਦੌੜ ਦੀ ਜ਼ਿੰਦਗੀ ਵਿੱਚੋਂ ਕੁਝ ਪਲ ਵਿਹਲ ਦੇ ਜਰੂਰ ਕੱਢਣੇ ਚਾਹੀਦੇ ਹਨ। ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਮਿਲ ਕੇ ਕਿਤੇ ਘੁੰਮਣ ਜਾਣਾ ਜਾਂ ਕੋਈ ਛੋਟੀ ਮੋਟੀ ਪਾਰਟੀ ਕਰਕੇ ਮਨ ਨੂੰ ਪਰਚਾਉਣਾ ਵੀ ਮਨੁੱਖ ਦੀ ਸਵੈ ਸੰਭਾਲ ਦਾ ਹੀ ਇੱਕ ਹਿੱਸਾ ਹੈ। ਇਹੋ ਜਿਹੀਆਂ ਛੋਟੀਆਂ ਛੋਟੀਆਂ ਗਤੀਵਿਧੀਆਂ ਮਨੁੱਖ ਦੀ ਜ਼ਿੰਦਗੀ ਦਾ ਅਹਿਮ ਹਿੱਸਾ ਹਨ ਜੋ ਸਮੇਂ ਸਮੇਂ ਤੇ ਉਸ ਦੀ ਨਿੱਜੀ ਸੋਚ ਵਿੱਚ ਇੱਕ ਖੁਸਨੁਮਾ ਸੰਸਾਰ ਸਿਰਜਦੀਆਂ ਹਨ। ਅੰਦਰੋਂ ਖੁਸ ਵਿਅਕਤੀ ਕਦੇ ਸਰੀਰਕ ਅਤੇ ਮਾਨਸਿਕ ਤੌਰ ਤੇ ਬਿਮਾਰ ਨਹੀਂ ਹੋ ਸਕਦਾ। ਆਪਣੇ ਕੰਮ ਤੋਂ ਇਲਾਵਾ ਮਾਪਿਆਂ ਨੂੰ,ਜੀਵਨ ਸਾਥੀ ਨੂੰ ਅਤੇ ਬੱਚਿਆਂ ਨੂੰ ਥੋੜ੍ਹਾ ਥੋੜ੍ਹਾ ਸਮਾਂ ਵੱਖਰੇ ਤੌਰ ਤੇ ਦਿੰਦੇ ਰਹਿਣ ਨਾਲ ਪਰਿਵਾਰ ਵਿੱਚ ਹਰ ਵਿਅਕਤੀ ਦੇ ਦਿਲ ਵਿੱਚ ਉਸ ਵਿਅਕਤੀ ਪ੍ਰਤੀ ਇੱਕ ਅਹਿਮ ਰੁਤਬਾ ਬਣਿਆ ਰਹਿੰਦਾ ਹੈ।

ਇਸ ਤਰ੍ਹਾਂ ਇਹ ਸਾਰੀਆਂ ਗੱਲਾਂ ਦਾ ਮਨੁੱਖ ਦੇ ਮਨ,ਸਰੀਰ ਅਤੇ ਦਿਮਾਗ ਉੱਪਰ ਗਹਿਰਾ ਪ੍ਰਭਾਵ ਪੈਂਦਾ ਹੈ। ਇਹਨਾਂ ਛੋਟੀਆਂ ਛੋਟੀਆਂ ਗੱਲਾਂ ਪ੍ਰਤੀ ਮਨੁੱਖ ਸੁਚੇਤ ਹੋ ਕੇ ਸਵੈ ਸੰਭਾਲ ਬਹੁਤ ਜਰੂਰੀ ਹੈ। " ਸਾਰੀਆਂ ਗੱਲਾਂ ਬਾਦ ਚ ਪਹਿਲਾਂ ਸਿਹਤ ਜਰੂਰੀ ਹੈ" ਦੇ ਸਿਧਾਂਤ ਨਾਲ ਆਪਣੇ ਆਪ ਦਾ ਧਿਆਨ ਰੱਖਣਾ ਚਾਹੀਦਾ ਹੈ।

**ਬਰਜਿੰਦਰ ਕੌਰ ਬਿਸਰਾਇਓ...**
9988901324

# ਨਿੱਜੀ ਜ਼ਿੰਦਗੀ ਵਿੱਚ ਸਮਝੌਤਾ

ਸਮਝੌਤਾ ਸਬਦ ਇੱਕ ਅਜਿਹਾ ਸਬਦ ਹੈ ਜੋ ਹਰ ਵਿਅਕਤੀ ਆਪਣੀ ਨਿੱਜੀ ਜ਼ਿੰਦਗੀ ਵਿੱਚ ਆਮ ਹੀ ਵਰਤਦਾ ਹੈ ਅਤੇ ਇਸ ਸਬਦ ਰਾਹੀਂ ਆਪਣੇ ਆਪ ਨੂੰ ਬਹੁਤ ਸਮਝਦਾਰ ਸਾਬਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਮਨੁੱਖ ਦੀ ਜਿ?ਦਗੀ ਵਿੱਚ ਕਈ ਅਜਿਹੇ ਮੋੜ ਜਾਂ ਮੌਕੇ ਆਉਂਦੇ ਹਨ ਜਦ ਉਹ ਕਿਸੇ ਨਾ ਕਿਸੇ ਗੱਲ ਨੂੰ ਲੈਕੇ ਸਮਝੌਤਾ ਕਰ ਰਿਹਾ ਹੁੰਦਾ ਹੈ। ਸਮਝੌਤਾ ਦੋ ਜਾਂ ਦੋ ਤੋਂ ਵੱਧ ਲੋਕਾਂ ਅਤੇ ਪਾਰਟੀਆਂ ਦੇ ਵਿਚਕਾਰ ਲਿਆ ਗਿਆ ਇੱਕ ਫੈਸਲਾ ਹੁੰਦਾ ਹੈ । ਇਸ ਲਈ ਸਮਝੌਤਾ ਦੋ ਧਿਰਾਂ ਦੀਆਂ ਇੱਛਾਵਾਂ ਦਾ ਪ੍ਰਗਟਾਵਾ ਹੁੰਦਾ ਹੈ ਜੋ ਪਾਰਟੀਆਂ ਦੁਆਰਾ ਆਪਸੀ ਲਾਭ ਲਈ ਸਤਿਕਾਰ ਕਰਨ ਅਤੇ ਲਾਗੂ ਕਰਨ ਲਈ ਹੁੰਦਾ ਹੈ ।ਉਸ ਲਈ ਕੁਝ ਨਿਯਮ ਬਣਾਏ ਜਾਂਦੇ ਹਨ। ਪਰ ਆਪਾਂ ਨਿੱਜੀ ਜੀਵਨ ਵਿੱਚ ਸਮਝੌਤੇ ਦੀ ਮਹੱਤਤਾ ਬਾਰੇ ਚਰਚਾ ਕਰਦੇ ਹਾਂ। ਨਿੱਜੀ ਜੀਵਨ ਵਿੱਚ ਸਮਝੌਤੇ ਲਈ ਕੋਈ ਨਿਯਮ ਨਹੀਂ ਬਣਾਏ ਜਾਂਦੇ ।ਇਹ ਤਾਂ ਇੱਕ ਵਿਅਕਤੀ ਦਾ ਦੂਜੇ ਵਿਅਕਤੀ ਨਾਲ ਕੋਈ ਰਿਸਤਾ ਨਿਭਾਉਣ ਦੀ ਇੱਛਾ ਸਵਰੂਪ ਆਪਣੀ ਕਿਸੇ ਆਦਤ,ਲੋੜ ਜਾਂ ਸੁਭਾਅ ਦੇ ਕਿਸੇ ਪੱਖ ਦਾ ਤਿਆਗ ਕਰਨਾ ਹੁੰਦਾ ਹੈ।

ਹਰ ਸਖਸ ਦੀ ਨਿੱਜੀ ਜ਼ਿੰਦਗੀ ਵਿੱਚ ਰਿਸਤਿਆਂ ਦੀ ਸੰਭਾਲ ਲਈ ਸਮਝੌਤਾ ਬਹੁਤ ਜਰੂਰੀ ਹੁੰਦਾ ਹੈ ।ਹਰ ਵਿਅਕਤੀ ਵੱਡੇ ਜਾਂ ਛੋਟੇ ਸਮਝੌਤਿਆਂ ਦੀ ਲੜੀ ਵਿੱਚੋਂ ਲੰਘਦਾ ਹੋਇਆ ਆਪਣੀ ਜ਼ਿੰਦਗੀ ਨੂੰ ਅਗਾਂਹ ਤੋਰਦਾ ਹੈ ।ਜੇ ਦੇਖਿਆ ਜਾਵੇ ਤਾਂ ਇਨਸਾਨ ਬਚਪਨ ਵਿੱਚ ਹੀ ਸਮਝੌਤਾ ਕਰਨਾ ਸਿੱਖ ਜਾਂਦਾ ਹੈ ਜਦੋਂ ਉਹਨੂੰ ਕੋਈ ਚੀਜ ਚੰਗੀ ਲੱਗਦੀ ਹੈ ਪਰ ਮਾਂ ਬਾਪ ਕਿਸੇ ਮਜਬੂਰੀ ਕਾਰਨ ਲੈ ਕੇ ਨਹੀਂ ਦੇ ਸਕਦੇ ਤਾਂ ਬੱਚਾ ਰੋ ਕੁਰਲਾ ਕੇ ਮਨ ਨਾਲ ਸਮਝੌਤਾ ਕਰਕੇ ਚੁੱਪ ਕਰ ਜਾਂਦਾ ਹੈ ।ਇਸੇ ਤਰ੍ਹਾਂ ਘਰ ਵਿੱਚ ਰਹਿੰਦੇ ਹੋਏ ਇਨਸਾਨ ਨੂੰ ਹਰ ਰਿਸਤੇ ਨੂੰ ਨਿਭਾਉਣ ਲਈ ਕਿਤੇ ਨਾ ਕਿਤੇ ਸਮਝੌਤਾ ਕਰਨਾ ਹੀ ਪੈਂਦਾ ਹੈ ।ਘਰ ਪਰਿਵਾਰ ਵਿੱਚ ਰਹਿੰਦਿਆਂ ਹੋਇਆਂ ਸਾਰੇ ਜੀਆਂ ਦੇ ਸੁਭਾਅ ਇੱਕੋ ਜਿਹੇ ਨਹੀਂ ਹੁੰਦੇ। ਕਿਸੇ ਦਾ ਸੁਭਾਅ ਨਰਮ ਤੇ ਕਿਸੇ ਦਾ ਗਰਮ ਹੁੰਦਾ ਹੈ , ਕਿਸੇ ਦਾ ਜਿ?ਦੀ ਤੇ ਕਿਸੇ ਦਾ ਅੜੀਅਲ ਹੁੰਦਾ ਹੈ, ਕਿਸੇ ਦਾ ਸਹਿਜਤਾ ਵਾਲਾ ਅਤੇ ਸਹਿਯੋਗ ਭਰਪੂਰ ਸੁਭਾਅ ਹੁੰਦਾ ਹੈ। ਫਿਰ ਵੀ ਸਭ ਦੇ ਵਖਰੇਵੀਂ ਸੋਚ ਵਾਲੇ ਸੁਭਾਅ ਹੋਣ ਦੇ ਬਾਵਜੂਦ ਵੀ ਸਾਰਾ ਪਰਿਵਾਰ ਇੱਕ ਛੱਤ ਹੇਠਾਂ ਇੱਕਠੇ ਰਹਿਣ ਦਾ ਜਤਨ ਕਰਦਾ ਹੈ ।ਇਹ ਸਭ ਹਰ ਇੱਕ ਜੀਅ ਦੇ ਕਿਸੇ ਨਾ ਕਿਸੇ ਸਮਝੌਤੇ ਕਾਰਨ ਹੀ ਸੰਭਵ ਹੋ ਸਕਦਾ ਹੈ।

ਆਪਣੀ ਨਿੱਜੀ ਜ਼ਿੰਦਗੀ ਵਿੱਚ ਸਮਝੌਤਾ ਕਰਨਾ ਕੋਈ ਮਾੜੀ ਗੱਲ ਨਹੀਂ ਹੁੰਦੀ। ਜੇ ਪਰਿਵਾਰ ਨੂੰ ਸੰਗਠਿਤ ਰੱਖਣ ਲਈ ਸਮਝੌਤਾ ਕੀਤਾ ਗਿਆ ਹੋਵੇ ਤਾਂ ਉਹ ਇੱਕ ਵਰਦਾਨ ਸਾਬਤ ਹੋਵੇਗਾ। ਪਤੀ-ਪਤਨੀ,ਮਾਪੇ ਅਤੇ ਬੱਚੇ, ਸੱਸ-ਨੂੰਹ ,ਪਿਓ-ਪੁੱਤ ਅਦਿਕ ਰਿਸਤੇ ਬਹੁਤ ਅਨਮੋਲ ਰਿਸਤੇ ਹੁੰਦੇ ਹਨ। ਇਹਨਾਂ ਰਿਸਤਿਆਂ ਵਿੱਚ ਜੇ ਪਿਆਰ ਹੋਵੇ ਤਾਂ ਉਸ ਤੋਂ ਵੱਡਾ ਕੋਈ ਸਵਰਗ ਨਹੀਂ ਹੁੰਦਾ ਪਰ ਜੇ ਇਹਨਾਂ ਰਿਸਤਿਆਂ ਵਿੱਚ ਕੜਵਾਹਟ ਪੈਦਾ ਹੋ ਜਾਵੇ ਤਾਂ ਸਭ ਦੀ ਜਿ?ਦਗੀ ਨਰਕ ਸਮਾਨ ਹੋ ਜਾਂਦੀ ਹੈ। ਇਹਨਾਂ ਰਿਸਤਿਆਂ ਵਿੱਚ ਵਿਚਰਦਿਆਂ ਜੇ ਕੋਈ ਸਮਝੌਤਾ ਕਰਕੇ ਪਰਿਵਾਰ ਵਿੱਚ ਖੁਸੀ ਤੇ ਪਿਆਰ ਕਾਇਮ ਹੁੰਦਾ ਹੋਵੇ ਤਾਂ ਛੋਟੇ ਮੋਟੇ ਸਮਝੌਤੇ ਕਰਨ ਦਾ ਕੀ ਹਰਜ ਹੈ। ਸਮਝੌਤਾ ਕਰਨ ਲਈ ਮਨੁੱਖ ਨੂੰ ਆਪਣੇ ਅੰਦਰ ਸਕਾਰਾਤਮਕ ਸੋਚ ਪੈਦਾ ਕਰਨੀ ਪੈਂਦੀ ਹੈ, ਹਉਮੈ ਤੇ ਅਹੰਕਾਰ ਦੀ ਭਾਵਨਾ ਨੂੰ ਤਿਆਗਣਾ ਪੈਂਦਾ ਹੈ। ਸਮਝੌਤਾ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਨਾ ਪੈਂਦਾ ਹੈ। ਕਈ ਲੋਕ ਜ਼ਿੰਦਗੀ ਵਿੱਚ ਆਪਣੇ ਕਿਸੇ ਵੀ ਰਿਸਤੇ ਨਾਲ ਸਮਝੌਤਾ ਕਰਕੇ ਸਾਰੀ ਦੁਨੀਆਂ ਵਿੱਚ ਡੌਂਡੀ ਪਿੱਟਦੇ ਫਿਰਦੇ ਹਨ ਕਿ ਮੈਂ ਜ਼ਿੰਦਗੀ ਵਿੱਚ ਬਹੁਤ ਸਮਝੌਤੇ ਕੀਤੇ ਹਨ। ਫਿਰ ਆਪਣੇ ਉਸ ਰਿਸਤੇ ਪ੍ਰਤੀ ਸਹਾਨੁਭੂਤੀ ਲੈਣ ਦੀ ਕੋਸ਼ਿਸ਼ ਕਰਦੇ ਹਨ ।ਜੇ ਸਮਝੌਤਾ ਕਰ ਹੀ ਲਿਆ ਹੈ ਤਾਂ ਉਸ ਬਾਰੇ ਰੌਲਾ ਪਾ ਕੇ ਦੁਨੀਆਂ ਦੀ ਹਮਦਰਦੀ ਹਾਸਲ ਕਰਕੇ ਆਪਣੇ ਆਪ ਨੂੰ ਛੋਟਾ ਨਾ ਕੀਤਾ ਜਾਵੇ ।ਜੇ ਤੁਸੀਂ ਕਦਮ ਕਦਮ ਤੇ ਸਮਝੌਤੇ ਕਰਕੇ ਪਰਿਵਾਰ ਰੂਪੀ ਬੇੜੀ ਨੂੰ ਸਹੀ ਸਲਾਮਤ ਚਲਾ ਰਹੇ ਹੁੰਦੇ ਹੋ ਤਾਂ ਤੁਸੀਂ ਆਪਣੇ ਆਪ ਨੂੰ ਇੱਕ ਚੰਗੇ ਮਲਾਹ ਸਮਝੋ। ਤੁਸੀਂ ਤਾਂ ਪਹਿਲਾਂ ਹੀ ਬਹੁਤ ਵਧੀਆ ਅਤੇ ਬਹਾਦਰ ਇਨਸਾਨ ਹੁੰਦੇ ਹੋ। ਕਿਸੇ ਦੇ ਮੂੰਹੋਂ ਤਾਰੀਫ ਕਰਵਾਕੇ ਕੋਈ ਪ੍ਰਸੰਸਾ ਪੱਤਰ ਲੈਣ ਦੀ ਲੋੜ ਨਹੀਂ ਹੁੰਦੀ। ਜਿਹੜਾ ਵਿਅਕਤੀ ਆਪਣੇ ਪਰਿਵਾਰ ਵਿਚਲੇ ਕਿਸੇ ਵੀ ਰਿਸਤੇ ਨਾਲ ਬਹਿਸਬਾਜੀ ਜਾਂ ਲੜਾਈ ਝਗੜੇ ਦੀ ਥਾਂ ਸਮਝੌਤਾ ਕਰਕੇ ਆਪਣੀ ਅਤੇ ਬਾਕੀ ਸਭ ਦੀ ਜ਼ਿੰਦਗੀ ਖੁਸਹਾਲ ਬਣਾਉਂਦਾ ਹੈ ਉਹ ਬਹੁਤ ਮਹਾਨ ਇਨਸਾਨ ਹੁੰਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
9988901324

# ਔਰਤਾਂ ਵਿਰੁੱਧ ਜਿਨਸੀ ਅਪਰਾਧ

ਹਾਲ ਹੀ ਵਿੱਚ ਉਤਰਾਖੰਡ ਦੇ ਪੌੜੀ ਜਿ ?ਲ੍ਹੇ ਦੇ ਇੱਕ ਰਿਜੌਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ ਨਹਿਰ ਚੋਂ ਮਿਲੀ। ਰਿਜੌਰਟ ਵਿੱਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜੌਰਟ ਮਾਲਕ ਦੇ ਨਾਲ ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲੀਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ ਮੁਜਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸਰੀਰ ਤੇ ਕੁੱਟਮਾਰ ਦੇ ਨਿਸਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਝਾਰਖੰਡ ਦੇ ਦੁਮਕਾ ਜਿ ?ਲ੍ਹੇ ਵਿਚ ਬਾਰਵੀਂ ਕਲਾਸ ਦੀ ਵਿਦਿਆਰਥਣ ਨੂੰ ਉਸ ਦੇ ਹੀ ਮੁਹੱਲੇ ਦੇ ਨੌਜਵਾਨਾਂ ਵੱਲੋਂ ਪੈਟਰੋਲ ਛਿੜਕ ਕੇ ਅੱਗ ਲਗਾ ਦੇਣਾ ਬਹੁਤ ਮੰਦਭਾਗੀ ਘਟਨਾ ਹੈ। ਪੀੜਤ ਦੇ ਮੁਹੱਲੇ ਦਾ ਮੁੰਡਾ ਉਸ ਨੂੰ ਵਿਆਹ ਲਈ ਬਾਰ-ਬਾਰ ਤੰਗ ਕਰ ਰਿਹਾ ਸੀ। ਕਿਉਂਕਿ ਉਹ ਦੋਸੀ ਉਸ ਕੁੜੀ ਨੂੰ ਪਿਆਰ ਕਰਦਾ ਸੀ ਤੇ ਕੁੜੀ ਨੇ ਹਾਮੀ ਨਹੀਂ ਭਰੀ ਸੀ। ਜਿਸ ਕਰਕੇ ਉਸ ਨੇ ਕੁੜੀ ਨੂੰ ਜਿਉਂਦੇ ਜੀਅ ਸਾੜ ਦਿੱਤਾ। ਜਖਮਾਂ ਦਾ ਦਰਦ ਨਾ ਸਹਿੰਦੀ ਹੋਈ ਕੁੜੀ ਨੇ ਦਮ ਤੋੜ ਦਿੱਤਾ। ਹਾਲਾਂ ਕਿ ਦੋਸੀ ਪੁਲਿਸ ਦੀ ਗ੍ਰਿਫਤ ਵਿੱਚ ਹੈ। ਇਲਾਕੇ ਵਿਚ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਵੱਲੋਂ ਦੋਸੀ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾ ਰਹੀ ਹੈ। ਧਰਨੇ ਮੁਜਹਾਰੇ ਲਗਾਏ ਜਾ ਰਹੇ ਹਨ। ਹਰ ਰੋਜ ਪਤਾ ਨਹੀਂ ਕਿੰਨੀਆਂ ਹੀ ਦੇਸ ਵਿਚ ਔਰਤਾਂ ਨਾਲ ਜਬਰ ਜਨਾਹ ਹੁੰਦਾ ਹੈ। ਘਰੇਲੂ ਹਿੰਸਾ ਦਾ ਸਿ ?ਕਾਰ ਔਰਤਾਂ ਲਗਾਤਾਰ ਹੋ ਰਹੀਆਂ ਹਨ।

7ਸਾਲ ,3 ਮਹੀਨੇ, 8 ਦਿਨ ਬਾਅਦ ਆਖਿਰ ਨਿਰਭਿਆ ਦੇ ਮਾਤਾ ਪਿਤਾ ਨੂੰ ਇਨਸਾਫ ਮਿਲਿਆ ਸੀ ।ਦੋਸ਼ੀਆਂ ਨੂੰ ਸਵੇਰੇ 5:30 ਵਜੇ ਫਾਂਸੀ ਦੇ ਦਿੱਤੀ ਗਈ। ਤਿਹਾੜ ਜੇਲ ਦੇ ਬਾਹਰ ਜਸ਼ਨ ਦਾ ਮਾਹੌਲ ਸੀ। ਲੋਕਾਂ ਨੇ ਇੱਕ ਦੂਜੇ ਨੂੰ ਮਠਿਆਈ ਵੰਡ ਕੇ ਖੁਸੀ ਮਨਾਈ ।ਅਜਿਹੇ ਦੋਸ਼ੀ ਜੋ ਆਪਣਾ ਕੇਸ ਵਕੀਲਾਂ ਕੋਲ ਲੈ ਕੇ ਜਾਂਦੇ ਹਨ ,ਉਨ੍ਹਾਂ ਵਕੀਲਾਂ ਨੂੰ ਅਜਿਹੇ ਕੇਸ ਨਹੀਂ ਫੜਨੇ ਚਾਹੀਦੇ। ਜੋ ਵੀ ਵਕੀਲ ਅਜਿਹੇ ਕੇਸ ਫੜਦਾ ਹੈ ਉਸ ਦੀ ਬਾਰ ਕੌਂਸਲ ਰਜਿਸਟ੍ਰੇਸਨ ਤੁਰੰਤ ਕੈਂਸਲ ਕਰੇ ।ਅਜਿਹੇ ਬਲਾਤਕਾਰ, ਗੈਂਗਰੇਪ ,ਤੇਜਾਬੀ ਹਮਲੇ ਦੇ ਪੀੜਤ ਪਰਿਵਾਰਾਂ ਨੂੰ ਛੇ ਮਹੀਨੇ ਦੇ ਅੰਦਰ ਅੰਦਰ ਇਨਸਾਫ਼ ਮਿਲਣਾ ਚਾਹੀਦਾ ਹੈ ।ਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਛੇ ਮਹੀਨੇ ਦੇ ਅੰਦਰ ਅੰਦਰ ਹੋ ਜਾਣੀ ਚਾਹੀਦੀ ਹੈ ।ਫਾਸਟ ਟਰੈਕ ਅਦਾਲਤਾਂ ਵਿੱਚ ਅਜਿਹੇ ਕੇਸਾਂ ਦੀ ਸੁਣਵਾਈ ਹੋਣੀ ਚਾਹੀਦੀ ਹੈ ।ਤੇਲੰਗਾਨਾ ਵਿੱਚ ਵੀ ਵੈਟਨਰੀ ਡਾਕਟਰ ਨੂੰ ਵੀ ਜਾਲਮਾਂ ਨੇ ਜਿਉਂਦੇ ਜੀਅ ਸਾੜ ਦਿੱਤਾ ਸੀ। ਉੱਥੋਂ ਦੇ ਪੁਲਿਸ ਕਮਿਸਨਰ ਨੇ ਐਨਕਾਉਂਟਰ ਵਿੱਚ ਦੋਸੀ ਮਾਰ ਦਿੱਤੇ ।ਪੁਲਿਸ ਕਮਿਸਨਰ ਦਾ ਸਲਾਘਾ ਕਦਮ ਸੀ।

ਮਾਂ ਬਾਪ ਦੀ ਜਿ ?ਿਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾ ਕੀਮਤਾ ਬਾਰੇ ਜਾਣੂ ਕਰਵਾਉਣ। ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀ ਚਾਹੀਦੀਆਂ ਹਨ। ਦਰਅਸਲ ਅੱਜਕਲ੍ਹ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜਕਲ ਦੇ ਬੱਚੇ ਗਲਤ ਕਦਮ ਜਲਦੀ ਚੁੱਕਦੇ ਹਨ। ਮਾ ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ ।ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿੱਚ ਇੱਕ ਗਰਭਵਤੀ ਔਰਤ ਨਾਲ ਜਬਰ ਜਨਾਹ ਕਰਨ , ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ। ਤੇ ਉਥੋਂ ਦੀ ਸਰਕਾਰ ਨੇ ਇਸ ਸਾਲ ਆਜਾਦੀ ਦਿਵਸ ਤੇ ਅਜਿਹੇ ਦੋਸੀਆਂ ਨੂੰ ਰਿਹਾ ਕਰ ਦਿੱਤਾ ,ਜੋ ਕਿ ਮੰਦਭਾਗੀ ਘਟਨਾ ਹੈ। ਦੋਸੀਆਂ ਦੇ ਹੌਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਹਨਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਵੀ ਉਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਹੈ । ਇਹ ਬਿਲਕੁਲ ਗਲਤ ਹੈ ।ਝਾਰਖੰਡ ਸਰਕਾਰ ਨੂੰ ਪੀੜਤ ਪਰਿਵਾਰ ਨੂੰ ਬਣਦਾ ਮੁਆਵਜਾ ਅਤੇ ਸੁਰੱਖਿਆ ਮੁਹੱਈਆ ਕਰਵਾਉਣੀ ਚਾਹੀਦੀ ਹੈ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜਿ ?ਿਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਣੀ ਹੈ। ਅੱਜ ਦੇਸ ਦੇ ਅਹਿਮ ਅਹੁਦਿਆਂ ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸਟਰਪਤੀ ਦੇ ਅਹਿਮ ਮੁੱਦੇ ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿੱਚ ਨਾਰੀਆਂ ਹਨ। ਪ੍ਰਸਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ? ਕਿਉਂ ਜੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸੀਆਂ ਨੂੰ ਰਿਹਾ ਕਰ ਦਿੱਤਾ ਜਾਂਦਾ ਹੈ ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸਿ ?ਤ ਹੁੰਦਾ ਹੈ ਤਾਂ ਸਿਖਰਲੀ ਪੁਜੀਸਨਾਂ ਤੇ ਕੁੜੀਆਂ ਹੀ ਬਾਜੀ ਮਾਰਦੀਆਂ ਹਨ। ਕੁੜੀਆਂ ਮਾਂ ਬਾਪ ਦਾ ਬਹੁਤ ਧਿਆਨ ਰੱਖਦੀਆਂ ਹਨ। ਸੂਬਾ ਸਰਕਾਰਾਂ ਨੂੰ ਕੁੜੀਆਂ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਕਦਮ ਚੁੱਕਣੇ ਚਾਹੀਦੇ ਹਨ। ਅਜਿਹਾ ਕੋਈ ਵੀ ਦੋਸੀ ਹੁੰਦਾ ਹੈ ਜਾਂ ਉਹ ਅਜਿਹੀ ਘਿਨੌਣੀ ਹਰਕਤ ਕਰਦਾ ਹੈ ਤਾਂ ਉਸ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਤਾਂ ਜੋ ਹੋਰਾਂ ਨੂੰ ਵੀ ਕੰਨ ਹੋ ਜਾਣ। ਨਿਆਂ ਪ੍ਰਣਾਲੀ ਵਿੱਚ ਸੁਧਾਰ ਹੋਣਾ ਚਾਹੀਦਾ ਹੈ। ਜੋ ਵੀ ਅਜਿਹੀ ਵਾਰਦਾਤ ਨੂੰ ਅੰਜਾਮ ਦਿੰਦੇ ਹਨ ਜਲਦੀ ਤੋਂ ਜਲਦੀ ਫਾਸਟ ਟਰੈਕ ਵਿੱਚ ਅਜਿਹੇ ਕੇਸ ਲਗਾ ਕੇ ਫਾਂਸੀ ਦੀ ਸਜਾ ਸੁਣਾਈ ਜਾਣੀ ਚਾਹੀਦੀ ਹੈ ।ਅਜਿਹੇ ਅਪਰਾਧ ਰੋਕਣ ਲਈ ਸਮਾਜ ਵਿੱਚ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ,**
**ਮੁਹਾਲੀ** 7888966168

# ਲੁੱਟ ਖੋਹ (ਮਿੰਨੀ ਕਹਾਣੀ)



ਹਰਮਨ ਸਕੂਲੇ ਪੜ੍ਹਦਾ ਪੜ੍ਹਦਾ ਹੀ ਬੁਰੀ ਸੰਗਤ ਵਿੱਚ ਪੈ ਗਿਆ ਸੀ। ਉਸ ਦੀ ਉੱਠਣੀ ਬੈਠਣੀ ਮਾੜੇ ਮੁੰਡਿਆਂ ਨਾਲ ਹੀ ਸੀ। ਉਹਨਾਂ ਦੀ ਸੰਗਤ ਵਿੱਚ ਉਹ ਨਸੇ ਕਰਨ ਲੱਗ ਪਿਆ ਸੀ। ਪਹਿਲਾਂ ਪਹਿਲ ਸੌਕ ਸੌਕ ਵਿੱਚ ਸਵਾਦ ਦੇਖਦਾ ਦੇਖਦਾ ਚਹੁੰ ਕੁ ਸਾਲਾਂ ਵਿੱਚ ਹੀ ਚੰਗਾ ਮੋਟਾ ਨਸਾ ਕਰਨ ਲੱਗ ਪਿਆ ਸੀ। ਪਹਿਲਾਂ ਪਹਿਲ ਤਾਂ ਮਾਪਿਆਂ ਨੂੰ ਪਤਾ ਨਹੀਂ ਸੀ,ਜਦ ਤੱਕ ਪਤਾ ਲੱਗਿਆ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ।ਉਸ ਤੋਂ ਬਾਅਦ ਤਾਂ ਮਾਪਿਆਂ ਨੇ ਉਸ ਦਾ ਨਸਾ ਛੁਡਵਾਉਣ ਲਈ ਪਤਾ ਨਹੀਂ ਕਿੰਨੇ ਕੁ ਹੱਥਕੰਡੇ ਅਪਣਾਏ ਪਰ ਸਭ ਵਿਅਰਥ ਰਿਹਾ। ਅਗਾਂਹ ਤਾਂ ਉਸ ਨੇ ਕੀ ਪੜ੍ਹਨਾ ਸੀ ਬਾਰ੍ਹਵੀਂ ਮਸਾਂ ਨਕਲ ਮਾਰ ਕੇ ਪਾਸ ਕੀਤੀ ਸੀ। ਮਾਪਿਆਂ ਨੇ ਤਾਂ ਉਸ ਨੂੰ ਕਾਲਜ ਲਾਇਆ ਸੀ ,ਦੋ ਤਿੰਨ ਸਾਲ ਧੱਕੇ ਖਾ ਕੇ ਹਟ ਗਿਆ ਸੀ। ਵੱਡੀ ਭੈਣ ਵੀ ਨੇੜਲੇ ਪਿੰਡ ਵਿਆਹੀ ਗਈ ਸੀ। ਉਹ ਵੀ ਉਸ ਨੂੰ ਬਹੁਤ ਸਮਝਾਉਂਦੀ ਸੀ ਪਰ ਹਰਮਨ ਹੁਣ ਕਿਸੇ ਦੀ ਵੀ ਨਹੀਂ ਸੁਣਦਾ ਸੀ।

ਹਰਮਨ ਦੇ ਪਿਤਾ ਕੋਲ ਚਾਹੇ ਥੋੜ੍ਹੀ ਜਮੀਨ ਸੀ,ਪਰ ਪਹਿਲਾਂ ਗੁਜਾਰਾ ਬਹੁਤ ਸੋਹਣਾ ਹੁੰਦਾ ਸੀ ।ਹੌਲੀ ਹੌਲੀ ਹਰਮਨ ਦੀ ਦਿਨ ਬ ਦਿਨ ਵਧਦੀ ਨਸੇ ਦੀ ਲਲਕ ਨੇ ਘਰ ਅਤੇ ਮਾਪੇ ਜਮ੍ਹਾਂ ਰੋਲ ਕੇ ਰੱਖ ਦਿੱਤੇ ਸਨ। ਮਾਪਿਆਂ ਨੇ ਉਸ ਦਾ ਖਰਚਾ ਪਾਣੀ ਬੰਦ ਕਰ ਦਿੱਤਾ। ਉਹ ਸੋਚਦੇ ਸਨ ਕਿ ਜਦ ਉਹ ਪੈਸੇ ਨਹੀਂ ਦੇਣਗੇ ਤਾਂ ਨਸੇ ਕਿੱਥੋਂ ਖਰੀਦੇਗਾ ? ਪਰ ਜਿਸ ਨੂੰ ਇਹ ਕੋਹੜ ਲੱਗ ਜਾਵੇ ਉਹ ਕਿਵੇਂ ਦੂਰ ਹੋ ਸਕਦਾ ਹੈ।

ਆਪਣੇ ਨਸਿ ?ਆਂ ਦੀ ਪੂਰਤੀ ਲਈ ਉਹ ਆਪਣੇ ਨਸੇੜੀ ਦੋਸਤਾਂ ਨਾਲ ਪਹਿਲਾਂ ਨਿੱਕੀਆਂ ਮੋਟੀਆਂ ਚੋਰੀਆਂ ਕਰਨ ਲੱਗ ਪਿਆ। ਕਿਸੇ ਦੇ ਖੇਤਾਂ ਵਿੱਚੋਂ ਮੋਟਰ ਲਾਹ ਕੇ ਜਾਂ ਕੋਈ ਹੋਰ ਛੋਟਾ ਮੋਟਾ ਸਮਾਨ ਚੁੱਕ ਕੇ ਵੇਚ ਦੇਣਾ। ਪਰ ਹੁਣ ਸੁਣਨ ਵਿੱਚ ਆਇਆ ਸੀ ਕਿ ਉਹ ਦਾਅ ਲੱਗਦੇ ਲੁੱਟਾਂ ਖੋਹਾਂ ਕਰਨ ਲੱਗ ਪਿਆ ਸੀ। ਸੁੰਨਿਆਂ ਰਾਹਾਂ ਤੇ ਕਿਸੇ ਇਕੱਲੇ ਰਾਹੀ ਦਾ ਬਟੂਆ ਖੋਹ ਲੈਣਾ, ਕਿਸੇ ਦੇ ਸੋਨੇ ਦੇ ਗਹਿਣੇ ਜਿਵੇਂ ਛਾਪਾਂ ਛੱਲੇ ਪਾਏ ਹੋਏ ਲੋਕਾਂ ਦੇ ਲਹਾ ਲੈਣੇ, ਕਿਸੇ ਦੀ ਚੈਨ ਖਿੱਚ ਲੈਣੀ। ਹੁਣ ਇਹਨਾਂ ਅੱਠ ਦਸ ਨਸੇੜੀਆਂ ਦਾ ਲੁੱਟਾਂ ਖੋਹਾਂ ਕਰਨ ਵਾਲਿਆਂ ਦਾ ਇੱਕ ਵੱਡਾ ਗਰੁੱਪ ਬਣਾ ਗਿਆ ਸੀ। ਇੱਕ ਹਨੇਰੀ ਸਾਮ ਨੂੰ ਹਰਮਨ ਦੇ ਸਾਰੇ ਨਸੇੜੀ ਦੋਸਤ ਸੜਕ ਦੇ ਕਿਨਾਰੇ ਝਾੜੀਆਂ ਵਿੱਚ ਲੁੱਟ ਖੋਹ ਕਰਨ ਲਈ ਘਾਤ ਲਗਾ ਕੇ ਬੈਠੇ ਸਨ। ਸਹਿਰ ਵੱਲੋਂ ਇੱਕ ਪਤੀ - ਪਤਨੀ ਦਾ ਜੋੜਾ ਆ ਰਿਹਾ ਸੀ। ਇਹਨਾਂ ਸਾਰਿਆਂ ਦੇ ਮੂੰਹ ਢਕੇ ਹੋਏ ਸਨ। ਉਹਨਾਂ ਵਿੱਚੋਂ ਚਾਰ ਪੰਜ ਜਾਣੇ ਉਸ ਜੋੜੇ ਵਿੱਚੋਂ ਪਤਨੀ ਨੂੰ ਖਿੱਚ ਕੇ ਖੇਤਾਂ ਵਿੱਚ ਲੈ ਗਏ ਉਸ ਦੇ ਗਹਿਣੇ ਉਤਰਵਾ ਲਏ ਤੇ ਉਸ ਦੇ ਵਿਰੋਧ ਕਰਨ ਤੇ ਉਸ ਨਾਲ ਜਬਰ ਜ਼ਿਨਾਹ ਕਰਕੇ ਉਸ ਨੂੰ ਜਾਨੋਂ ਮਾਰ ਦਿੱਤਾ। ਪਤੀ ਦੇ ਵੀ ਬਟੂਆ ਖੋਹ ਕੇ ਤੇ ਛਾਪ ਤੇ ਕੜਾ ਲਾਹ ਕੇ ਉਸਨੂੰ ਅੱਧਮਰੀ ਹਾਲਤ ਵਿੱਚ ਸੁੱਟ ਗਏ। ਹਰਮਨ ਅਤੇ ਉਸ ਦੇ ਕੁਝ ਸਾਥੀ ਦੂਜੇ ਪਾਸੇ ਵਾਰਦਾਤਾਂ ਕਰਨ ਗਏ ਹੋਏ ਸਨ। ਅੱਧੀ ਰਾਤ ਨੂੰ ਸਾਰੇ ਨਸੇੜੀ ਇਕੱਠੇ ਹੋਏ ਤੇ ਬਹੁਤ ਖੁਸ ਸਨ ਕਿਉਂਕਿ ਅੱਜ ਉਸ ਜੋੜੇ ਕੋਲੋਂ ਵੀਹ ਪੱਚੀ ਹਜਾਰ ਨਕਦੀ ਤੇ ਕਾਫੀ ਸਾਰੇ ਗਹਿਣੇ ਹੱਥ ਲੱਗ ਗਏ ਸਨ। ਸਾਰਿਆਂ ਨੇ ਰਲ ਕੇ ਜਸਨ ਮਨਾਇਆ ਤੇ ਰੱਜ ਕੇ ਨਸਾ ਕੀਤਾ। ਜਦ ਅਗਲੀ ਦੁਪਹਿਰ ਤੱਕ ਨਸਾ ਉਤਰਿਆ ਤਾਂ ਹਰਮਨ ਦੇ ਘਰੋਂ ਬਹੁਤ ਸਾਰੇ ਫੋਨ ਆਏ ਹੋਏ ਸਨ। ਉਹ ਦੇਖ ਕੇ ਹੈਰਾਨ ਸੀ ਕਿ ਉਸ ਦੇ ਘਰਦਿਆਂ ਨੇ ਤਾਂ ਉਸ ਦਾ ਖਹਿੜਾ ਹੀ ਛੱਡਿਆ ਹੋਇਆ ਹੈ ਫਿਰ ਅਚਾਨਕ ਘਰੋਂ ਐਨੇ ਫੋਨ ਕਿਵੇਂ ਆ ਗਏ ਸਨ। ਉਸ ਨੇ ਮਾਂ ਨੂੰ ਫੋਨ ਲਾਇਆ ਤਾਂ ਪਿੱਛੋਂ ਰੋਣ ਕਰਲਾਉਣ ਦੀਆਂ ਅਵਾਜਾਂ ਆ ਰਹੀਆਂ ਸਨ, ਫੋਨ ਗੁਆਂਢਣ ਨੇ ਚੁੱਕਿਆ ਤੇ ਕਿਹਾ,"ਹਰਮਨ ਪੁੱਤ, ਤੁਹਾਡੇ ਨਾਲ ਤਾਂ ਕਹਿਰ ਹੋ ਗਿਆ..... ਰਾਤ ਤੇਰੀ ਭੈਣ ਤੇ ਭਣੋਈਏ ਨਾਲ ਲੁੱਟ ਖੋਹ ਦੀ ਵਾਰਦਾਤ ਹੋ ਗਈ....... ਤੇਰੀ ਭੈਣ ਦੀ ਇੱਜਤ ਲੁੱਟ ਕੇ ........ਜਾਲਮ... ਓਹਦਾ ਕਤਲ ਕਰ ਗਏ........ਜਵਾਈ ਦਾ ਵੀ........ਕੋਈ ਪਤਾ ਨੀ ਬਚੂ ਕਿ ਨਹੀਂ।" ਉਹ ਸੁੰਨ ਹੋਇਆ ਖੜ੍ਹਾ ਖੜ੍ਹਾ ਉੱਥੇ ਹੀ ਜਮੀਨ ਉੱਤੇ ਡਿੱਗ ਪਿਆ।

**ਬਰਜਿੰਦਰ ਕੌਰ ਬਿਸਰਾਓ...**
9988901324

# ਮਿੰਨੀ ਕਹਾਣੀ ਰੂੰਗਾਂ

"ਮੈਂ ਕਿਹਾ ਜੀ ਬਜਾਰ ਗਏ ਤਾਂ ਆਪਣੇ ਕਾਕੇ ਵਾਸਤੇ ਕੁਝ ਨਾ ਕੁਝ ਖਾਣ ਨੂੰ ਲੈ ਆਇਓ, ਅੱਜ ਸਕੂਲੇ ਨੀ ਸੀ ਜਾਂਦਾ, ਕਹਿੰਦਾ ਚੀਜੀ ਖਾਣੀ ਆ, ਮੇਰੇ ਕੋਲ ਪੈਸੇ ਹੈ ਨੀ ਸੀ। ਰੋਂਦਾ ਰੋਂਦਾ ਉਵੇਂ ਹੀ ਤੁਰ ਗਿਆ। ਨਹੀਂ ਤਾਂ ਆ ਕੇ ਫੇਰ ਲਿਟੂਗਾ" । ਬਜਾਰ ਜਾਣ ਲਈ ਤਿਆਰ ਹੋਏ ਮੰਗਲ ਨੂੰ ਉਸ ਦੀ ਵਹੁਟੀ ਬੰਸੋ ਨੇ ਅਵਾਜ ਮਾਰ ਕੇ ਕਿਹਾ। ਜਿਸ ਦੇ ਬੋਲਾਂ ਵਿੱਚ ਤਰਲਾ ਤੇ ਮਾਸੂਮ ਦੀ ਲੁਕੀ ਹੋਈ ਖ੍ਹਾਸ ਨਜਰੀਂ ਆਉਂਦੀ ਸੀ। ਮੰਗਲ ਨੇ ਕਿਹਾ "ਹਾਂ ਹਾਂ ਮੈਂ ਬਜਾਰ ਚੱਲਿਆ ਜੇ ਪੈਸੇ ਬਚ ਗਏ ਤਾਂ ਜਰੂਰ ਲੈ ਕੇ ਆਵਾਂਗਾ," ਕਿਉਂ ਕਿ ਘਰ ਰਾਸਨ ਮੁੱਕੇ ਨੂੰ ਵੀ ਕਿੰਨੇ ਦਿਨ ਹੋ ਗਏ ਸਨ। ਥੋੜਾ ਬਹੁਤਾ ਸੌਦਾ ਗੁਆਂਢੋਂ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਤੋਂ ਲੈ ਕੇ ਡੰਗ ਸਾਰ ਲੈਂਦੇ ਸੀ। ਅੱਜ ਮੰਗਲ ਨੂੰ ਸਹਿਰੋਂ ਮਜਦੂਰੀ ਦੇ ਹਿਸਾਬ ਨਾਲ ਪੈਸੇ ਮਿਲੇ ਸਨ। ਉਸ ਨੇ ਸੋਚਿਆ ਕਿ ਬਜਾਰੋਂ ਘਰ ਦਾ ਸੌਦਾ ਪੱਤਾ ਈ ਲੈ ਆਈਏ। ਖਾਣ ਨੂੰ ਤਾਂ ਢਿੱਡ ਮੰਗਦਾ ਹੀ ਹੈ, ਕੰਮ ਚੱਲੇ ਜਾਂ ਨਾ ਚੱਲੇ। ਮਹਿੰਗਾਈ ਦੇ ਹਿਸਾਬ ਨਾਲ ਸੌਦਾ ਜਿ ?ਆਦਾ ਹੋ ਗਿਆ ਪੈਸੇ ਘੱਟ ਗਏ, ਦੁਕਾਨ ਵਾਲੇ ਨੇ ਸੌਦਾ ਘੱਟ ਕਰਨ ਲਈ ਕਿਹਾ, ਚੱਲੋ ਘਾਟਾ ਵਾਧਾ ਪੂਰਾ ਹੋ ਗਿਆ। ਹੁਣ ਜੁਆਕ ਦੀ ਚੀਜੀ ਬਾਰੇ ਯਾਦ ਆਇਆ, ਤਾਂ ਉਸ ਨੇ ਦੁਕਾਨਦਾਰ ਨੂੰ ਕਿਹਾ,"ਸੇਠਾ ਹੁਣ ਰੂੰਗਾਂ ਤਾਂ ਦੇ ਦੇਹਿ," ਸੇਠ ਨੇ ਕਿਹਾ"ਮਹਿੰਗਾਈ ਜਿ ?ਆਦਾ ਹੋਣ ਕਰਕੇ ਹੁਣ ਰੂੰਗੇਂ ਰਾਗੇਂ ਨਹੀਂ ਦਿੰਦੇ ਚੱਲੋ......" ਤੇ ਨਾਲੇ ਲਿਫਾਫੇ ਵਿੱਚ ਲੂਣ ਵਾਲੀਆਂ ਪਕੌੜੀਆਂ ਪਾ ਕੇ ਫੜਾਉਂਦੇ ਹੋਏ ਸੇਠ ਨੇ ਐਨਕਾਂ ਉੱਪਰ ਦੀ ਝਾਕਦੇ ਹੋਏ ਨੇ ਕਿਹਾ। ਝੋਲੇ ਵਿੱਚ ਕਾਕੇ ਦੀ ਚੀਜੀ ਵਾਲਾ ਲਿਫਾਫਾ ਪਾ ਮੰਗਲ ਸੌਦੇ ਨਾਲੋਂ ਰੂੰਗੇਂ ਤੇ ਜਿਆਦਾ ਖੁਸ ਸੀ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ**
**94658-21417**

# ਸੋਚ



**ਬੀ ਡੀ ਸ਼ਰਮਾ**
**ਡਿਪਟੀ ਡਾਇਰੈਕਟਰ ਕੈਰੀਅਰ ਗਾਈਡੈਂਸ ਐਂਡ ਕਾਉਂਸਲਿੰਗ**
**ਮੋਬਾਇਲ: 9501115015**

ਸਵੇਰੇ ਸਵੇਰੇ ਬੱਸ ਸਟੈਂਡ 'ਤੇ ਜ਼ਿਆਦਾ ਗਿਣਤੀ ਸਕੂਲਾਂ ਨੂੰ ਜਾਣ ਵਾਲੇ ਅਧਿਆਪਕ ਅਧਿਆਪਕਾਵਾਂ ਦੀ ਹੁੰਦੀ। ਵੱਖ ਵੱਖ ਥਾਵਾਂ ਨੂੰ ਜਾਣ ਵਾਲੀਆਂ ਬੱਸਾਂ ਦੇ ਕੰਡਕਟਰ ਉੱਚੀ ਉੱਚੀ ਅਵਾਜ਼ਾਂ ਮਾਰਕੇ ਸਵਾਰੀਆਂ ਨੂੰ ਸੱਦਾ ਦਿੰਦੇ। ਨੇੜੇ ਦੇ ਇਕ ਸਕੂਲ ਨੂੰ ਜਾਣ ਵਾਲੀ ਬੱਸ ਵਿੱਚ ਜ਼ਿਆਦਾ ਗਿਣਤੀ ਅਧਿਆਪਕਾਂਵਾਂ ਦੀ ਹੀ ਹੁੰਦੀ। ਬੱਸ ਦਾ ਡਰਾਈਵਰ ਬੜੇ ਸ਼ਾਂਤ ਸੁਭਾਅ ਦਾ, ਗੁਰਸਿੱਖ ਸਰੂਪ ਵਾਲਾ ਸੀ। ਬੱਸ ਚੱਲਣ ਤੋਂ ਪਹਿਲਾਂ ਹੀ ਉਹਦੀ ਬੱਸ 'ਚ ਸ਼ਬਦ ਕੀਰਤਨ ਵਾਲੀ ਕੈਸਿਟ ਚਲਦੀ ਹੁੰਦੀ। ਭਾਵੇਂ ਗੱਲਾਂ ਤਾਂ ਸਭ ਕਰਦੇ ਸੀ ਬੱਸ 'ਚ ,ਪਰ ਕੀਰਤਨ ਦੇ ਸਤਿਕਾਰ ਵਜੋਂ ਸ਼ੋਰ ਨਹੀਂ ਸੀ ਹੁੰਦਾ। ਸਾਰੇ ਸ਼ਾਂਤੀ ਨਾਲ ਕੀਰਤਨ ਸੁਣਦੇ ਰਹਿੰਦੇ। ਇਕ ਦਿਨ ਬੱਸ ਚੱਲਣ ਵੇਲੇ ਦੂਸਰਾ ਕੋਈ ਡਰਾਈਵਰ ਆ ਬੈਠਾ ਡਰਾਈਵਰ ਸੀਟ ਤੇ। ਅੱਡੇ 'ਚੋਂ ਨਿਕਲਦੇ ਹੀ ਉਹਨੇ ਕੈਸਿਟ ਪਲੇਅਰ ਦਾ ਬਟਨ ਦੱਬਤਾ ਬਿੰਦਰਖੀਆ ਗੂੰਜਣ ਲੱਗਿਆ ਸਾਰੀ ਬੱਸ 'ਚ । " ਤੂੰ ਨੀ ਬੋਲਦੀ ਰਕਾਨੇ " ਹਰ ਰੋਜ਼ ਵਾਲਾ ਮਾਹੌਲ ਇਕਦਮ ਬਦਲ ਗਿਆ। ਕੰਡਕਟਰ ਟਿਕਟਾਂ ਕੱਟਣ ਲੱਗਿਆ। ਲੰਘੇ ਜਾਂਦੇ ਨੂੰ ਇਕ ਅਧਿਆਪਕਾ ਨੇ ਰੋਕ ਕੇ ਪੁੱਛਿਆ " ਵੀਰ ਜੀ ਜਿਹੜਾ ਦੂਜ਼ਾ ਡਰਾਈਵਰ ਵੀਰ ਆਉਂਦਾ ਸੀ ਪਹਿਲਾਂ ਬੱਸ ਤੇ ਉਹ ਨੀ ਆਇਆ ?" " ਉਹ ਭੈਣ ਜੀ ਲਾਹਤਾ ਇਧਰਲੇ ਰੂਟ ਤੋਂ ਹੋਰ ਪਾਸੇ ਭੇਜਤਾ। ਕੀਰਤਨ ਹੀ ਲਾਈ ਰਖਦਾ ਸੀ ,ਬੱਸ 'ਚ ਸਵਾਰੀਆਂ ਹੀ ਨੀ ਚੜ੍ਹਦੀਆਂ ਸੀ " ਕੰਡਕਟਰ ਨੇ ਲਾਪਰਵਾਹੀ ਨਾਲ ਜਵਾਬ ਦਿੱਤਾ। ਸੂਝਵਾਨ ਅਧਿਆਪਕਾ ਨੂੰ ਐਂ ਨਾ ਪਤਾ ਲੱਗੇ ਕਿ ਉਹ ਉਹਦੀ ਸੋਚ 'ਤੇ ਹੱਸੇ ਕਿ ਰੋਵੇ।

# ਪੰਜਾਬ ਦੀ ਮਿੱਟੀ-ਪਾਣੀ 'ਚ ਘੁਲਿਆ ਜ਼ਹਿਰ..! ਨਬਜ਼ ਪਛਾਣੇ ਕੌਣ?

ਗੁਰਪ੍ਰੀਤ 'ਲਾਹੌਰੀ'
9569820314



ਪੰਜ ਦਰਿਆਵਾਂ ਦੀ ਧਰਤੀ ਪੰਜਾਬ ਇਸ ਵੇਲੇ ਭਾਵੇਂ ਹੀ ਅਨੇਕਾਂ ਮੁਸ਼ਕਲਾਂ, ਮੁਸੀਬਤਾਂ ਅਤੇ ਪਾਣੀ ਤੋਂ ਇਲਾਵਾ ਧਰਤੀ ਹੇਠਲੇ ਸੰਕਟ ਵਿੱਚ ਘਿਰਿਆ ਹੋਇਆ ਹੈ, ਉੱਥੇ ਹੀ ਦੂਜੇ ਪਾਸੇ ਜੇਕਰ ਨਿਗਾਹ ਪੰਜਾਬ ਦੀ ਅਵਾਮ 'ਤੇ ਮਾਰੀਏ ਤਾਂ ਪੰਜਾਬੀ ਕੌਮ ਜਿੰਨੇ ਮਰਜ਼ੀ ਵੱਡੀ ਸੰਕਟ ਦੇ ਵਿੱਚ ਹੋਵੇ, ਉਹ ਕਦੇ ਹਾਰ ਨਹੀਂ ਮੰਨਦੀ। 2025 ਵਿੱਚ ਆਏ ਹੜ੍ਹਾਂ ਨੇ ਬੇਸ਼ੱਕ ਸਾਰੀ ਜਨਤਾ ਨੂੰ ਉਥਲ-ਪੁਥਲ ਕਰਕੇ ਰੱਖ ਦਿੱਤਾ, ਪਰ ਪੰਜਾਬ ਇੱਕ ਅਜਿਹਾ ਸੂਬਾ ਸੀ, ਜਿਸ ਦਾ ਅਰਬਾਂ ਰੁਪਏ ਦਾ ਨੁਕਸਾਨ ਵੀ ਹੋ ਗਿਆ, ਪਰ ਇੱਕ ਸਾਲ ਮਗਰੋਂ ਵੀ ਪੰਜਾਬ ਅੱਜ ਆਪਣੇ ਪੈਰਾਂ ਸਿਰ ਖੜਾ ਹੈ। ਪੰਜਾਬ ਦੀ ਜਨਤਾ ਭਾਵੇਂ ਹੀ ਸੇਵਾ ਦੇ ਪੱਖੋਂ ਜਾਂ ਲੰਗਰ ਲਾਉਣ ਤੋਂ ਇਲਾਵਾ ਦਵਾਈਆਂ-ਬੂਟੀਆਂ ਦੇ ਪੱਖੋਂ ਹਮੇਸ਼ਾ ਅੱਗੇ ਰਹਿੰਦੀ ਹੈ।

ਪਰ ਪੰਜਾਬ ਦੀ ਜਨਤਾ ਨੂੰ ਹਮੇਸ਼ਾ ਹੀ ਕੁੱਝ ਅਜਿਹੀਆਂ ਧਿਰਾਂ ਮਿਲੀਆਂ ਨੇ, ਜਿਨ੍ਹਾਂ ਨੇ ਇਮੋਸ਼ਨਲ ਤੌਰ 'ਤੇ ਬਲੈਕਮੇਲ ਕਰਕੇ ਪੰਜਾਬ ਦੀ ਜਨਤਾ ਨੂੰ ਆਪਣੇ ਵੱਲ ਖਿੱਚ ਕੇ ਉਨ੍ਹਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ, ਜੇਕਰ ਇਸ ਦੇ ਪਿੱਛੇ ਦੀ ਅਸਲੀਅਤ 'ਤੇ ਝਾਤ ਮਾਰੀਏ ਤਾਂ ਪੰਜਾਬ ਦੀ ਮਿੱਟੀ ਹੀ ਅਜਿਹੀ ਮਿੱਟੀ ਹੈ, ਜਿਹੜੀ ਹੁਣ ਤੱਕ ਅਨੇਕਾਂ ਪਹਿਲਵਾਨ ਪੈਦਾ ਕਰ ਚੁੱਕੀ ਹੈ, ਉੱਥੇ ਹੀ ਲੱਗਦਾ ਨਹੀਂ ਕਿ ਕਿਸੇ ਵੀ ਖੇਤਰ ਵਿੱਚ ਪੰਜਾਬੀ ਘੱਟ ਜਾਂ ਪਿੱਛੇ ਹੋਣਗੇ; ਹਰ ਖੇਤਰ ਦੇ ਵਿੱਚ ਪੰਜਾਬੀ ਅੱਗੇ ਹਨ, ਪੰਜਾਬ ਦੀ ਮਿੱਟੀ ਅਜਿਹੀ ਹੈ।

ਪੰਜਾਬ ਦੀ ਮਿੱਟੀ ਦੀ ਪਛਾਣ ਕਰਨ ਦੇ ਵਾਸਤੇ ਭਾਵੇਂ ਹੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਹੈ। ਪਰ ਪੰਜਾਬ ਦੀ ਮਿੱਟੀ ਨੂੰ ਪਛਾਣਨ ਵਾਸਤੇ ਅੱਜ ਪੰਜਾਬ ਦੇ ਅਸਲ ਲੋਕਾਂ ਨੂੰ ਅੱਗੇ ਆਉਣ ਦੀ ਲੋੜ ਹੈ। ਅਸਲੀਅਤ ਅਤੇ ਸਪਸ਼ਟ ਸ਼ਬਦਾਂ ਵਿੱਚ ਕਹੀਏ ਤਾਂ ਪੰਜਾਬ ਦੀ ਮਿੱਟੀ ਨੂੰ ਕੋਈ ਵੀ ਨਹੀਂ ਪਛਾਣ ਰਿਹਾ। ਪੰਜਾਬ ਦੀ ਜਵਾਨੀ ਲਗਾਤਾਰ ਵਿਦੇਸ਼ਾਂ ਵੱਲ ਰੁੱਖ ਕਰ ਰਹੀ ਹੈ, ਉੱਥੇ ਹੀ ਪੰਜਾਬ ਦੀ ਮਿੱਟੀ ਦੇ ਅੰਦਰ ਅਜਿਹੀਆਂ ਜ਼ਹਿਰਾਂ ਘੋਲੀਆਂ ਜਾ ਰਹੀਆਂ ਨੇ, ਜਿਹੜੀਆਂ ਆਮ ਅਵਾਮ ਦਾ ਤਾਂ ਨੁਕਸਾਨ ਕਰ ਰਹੀਆਂ ਨੇ, ਉੱਥੇ ਹੀ ਕਿਸਾਨ ਨੂੰ ਵੀ ਖ਼ਤਮ ਕਰਨ 'ਤੇ ਰੁੱਝੀਆਂ ਹੋਈਆਂ ਨੇ। ਕਾਰਪੋਰੇਟ ਕੰਪਨੀਆਂ ਦੁਆਰਾ ਬਣਾਈਆਂ ਗਈਆਂ ਇਹਨਾਂ ਪੈਸਟੀਸਾਈਡ ਦਵਾਈਆਂ ਦਾ ਆਮ ਲੋਕਾਂ ਨੂੰ ਲਾਭ ਘੱਟ ਅਤੇ ਨੁਕਸਾਨ ਜ਼ਿਆਦਾ ਹੋ ਰਿਹਾ ਹੈ।

ਕਿਸਾਨਾਂ ਨੂੰ ਜਿੱਥੇ ਪਹਿਲਾਂ ਲਾਲਚ ਦਿੱਤਾ ਜਾਂਦਾ ਹੈ, ਉੱਥੇ ਉਨ੍ਹਾਂ ਦੀ ਮਿੱਟੀ ਨੂੰ ਨਸ਼ਟ ਕਰਨ ਦੇ ਵਾਸਤੇ ਜ਼ਹਿਰੀਲੀਆਂ ਦਵਾਈਆਂ ਦੇ ਦਿੱਤੀਆਂ ਜਾਂਦੀਆਂ ਨੇ। ਲੋੜੋਂ ਵੱਧ ਦਵਾਈਆਂ ਦੀ ਵਰਤੋਂ ਮਿੱਟੀ ਨੂੰ ਖੋਖਲਾ ਕਰ ਰਹੀ ਹੈ, ਕਈ ਜਗ ?ਹਾਵਾਂ 'ਤੇ ਤਾਂ ਅਜਿਹਾ ਮਾਹੌਲ ਪੈਦਾ ਹੋ ਚੁੱਕਿਆ ਹੈ ਕਿ ਪਾਣੀ ਵੀ ਕੈਂਸਰ ਵਾਲਾ ਹੋ ਗਿਆ ਹੈ। ਜ਼ਮੀਨ ਦੇ ਹੇਠਲੇ ਪਾਣੀ ਦਾ ਰਕਬਾ ਲਗਾਤਾਰ ਘੱਟ ਰਿਹਾ ਹੈ, ਜਿਸ ਦੇ ਕਾਰਨ ਪੰਜਾਬ ਭਾਵੇਂ ਹੀ ਅੱਜ ਬੰਜਰ ਸਥਿਤੀ ਵੱਲ ਆਣ ਖੜ੍ਹਾ ਹੈ, ਪਰ ਜੇਕਰ ਦੂਜੇ ਪਾਸੇ ਵੇਖਿਆ ਜਾਵੇ ਤਾਂ ਪੰਜਾਬ ਦੀ ਮਿੱਟੀ ਅਜਿਹੀ ਹੈ, ਜਿੱਥੇ ਤਕਰੀਬਨ ਹਰ ਫ਼ਸਲ ਹੋ ਜਾਂਦੀ ਹੈ। ਪੰਜਾਬ ਦੀ ਮਿੱਟੀ ਉੱਤੇ ਹਰ ਫ਼ਸਲ ਦਾ ਹੋਣਾ ਇਸ ਲਈ ਵੀ ਸੰਭਵ ਹੈ, ਕਿਉਂਕਿ ਇੱਥੇ ਹਰ ਤਰ੍ਹਾਂ ਦਾ ਮੌਸਮ ਆਉਂਦਾ ਹੈ। ਜਿਸ ਦੇ ਕਾਰਨ ਪੰਜਾਬ ਦੀ ਮਿੱਟੀ ਨੂੰ ਕਦੇ ਵੀ ਇਹ ਸੋਚਣ ਜਾਂ ਫਿਰ ਸਮਝਣ ਦੀ ਲੋੜ ਨਹੀਂ ਪਈ ਕਿ ਉਹ ਇਸ ਧਰਤੀ ਉੱਤੇ ਫਲਾਣੀ ਫ਼ਸਲ ਕਿਵੇਂ ਪੈਦਾ ਕਰੇਗੀ? ਪੰਜਾਬ ਦੀ ਮਿੱਟੀ 'ਤੇ ਬਾਜਰਾ, ਜਵਾਰ, ਸਰੋਂ ਤੋਂ ਇਲਾਵਾ ਮੱਕੀ ਤਾਂ ਆਦਿ ਪਹਿਲਾਂ ਹੁੰਦੀ ਹੀ ਸੀ, ਪਰ ਜਿਵੇਂ-ਜਿਵੇਂ ਸਮਾਂ ਬਦਲਦਾ ਗਿਆ ਅਤੇ ਹਰੀ ਕ੍ਰਾਂਤੀ ਆਈ, ਪੰਜਾਬ ਦੀ ਮਿੱਟੀ ਨੇ ਕਣਕ, ਝੋਨਾ ਵੀ ਪੈਦਾ ਕਰਨਾ ਸ਼ੁਰੂ ਕਰ ਦਿੱਤਾ। ਅੱਜ ਵੱਡੇ ਪੱਧਰ 'ਤੇ ਪੰਜਾਬ ਨੂੰ ਅੰਨ ਭੰਡਾਰ ਦਾ ਇੱਕ ਕੇਂਦਰ ਮੰਨਿਆ ਜਾਂਦਾ ਹੈ; ਦੇਸ਼-ਦੁਨੀਆ ਦੇ ਵਿੱਚ ਪੰਜਾਬ ਤੋਂ ਹੀ ਅਨਾਜ ਸਪਲਾਈ ਹੁੰਦਾ ਹੈ। ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਹਰ ਵਾਰ ਆਨੇ-ਬਹਾਨੇ ਪੰਜਾਬ ਦੇ ਨਾਲ ਹੀ ਧੱਕਾ ਕਿਉਂ ਕੀਤਾ ਜਾਂਦਾ ਹੈ? ਜਿਹੜਾ ਪੰਜਾਬ ਹਮੇਸ਼ਾ ਅੰਨ ਉਗਾ ਕੇ ਦੇਸ਼-ਦੁਨੀਆ ਨੂੰ ਖਵਾਉਂਦਾ ਹੈ, ਉਸ ਪੰਜਾਬ ਦੇ ਨਾਲ ਧੱਕਾ ਕਿਉਂ? ਪੰਜਾਬ ਦੀ ਜਨਤਾ ਨੂੰ ਹਮੇਸ਼ਾ ਹੀ ਸਿਆਸੀ ਧਿਰਾਂ ਦੇ ਵੱਲੋਂ ਮੂਰਖ ਬਣਾਇਆ ਜਾਂਦਾ ਹੈ; ਕੁੱਝ ਦੇ ਵੱਲੋਂ ਡਰਾਇਆ-ਧਮਕਾਇਆ ਜਾਂਦਾ ਹੈ ਤੇ ਕੁੱਝ ਦੇ ਵੱਲੋਂ ਮੁਫ਼ਤ ਸਕੀਮਾਂ ਦੇ ਕੇ ਪੰਜਾਬ ਦੀ ਜਨਤਾ ਨੂੰ ਲਤਾੜਿਆ ਜਾਂਦਾ ਹੈ। ਇਸ ਵੇਲੇ ਹਾਲਾਤ ਇਹ ਬਣ ਚੁੱਕੇ ਨੇ ਕਿ, ਕੋਈ ਨਸ਼ਿਆਂ ਖ਼ਿਲਾਫ਼ ਮੁਹਿੰਮਾਂ ਚਲਾ ਰਿਹਾ ਹੈ ਅਤੇ ਕੋਈ ਇਹ ਕਹਿ ਰਿਹਾ ਹੈ ਕਿ ਤੁਹਾਡੀਆਂ ਸਕੀਮਾਂ ਬੰਦ ਹੋ ਜਾਣਗੀਆਂ, ਜੇਕਰ ਸਾਨੂੰ ਵੋਟ ਨਾ ਪਾਈ, ਪਰ ਅਸਲੀਅਤ ਅਤੇ ਸੱਚਾਈ ਇਹੋ ਹੈ ਕਿ ਹਰ ਸਿਆਸੀ ਪਾਰਟੀ ਸੱਤਾ ਵਿੱਚ ਆਉਣਾ ਚਾਹੁੰਦੀ ਹੈ, ਪਰ ਪੰਜਾਬ ਦੀ ਜ਼ਮੀਨ ਨੂੰ ਤਰਾਸ਼ਣਾ ਕੋਈ ਨਹੀਂ ਚਾਹੁੰਦਾ। ਪੰਜਾਬ ਦੀ ਜ਼ਮੀਨ, ਜੋ ਕਿ ਹਮੇਸ਼ਾ ਹੀ ਬਾਗ਼ੀ ਰਹੀ ਹੈ, ਉਸ ਨੂੰ ਪੰਜਾਬ ਰਹਿਣ ਹੀ ਨਹੀਂ ਦਿੱਤਾ ਜਾ ਰਿਹਾ; ਪੰਜਾਬ ਦੀ ਜ਼ਮੀਨ 'ਤੋਂ ਜਿੱਥੇ ਵੱਡੇ ਪੱਧਰ 'ਤੇ ਜੰਗਲਾਂ ਦੀ ਕਟਾਈ ਹੋ ਰਹੀ ਹੈ, ਉੱਥੇ ਹੀ ਪਾਣੀ ਦਾ ਵੀ ਬਰਬਾਦ ਕੀਤਾ ਜਾ ਰਿਹਾ ਹੈ।

ਪੰਜਾਬ ਦੇ ਪਾਣੀਆਂ ਦੀ ਲੁੱਟ ਦੇ ਨਾਲ-ਨਾਲ ਜੰਗਲੀ ਰਕਬੇ ਦਾ ਘਟਣਾ ਉਨਾ ਹੀ ਖ਼ਤਰਨਾਕ ਹੈ ਜਿੰਨਾ ਕਿ ਇੱਕ ਬੇੜੇ ਵਿੱਚ ਲੋੜੋਂ ਵੱਧ ਸਮਰੱਥਾ ਦੇ ਲੋਕਾਂ ਦਾ ਬੈਠ ਜਾਣਾ, ਕਿਉਂਕਿ ਜੇਕਰ ਬੇੜੇ ਵਿੱਚ ਲੋੜੋਂ ਵੱਧ ਲੋਕ ਬੈਠਣਗੇ ਤਾਂ ਬੇੜਾ ਡੁੱਬੇਗਾ ਹੀ। ਪੰਜਾਬ ਦੇ ਨਾਲ ਵੀ ਅਜਿਹਾ ਹੀ ਕੁੱਝ ਹੋ ਰਿਹਾ ਹੈ; ਪੰਜਾਬ ਦੀ ਮਿੱਟੀ ਨੂੰ ਤਰਾਸ਼ਣ ਦੀ ਬਜਾਏ ਪੰਜਾਬ ਨਾਲ ਅਜਿਹਾ ਪੰਗਾ ਲਿਆ ਜਾ ਰਿਹਾ ਹੈ ਜਿਸ ਨਾਲ ਪੰਜਾਬ ਦੀ ਜਨਤਾ ਦੇ ਨਾਲ-ਨਾਲ ਉਨ੍ਹਾਂ ਧਿਰਾਂ ਨੂੰ ਵੀ ਨੁਕਸਾਨ ਹੋ ਰਿਹਾ ਹੈ ਜੋ ਪੰਜਾਬ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਅੱਜ ਪੰਜਾਬ ਚਾਰੇ ਪਾਸੋਂ ਘਿਰਿਆ ਪਿਆ ਹੈ। ਇੱਕ ਪਾਸੇ ਅੰਤਰਰਾਸ਼ਟਰੀ ਸਰਹੱਦ 'ਤੇ ਪਾਕਿਸਤਾਨ ਪਾਸਿਓਂ ਅਤੇ ਦੂਜੇ ਪਾਸੇ ਹੋਰ ਰਾਜ ਜਿਵੇਂ ਹਰਿਆਣਾ, ਹਿਮਾਚਲ, ਰਾਜਸਥਾਨ ਆਦਿ ਹਨ, ਜਿੱਥੇ ਰੁਜ਼ਗਾਰ ਅਤੇ ਖੇਤੀ ਦੇ ਮੌਕੇ ਲਗਾਤਾਰ ਪੈਦਾ ਹੋ ਰਹੇ ਹਨ, ਉੱਥੇ ਹੀ ਪੰਜਾਬ ਵਿੱਚ ਇਹਨਾਂ ਮੌਕਿਆਂ ਨੂੰ ਛੱਡ ਕੇ ਕਿਸਾਨ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ। ਕਿਹਾ ਜਾਂਦਾ ਹੈ ਕਿ ਪੰਜਾਬ ਦਾ ਕਿਸਾਨ ਇਸ ਵੇਲੇ ਖੇਤੀ ਛੱਡਣ ਲਈ ਇਸ ਲਈ ਮਜਬੂਰ ਹੋ ਚੁੱਕਿਆ ਹੈ ਕਿਉਂਕਿ ਪੰਜਾਬ ਦੀ ਜ਼ਮੀਨ ਉਪਜਾਊ ਰਹੀ ਹੀ ਨਹੀਂ। ਪੰਜਾਬ ਨੂੰ ਆਏ ਦਿਨ ਕੋਈ ਨਾ ਕੋਈ ਇੰਜ ਟੋਹ ਰਿਹਾ ਹੈ, ਜਿਵੇਂ ਸਿਵੇ ਵਿੱਚੋਂ ਮੁਰਦੇ ਨੂੰ ਫਰੋਲਿਆ ਜਾਂਦਾ ਹੋਵੇ; ਜੇਕਰ ਸਿਵੇ ਵਿੱਚੋਂ ਮੁਰਦਾ ਫਰੋਲਿਆ ਜਾਵੇ ਤਾਂ ਉਸ ਵਿੱਚੋਂ ਹੱਡੀਆਂ ਤੋਂ ਸਿਵਾਏ ਕੁੱਝ ਨਹੀਂ ਮਿਲੇਗਾ। ਪੰਜਾਬ ਦੀ ਜਨਤਾ ਦੀ ਨਬਜ਼ ਟੋਹਣ ਲਈ ਸਿਆਸੀ ਧਿਰਾਂ ਵੱਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ, ਪਰ ਪੰਜਾਬ ਦੀ ਜ਼ਮੀਨ, ਪੰਜਾਬ ਦੇ ਲੋਕਾਂ ਅਤੇ ਪੰਜਾਬ ਦੇ ਪਾਣੀਆਂ ਤੋਂ ਇਲਾਵਾ ਪੰਜਾਬ ਦੇ ਜੰਗਲਾਂ ਨੂੰ ਕਿਵੇਂ ਬਚਾਇਆ ਜਾਵੇ, ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ।

ਪੰਜਾਬ ਦੀ ਮਿੱਟੀ ਦਾ ਇਸ ਤਰੀਕੇ ਨਾਲ ਨੁਕਸਾਨ ਕੀਤਾ ਜਾ ਰਿਹਾ ਹੈ ਜਿਸ ਦਾ ਖ਼ਮਿਆਜ਼ਾ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਭੁਗਤਣਾ ਪਵੇਗਾ। ਸੂਬੇ ਦੇ ਅੱਜ ਮੁੱਖ ਸਰੋਤਾਂ ਉੱਤੇ ਮਾਈਨਿੰਗ ਮਾਫ਼ੀਆ ਤੋਂ ਇਲਾਵਾ ਵਾਟਰ ਮਾਫ਼ੀਆ ਦਾ ਕਬਜ਼ਾ ਹੋ ਚੁੱਕਿਆ ਹੈ, ਜੋ ਸਾਡੀ ਹੀ ਜ਼ਮੀਨ ਵਿੱਚੋਂ ਖਣਿਜ ਪਦਾਰਥ ਕੱਢ ਕੇ ਸਾਨੂੰ ਮਹਿੰਗੇ ਭਾਅ ਵੇਚ ਰਿਹਾ ਹੈ। ਇਸ ਵੇਲੇ ਪੰਜਾਬ ਦੇ ਅੰਦਰ ਵੱਡੇ ਪੱਧਰ 'ਤੇ ਮਾਈਨਿੰਗ ਹੋ ਰਹੀ ਹੈ ਜਿਸ ਦੇ ਕਾਰਨ ਜ਼ਮੀਨ ਖੋਖਲੀ ਹੋ ਰਹੀ ਹੈ ਅਤੇ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ। ਪਾਣੀ ਮਾਫ਼ੀਆ ਜਿੱਥੇ ਦਰਿਆਵਾਂ 'ਤੇ ਕਬਜ਼ਾ ਕਰ ਰਿਹਾ ਹੈ, ਉੱਥੇ ਹੀ ਪਾਣੀਆਂ ਦੀ ਲੁੱਟ ਕਰਕੇ ਜਨਤਾ ਨੂੰ ਮੁਫ਼ਤ ਮਿਲਣ ਵਾਲਾ ਪਾਣੀ ਮਹਿੰਗੇ ਮੁੱਲ ਵੇਚਿਆ ਜਾ ਰਿਹਾ ਹੈ। ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਅੱਜ ਪਾਣੀ ਦੀ ਕਿੱਲਤ ਪੈਦਾ ਹੋ ਚੁੱਕੀ ਹੈ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਉਪਜਾਊ ਜ਼ਮੀਨ ਉੱਪਰ ਅਜਿਹਾ ਵਰਤਾਰਾ ਹੋਣਾ ਚਾਹੀਦਾ ਸੀ?

ਪੰਜਾਬ ਦੀ ਮਿੱਟੀ ਨਾਲ ਖੇਡਣ ਵਾਲੀਆਂ ਤਾਕਤਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇਕਰ ਉਨ੍ਹਾਂ ਨੇ ਪੰਜਾਬ ਨਾਲ ਧੱਕਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਖੇਤੀ ਕਾਨੂੰਨਾਂ ਖ਼ਿਲਾਫ਼ ਜਿਵੇਂ ਮੋਰਚੇ ਲੱਗੇ ਸੀ, ਬਿਲਕੁਲ ਓਵੇਂ ਹੀ ਮੋਰਚੇ ਪੰਜਾਬ ਨੂੰ ਬਚਾਉਣ ਲਈ ਵੀ ਲੱਗ ਜਾਣਗੇ। ਪੰਜਾਬ ਦੇ ਪਾਣੀਆਂ ਦੀ ਵੰਡ ਪਹਿਲਾਂ ਹੀ ਬੜੇ ਗ਼ਲਤ ਤਰੀਕੇ ਨਾਲ ਕੀਤੀ ਗਈ ਹੈ ਜਿਸ ਦਾ ਨੁਕਸਾਨ ਪੰਜਾਬ ਦੀ ਅਵਾਮ ਨੂੰ ਹੋ ਰਿਹਾ ਹੈ ਅਤੇ ਪੰਜਾਬ ਨੂੰ ਖੇਤੀ ਕਰਨ ਵਾਸਤੇ ਵੀ ਪੂਰਾ ਪਾਣੀ ਨਹੀਂ ਮਿਲ ਰਿਹਾ। ਕਿਸਾਨ ਕਹਿ ਰਹੇ ਹਨ ਕਿ ਜਿਹੜਾ ਕੰਮ-ਕਾਜ ਅਤੇ ਫ਼ਸਲ ਜ਼ਮੀਨ ਦੇ ਅੰਦਰ ਅੱਜ ਤੋਂ ਦੋ ਦਹਾਕੇ ਪਹਿਲਾਂ ਵਧੀਆ ਹੁੰਦੀ ਸੀ, ਅੱਜਕੱਲ੍ਹ ਭਾਵੇਂ ਹੀ ਫ਼ਸਲ ਚੰਗੇ ਰੂਪ ਵਿੱਚ ਅਤੇ ਵੱਡੇ ਪੱਧਰ 'ਤੇ ਝਾੜ ਦੇ ਰੂਪ ਵਿੱਚ ਹੋ ਰਹੀ ਹੈ, ਪਰ ਉਸ ਵਿੱਚ ਉਹ ਤਾਕਤ ਨਹੀਂ ਰਹੀ ਜੋ ਪਹਿਲਾਂ ਹੁੰਦੀ ਸੀ। ਖ਼ੈਰ, ਅਜੋਕੇ ਸਮੇਂ ਅੰਦਰ ਪੰਜ ਦਰਿਆਵਾਂ ਦੀ ਧਰਤੀ ਅੰਦਰੋਂ ਖੋਖਲੀ ਹੋ ਚੁੱਕੀ ਹੈ। ਪਾਣੀਆਂ ਦੀ ਲੁੱਟ ਹੋਣ ਦੇ ਕਾਰਨ ਪੰਜਾਬ ਦੀ ਮਿੱਟੀ ਇੱਕ ਤਰੀਕੇ ਨਾਲ ਕਹਿ ਲਓ ਕਿ ਜ਼ਹਿਰੀਲੀ ਹੋ ਗਈ ਹੈ, ਵੋਟਾਂ ਲੈਣੀਆਂ ਬਾਅਦ ਦੀ ਗੱਲ ਹੈ, ਪਰ ਪੰਜਾਬ ਨੂੰ ਬਚਾਉਣਾ ਪਹਿਲਾਂ ਹੈ। ਬਾਕੀ ਵੇਖਦੇ ਹਾਂ ਕਿ, ਇਮੋਸ਼ਨਲ ਬਲੈਕਮੇਲਿੰਗ ਛੱਡ ਕੇ ਸੂਬੇ ਦੇ ਵਿਕਾਸ, ਪਾਣੀਆਂ ਨੂੰ ਬਚਾਉਣ, ਧਰਤੀ ਨੂੰ ਬਚਾਉਣ ਤੋਂ ਇਲਾਵਾ ਜ਼ਮੀਨ ਹੇਠਲੇ ਖਣਿੱਜ ਪਦਾਰਥ ਬਚਾਉਣ ਵਾਸਤੇ ਕਿਹੜੀ ਧਿਰ ਅੱਗੇ ਆਉਂਦੀ ਹੈ? ਵੈਸੇ ਆਉਣ ਵਾਲੀਆਂ ਚੋਣਾਂ ਵਿੱਚ ਸਾਰੀਆਂ ਸਿਆਸੀ ਧਿਰਾਂ ਦੀ ਇੱਕੋ ਡਿਮਾਂਡ ਹੀ ਹੋਵੇਗੀ ਕਿ ਉਹ ਪੰਜਾਬ 'ਤੇ ਕਾਬਜ਼ ਹੋਣ ਅਤੇ ਪੰਜਾਬ ਦੀ ਲੁੱਟ ਕਰਨ। ਇਸ ਵੇਲੇ ਇਹ ਨਹੀਂ ਲੱਗ ਰਿਹਾ ਕਿ ਪੰਜਾਬ ਦਾ ਕੋਈ ਭਲਾ ਹੋਵੇ; ਹਰ ਕਿਸੇ ਨੂੰ ਆਪਣੀ ਹੀ ਪਰਵਾਹ ਹੈ ਅਤੇ ਸਾਰੇ ਜੇਬਾਂ ਭਰਨ ਵਿੱਚ ਲੱਗੇ ਹੋਏ ਹਨ।




ਸੁਰਜੀਤ ਸਿੰਘ ਫਲੋਰਾ
647-829-9397

ਭਗਤ ਸਿੰਘ ਦੀ ਯਾਦ ਅਕਸਰ ਫਾਂਸੀ ਅਤੇ ਹਥਿਆਰਾਂ ਨਾਲ ਜੁੜਦੀ ਹੈ। ਪਰ ਉਨ੍ਹਾਂ ਦੀ ਮਹਾਨਤਾ ਸਿਰਫ਼ ਬਹਾਦਰੀ ਜਾਂ ਕੁਰਬਾਨੀ ਵਿੱਚ ਨਹੀਂ ਸੀ। ਉਹ ਆਜ਼ਾਦੀ ਦੇ ਨਾਲ ਬਰਾਬਰੀ, ਧਰਮਨਿਰਪੱਖਤਾ ਅਤੇ ਤਰਕ ਉੱਤੇ ਆਧਾਰਿਤ ਸਮਾਜ ਵੀ ਚਾਹੁੰਦੇ ਸਨ। ਇਸੇ ਕਰਕੇ ਉਨ੍ਹਾਂ ਦੇ ਵਿਚਾਰ ਅੱਜ ਵੀ ਸਿਆਸੀ ਮਹੱਤਵ ਰੱਖਦੇ ਹਨ। ਸਤੰਬਰ 2026 ਵਿੱਚ ਉਨ੍ਹਾਂ ਦੀ 119ਵੀਂ ਜਨਮ ਵਰ੍ਹੇਗੰਢ ਮਨਾਈ ਜਾ ਰਹੀ ਹੈ। ਭਗਤ ਸਿੰਘ ਦਾ ਜਨਮ ਸਤੰਬਰ 1907 ਦੇ ਅਖੀਰ ਵਿੱਚ ਹੋਇਆ ਸੀ, ਪਰ ਬ੍ਰਿਟੈਨਿਕਾ ਸਮੇਤ ਵੱਖ-ਵੱਖ ਸਰੋਤ ਜਨਮ-ਤਾਰੀਖ ਬਾਰੇ ਇਕਮਤ ਨਹੀਂ। ਉਨ੍ਹਾਂ ਦੀ ਵਿਰਾਸਤ ਨੂੰ ਕਿਸੇ ਇੱਕ ਦਿਨ ਜਾਂ ਤਸਵੀਰ ਤੱਕ ਸੀਮਤ ਕਰਨ ਦੀ ਥਾਂ, ਉਨ੍ਹਾਂ ਦੇ ਕੰਮਾਂ ਅਤੇ ਲਿਖਤਾਂ ਨੂੰ ਇਕੱਠੇ ਪੜ੍ਹਨਾ ਜ਼ਰੂਰੀ ਹੈ।

**ਕੁਰਬਾਨੀ ਤੋਂ ਪਰੇ ਇੱਕ ਸਿਆਸੀ ਸੋਚ**

ਭਗਤ ਸਿੰਘ ਨੇ ਨੌਜਵਾਨੀ ਵਿੱਚ ਬ੍ਰਿਟਿਸ਼ ਰਾਜ ਦਾ ਵਿਰੋਧ ਕੀਤਾ ਅਤੇ ਆਜ਼ਾਦੀ ਦੇ ਸੰਘਰਸ਼ ਲਈ ਨਿੱਜੀ ਜੀਵਨ ਪਿੱਛੇ ਰੱਖਿਆ। 23 ਸਾਲ ਦੀ ਉਮਰ ਵਿੱਚ ਫਾਂਸੀ ਨੇ ਉਨ੍ਹਾਂ ਨੂੰ ਲੋਕ-ਨਾਇਕ ਬਣਾ ਦਿੱਤਾ। ਪਰ ਉਨ੍ਹਾਂ ਦੀ ਮੌਤ ਨੂੰ ਹੀ ਉਨ੍ਹਾਂ ਦੀ ਪੂਰੀ ਕਹਾਣੀ ਮੰਨਣਾ ਉਨ੍ਹਾਂ ਦੀ ਸਿਆਸੀ ਸਰਗਰਮੀ ਨੂੰ ਓਹਲੇ ਕਰਦਾ ਹੈ। ਉਹ ਪੜ੍ਹਦੇ, ਲਿਖਦੇ ਅਤੇ ਆਪਣੇ ਵਿਚਾਰਾਂ ਦੀ ਜਾਂਚ ਕਰਦੇ ਸਨ। ਉਨ੍ਹਾਂ ਲਈ ਬ੍ਰਿਟਿਸ਼ ਰਾਜ ਦਾ ਅੰਤ ਲਾਜ਼ਮੀ ਸੀ, ਪਰ ਇਹ ਵੀ ਅਹਿਮ ਸੀ ਕਿ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਕਿਸ ਤਰ੍ਹਾਂ ਦਾ ਸਮਾਜ ਬਣੇਗਾ। ਉਨ੍ਹਾਂ ਦਾ ਸਮਾਜਵਾਦੀ ਨਜ਼ਰੀਆ ਇਸ ਸਵਾਲ ਨਾਲ ਜੁੜਿਆ ਸੀ। ਉਹ ਚਾਹੁੰਦੇ ਸਨ ਕਿ ਮਜ਼ਦੂਰ ਅਤੇ ਗਰੀਬ ਲੋਕ ਇੱਜ਼ਤ ਨਾਲ ਜੀ ਸਕਣ, ਅਤੇ ਜਾਤ ਜਾਂ ਧਰਮ ਦੇ ਆਧਾਰ ਉੱਤੇ ਉਨ੍ਹਾਂ ਨਾਲ ਬੇਇਨਸਾਫ਼ੀ ਨਾ ਹੋਵੇ। ਭਗਤ ਸਿੰਘ ਦੀ ਰਾਜਨੀਤਿਕ ਸੂਝ ਪੰਜਾਬ ਦੇ ਉਸ ਮਾਹੌਲ ਵਿੱਚ ਬਣੀ, ਜਿੱਥੇ ਬ੍ਰਿਟਿਸ਼ ਹਕੂਮਤ ਵਿਰੁੱਧ ਵਿਰੋਧ ਘਰਾਂ ਅਤੇ ਜਨਤਕ ਇਕੱਠਾਂ ਵਿੱਚ ਚਰਚਾ ਦਾ ਵਿਸ਼ਾ ਸੀ। ਵਿਆਹ ਦੀ ਗੱਲ ਚੱਲਣ ਵੇਲੇ ਉਹ ਘਰੋਂ ਨਿਕਲ ਕੇ ਕਾਨਪੁਰ ਗਏ, ਜਿੱਥੇ ਆਜ਼ਾਦੀ ਲਈ ਕੰਮ ਕਰਦੇ ਲੋਕਾਂ ਨਾਲ ਜੁੜੇ। ਬਾਅਦ ਵਿੱਚ ਉਹ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਹਿੱਸਾ ਬਣੇ। ਸੁਖਦੇਵ, ਰਾਜਗੁਰੂ, ਬਟੁਕੇਸ਼ਵਰ ਦੱਤ ਅਤੇ ਹੋਰ ਸਾਥੀਆਂ ਨਾਲ ਉਨ੍ਹਾਂ ਦਾ ਕੰਮ ਸੰਗਠਿਤ ਵਿਰੋਧ ਦਾ ਹਿੱਸਾ ਸੀ। 1928 ਵਿੱਚ ਲਾਲਾ ਲਾਜਪਤ ਰਾਏ ਲਾਹੌਰ ਵਿੱਚ ਪੁਲਿਸ ਲਾਠੀਚਾਰਜ ਤੋਂ ਬਾਅਦ ਚਲਾਣਾ ਕਰ ਗਏ। ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਪੁਲਿਸ ਅਧਿਕਾਰੀ ਜੇਮਜ਼ ਸਕਾਟ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾਈ, ਪਰ ਪਛਾਣ ਵਿੱਚ ਗਲਤੀ ਕਾਰਨ 17 ਦਸੰਬਰ ਨੂੰ ਸਹਾਇਕ ਪੁਲਿਸ ਅਧਿਕਾਰੀ ਜੌਨ ਸਾਂਡਰਜ਼ ਮਾਰੇ ਗਏ। ਸਾਂਡਰਜ਼ ਦੀ ਹੱਤਿਆ ਲਾਹੌਰ ਸਾਜ਼ਿਸ਼ ਕੇਸ ਦਾ ਕੇਂਦਰੀ ਹਿੱਸਾ ਬਣੀ। ਇਸ ਘਟਨਾ ਨੂੰ ਰੋਮਾਂਚਕ ਕਹਾਣੀ ਵਜੋਂ ਪੇਸ਼ ਕਰਨ ਦੀ ਥਾਂ, ਉਸ ਵੇਲੇ ਦੇ ਗੁੱਸੇ ਅਤੇ ਹਿੰਸਕ ਵਿਰੋਧ ਦੇ ਸੰਦਰਭ ਵਿੱਚ ਸਮਝਣਾ ਚਾਹੀਦਾ ਹੈ।

8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੇ ਦਿੱਲੀ ਦੀ ਕੇਂਦਰੀ ਵਿਧਾਨ ਸਭਾ ਵਿੱਚ ਘੱਟ ਤਾਕਤ ਵਾਲੇ ਬੰਬ ਸੁੱਟੇ। ਉਨ੍ਹਾਂ ਦਾ ਐਲਾਨਿਆ ਮਕਸਦ ਲੋਕਾਂ ਨੂੰ ਮਾਰਨਾ ਨਹੀਂ, ਸਗੋਂ ਦਮਨਕਾਰੀ ਕਾਨੂੰਨਾਂ ਵਿਰੁੱਧ ਵਿਰੋਧ ਦਰਜ ਕਰਾਉਣਾ ਸੀ। ਦੋਵਾਂ ਨੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਇਆ ਅਤੇ ਭੱਜਣ ਦੀ ਥਾਂ ਗ੍ਰਿਫ਼ਤਾਰੀ ਦਿੱਤੀ। ਇਸ ਨਾਲ ਅਦਾਲਤੀ ਮੁਕੱਦਮਾ ਉਨ੍ਹਾਂ ਲਈ ਆਪਣਾ ਸਿਆਸੀ ਸੁਨੇਹਾ ਲੋਕਾਂ ਤੱਕ ਪਹੁੰਚਾਉਣ ਦਾ ਮੰਚ ਬਣਿਆ।

ਜੇਲ੍ਹ ਵਿੱਚ ਭਗਤ ਸਿੰਘ ਅਤੇ ਸਾਥੀਆਂ ਨੇ ਭਾਰਤੀ ਸਿਆਸੀ ਕੈਦੀਆਂ ਨਾਲ ਹੁੰਦੇ ਭੇਦਭਾਵ ਵਿਰੁੱਧ ਭੁੱਖ ਹੜਤਾਲ ਕੀਤੀ। ਉਨ੍ਹਾਂ ਦੀਆਂ ਮੰਗਾਂ ਵਿੱਚ ਖਾਣੇ, ਕੱਪੜਿਆਂ, ਕਿਤਾਬਾਂ ਅਤੇ ਕੰਮ ਦੀਆਂ ਹਾਲਤਾਂ ਦੇ ਮੁੱਦੇ ਸਨ। ਇਸ ਸੰਘਰਸ਼ ਨੇ ਜੇਲ੍ਹ ਅੰਦਰ ਕੈਦੀਆਂ ਦੇ ਹੱਕਾਂ ਵੱਲ ਜਨਤਕ ਧਿਆਨ ਖਿੱਚਿਆ।

**ਲਿਖਤਾਂ ਵਿੱਚ ਤਰਕ ਅਤੇ ਬਰਾਬਰੀ**

1930 ਵਿੱਚ ਜੇਲ੍ਹ ਦੌਰਾਨ ਲਿਖੇ ਲੇਖ 'ਮੈਂ ਨਾਸਤਿਕ ਕਿਉਂ ਹਾਂ' ਵਿੱਚ ਭਗਤ ਸਿੰਘ ਨੇ ਵਿਸ਼ਵਾਸ, ਸ਼ੱਕ ਅਤੇ ਤਰਕ ਬਾਰੇ ਆਪਣੇ ਵਿਚਾਰ ਰੱਖੇ। ਉਨ੍ਹਾਂ ਨੇ ਇਸ ਇਤਰਾਜ਼ ਦਾ ਜਵਾਬ ਦਿੱਤਾ ਕਿ ਉਨ੍ਹਾਂ ਦੀ ਨਾਸਤਿਕਤਾ ਅਹੰਕਾਰ ਦਾ ਨਤੀਜਾ ਸੀ। ਲੇਖ ਦਾ ਅਹਿਮ ਪੱਖ ਇਹ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਰੱਖਦੇ ਸਨ। ਉਨ੍ਹਾਂ ਦੀ ਨਾਸਤਿਕਤਾ ਨੂੰ ਧਾਰਮਿਕ ਲੋਕਾਂ ਨਾਲ ਦੁਸ਼ਮਣੀ ਸਮਝਣਾ ਉਨ੍ਹਾਂ ਦੀ ਦਲੀਲ ਨੂੰ ਗਲਤ ਪੜ੍ਹਨਾ ਹੈ। ਭਗਤ ਸਿੰਘ ਲਈ ਇਨਕਲਾਬ ਦਾ ਅਰਥ ਸਿਰਫ਼ ਬੰਬ ਅਤੇ ਪਿਸਤੌਲ ਨਹੀਂ ਸੀ। ਉਹ ਸਮਾਜ ਦੀਆਂ ਬੇਇਨਸਾਫ਼ ਬਣਤਰਾਂ ਬਦਲਣਾ ਚਾਹੁੰਦੇ ਸਨ। ਮਜ਼ਦੂਰ ਦੀ ਮਿਹਨਤ ਦਾ ਫਲ ਕਿਸ ਨੂੰ ਮਿਲਦਾ ਹੈ, ਗਰੀਬਾਂ ਨੂੰ ਮੌਕੇ ਕਿਉਂ ਨਹੀਂ ਮਿਲਦੇ ਅਤੇ ਕਾਨੂੰਨ ਕਿਸ ਦੇ ਹੱਕ ਵਿੱਚ ਖੜ੍ਹਦਾ ਹੈ, ਇਹ ਉਨ੍ਹਾਂ ਦੀ ਰਾਜਨੀਤੀ ਦੇ ਕੇਂਦਰੀ ਸਵਾਲ ਸਨ। 'ਇਨਕਲਾਬ ਜ਼ਿੰਦਾਬਾਦ' ਉਨ੍ਹਾਂ ਲਈ ਸਿਆਸੀ ਆਜ਼ਾਦੀ ਦੇ ਨਾਲ ਆਰਥਿਕ ਇਨਸਾਫ਼ ਦੀ ਮੰਗ ਵੀ ਸੀ। ਇਸੇ ਤਰ੍ਹਾਂ ਧਰਮਨਿਰਪੱਖਤਾ ਉਨ੍ਹਾਂ ਲਈ ਸਿਰਫ਼ ਨਿੱਜੀ ਵਿਸ਼ਵਾਸ ਦਾ ਮਾਮਲਾ ਨਹੀਂ ਸੀ। ਉਹ ਮੰਨਦੇ ਸਨ ਕਿ ਧਰਮ ਕਿਸੇ ਦੇ ਨਾਗਰਿਕ ਹੱਕ ਤੈਅ ਨਾ ਕਰੇ। ਫਿਰਕਾਪ੍ਰਸਤੀ ਲੋਕਾਂ ਨੂੰ ਵੰਡਦੀ ਹੈ ਅਤੇ ਸਾਂਝੇ ਹੱਕਾਂ ਲਈ ਇਕੱਠੇ ਖੜ੍ਹਨ ਤੋਂ ਰੋਕਦੀ ਹੈ। ਇਤਿਹਾਸਕਾਰ ਇਰਫ਼ਾਨ ਹਬੀਬ ਨੇ ਵੀ ਭਗਤ ਸਿੰਘ ਦੇ ਸਮਾਜਵਾਦੀ ਵਿਚਾਰਾਂ ਨੂੰ ਉਨ੍ਹਾਂ ਦੀ ਇਨਕਲਾਬੀ ਰਾਜਨੀਤੀ ਨਾਲ ਜੋੜ ਕੇ ਪੜ੍ਹਿਆ ਹੈ।

**ਅੱਜ ਦੀ ਵਿਰਾਸਤ**

ਭਗਤ ਸਿੰਘ ਨੂੰ ਭਾਰਤ ਅਤੇ ਪਾਕਿਸਤਾਨ ਦੋਵਾਂ ਵਿੱਚ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੀ ਕਹਾਣੀ ਫ਼ ?ਲਮਾਂ, ਨਾਟਕਾਂ ਅਤੇ ਗੀਤਾਂ ਰਾਹੀਂ ਨਵੀਆਂ ਪੀੜ੍ਹੀਆਂ ਤੱਕ ਪਹੁੰਚੀ ਹੈ। ਵਿਦਿਆਰਥੀ ਅੰਦੋਲਨਾਂ ਵਿੱਚ ਉਨ੍ਹਾਂ ਦਾ ਨਾਂ ਬੇਖ਼ੌਫ਼ ਸਿਆਸੀ ਸਵਾਲਾਂ ਨਾਲ ਜੁੜਦਾ ਹੈ, ਜਦਕਿ ਮਜ਼ਦੂਰ ਅਤੇ ਖੱਬੇ ਪੱਖੀ ਧਾਰਾਵਾਂ ਉਨ੍ਹਾਂ ਦੀ ਬਰਾਬਰੀ ਵਾਲੀ ਸੋਚ ਨੂੰ ਉਭਾਰਦੀਆਂ ਹਨ। ਫਿਰ ਵੀ, ਉਨ੍ਹਾਂ ਦੇ ਵਿਚਾਰ ਸਮਝਣ ਲਈ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਨੂੰ ਪੜ੍ਹਨਾ ਲਾਜ਼ਮੀ ਹੈ। 23 ਮਾਰਚ 1931 ਨੂੰ ਲਾਹੌਰ ਵਿੱਚ ਭਗਤ ਸਿੰਘ, ਸੁਖਦੇਵ ਥਾਪਰ ਅਤੇ ਸ਼ਿਵਰਾਮ ਰਾਜਗੁਰੂ ਨੂੰ ਫਾਂਸੀ ਦਿੱਤੀ ਗਈ। ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸਿਆਸੀ ਮਕਸਦ ਲਈ ਹਿੰਸਾ ਬਾਰੇ ਬਹਿਸ ਵੀ ਜਾਰੀ ਰਹਿੰਦੀ ਹੈ। ਨਾਲ ਹੀ, ਉਨ੍ਹਾਂ ਨੂੰ ਇਕੱਲਾ ਨਾਇਕ ਬਣਾਉਣ ਨਾਲ ਸਾਥੀਆਂ ਅਤੇ ਆਜ਼ਾਦੀ ਅੰਦੋਲਨ ਦੀਆਂ ਹੋਰ ਧਾਰਾਵਾਂ ਦੀ ਭੂਮਿਕਾ ਘਟ ਕੇ ਦਿਸਦੀ ਹੈ। ਭਗਤ ਸਿੰਘ ਦੀ ਮਹਾਨਤਾ ਹਿੰਮਤ ਅਤੇ ਕੁਰਬਾਨੀ ਦੇ ਨਾਲ ਉਨ੍ਹਾਂ ਦੀ ਸਿਆਸੀ ਤੇ ਬੌਧਿਕ ਸੋਚ ਵਿੱਚ ਹੈ। ਉਨ੍ਹਾਂ ਨੇ ਪੁੱਛਿਆ ਕਿ ਹਾਕਮ ਬਦਲ ਜਾਣ, ਪਰ ਗਰੀਬੀ ਅਤੇ ਸ਼ੋਸ਼ਣ ਕਾਇਮ ਰਹਿਣ, ਤਾਂ ਆਜ਼ਾਦੀ ਆਮ ਲੋਕਾਂ ਲਈ ਕਿੰਨੀ ਪੂਰੀ ਹੋਵੇਗੀ। ਉਨ੍ਹਾਂ ਦੀ ਵਿਰਾਸਤ ਇਸੇ ਸਵਾਲ ਨਾਲ ਜੁੜੀ ਹੈ: ਆਜ਼ਾਦ ਦੇਸ਼ ਦੀ ਪਹਿਚਾਣ ਸਿਰਫ਼ ਉਸ ਦੇ ਝੰਡੇ ਨਾਲ ਨਹੀਂ, ਸਗੋਂ ਉਸ ਦੇ ਲੋਕਾਂ ਨੂੰ ਮਿਲਦੀ ਬਰਾਬਰੀ ਨਾਲ ਵੀ ਹੁੰਦੀ ਹੈ।

# ਪਿੰਡਾਂ ਦਾ ਸ਼ਿੰਗਾਰ - ਟੋਭੇ

ਬਰਜਿੰਦਰ ਕੌਰ ਬਿਸਰਾਓ...
9988901324

ਟੋਭੇ ਸਾਡੇ ਪੰਜਾਬੀ ਸੱਭਿਆਚਾਰ ਦਾ ਅਹਿਮ ਹਿੱਸਾ ਹਨ, ਸਾਡਾ ਵਿਰਾਸਤੀ ਚਿੰਨ੍ਹ ਹਨ ਕਿਉਂ ਕਿ ਸ਼ੁਰੂ ਤੋਂ ਹੀ ਹਰ ਪਿੰਡ ਦਾ ਸ਼ਿੰਗਾਰ ਟੋਭੇ ਮੰਨੇ ਜਾਂਦੇ ਰਹੇ ਹਨ। ਸਾਡੇ ਲੋਕ ਗੀਤਾਂ ਵਿੱਚ ਟੋਭਿਆਂ ਦਾ ਆਮ ਹੀ ਜ਼ਿਕਰ ਕੀਤਾ ਜਾਂਦਾ ਹੈ ਜਿਵੇਂ:-

÷ਵਿੱਚ ਤ੍ਰਿੰਝਣਾਂ ਮੈਂ ਚਰਖ਼ਾ
ਕੱਤਦੀ
ਕੱਤਦੀ ਨੀਝਾਂ ਲਾ ਕੇ
ਵੇ ਮਿਲ ਜਾ ਹਾਣਦਿਆ
ਪਾਰ ਟੋਭੇ ਦੇ ਆ ਕੇ।÷

ਪੁਰਾਤਨ ਜ਼ਮਾਨੇ ਵਿੱਚ ਜਿਵੇਂ ਜਿਵੇਂ ਪਿੰਡ ਹੋਂਦ ਵਿੱਚ ਆਉਂਦੇ ਸਨ ਤਾਂ ਪਿੰਡ ਦੇ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਪਿੰਡ ਦੇ ਬਾਹਰਵਾਰ ਸੁੰਨੀ ਜਗ ?ਹਾ ਤੇ ਟੋਭੇ ਬਣਾਏ ਜਾਂਦੇ ਸਨ ਤੇ ਟੋਭਿਆਂ ਵਿੱਚ ਸਾਰੇ ਪਿੰਡ ਦਾ ਬਰਸਾਤੀ ਪਾਣੀ ਹੀ ਇਕੱਠਾ ਹੁੰਦਾ ਸੀ। ਜੋ ਪਾਣੀ ਦੇ ਸਦ ਉਪਯੋਗ ਦਾ ਉੱਤਮ ਤਰੀਕਾ ਹੁੰਦਾ ਸੀ। ਉਹਨਾਂ ਵੇਲਿਆਂ ਵਿੱਚ ਘਰੇਲੂ ਕੰਮਾਂ ਲਈ ਸੁਆਣੀਆਂ ਖੂਹਾਂ ਤੋਂ ਪਾਣੀ ਭਰ ਕੇ ਲਿਜਾਂਦੀਆਂ ਸਨ ਜਿਸ ਕਰਕੇ ਪਾਣੀ ਦੀ ਬਹੁਤ ਸੀਮਤ ਮਾਤਰਾ ਵਿੱਚ ਵਰਤੋਂ ਕੀਤੀ ਜਾਂਦੀ ਸੀ। ਜਿਸ ਕਰਕੇ ਘਰਾਂ ਵਿੱਚ ਲੋੜ ਦੇ ਹਿਸਾਬ ਨਾਲ ਵਰਤਿਆ ਗਿਆ ਪਾਣੀ ਕੱਚੇ ਵਿਹੜਿਆਂ ਵਿੱਚ ਹੀ ਸਮਾ ਕੇ ਖਪਤ ਹੋ ਜਾਂਦਾ ਸੀ। ਘਰ ਦੇ ਮਰਦਾਂ ਵੱਲੋਂ ਨਹਾਉਣ ਜਾਂ ਇਸਤਰੀਆਂ ਵੱਲੋਂ ਕੱਪੜੇ ਬਗੈਰਾ ਧੋਣ ਦਾ ਜ਼ਿਆਦਾ ਕੰਮ ਖੂਹਾਂ ਉੱਤੇ ਜਾ ਕੇ ਹੀ ਨਿਬੇੜ ਲਿਆ ਜਾਂਦਾ ਸੀ । ਉਹਨਾਂ ਵੱਲੋਂ ਵਰਤਿਆ ਗਿਆ ਪਾਣੀ ਉੱਥੇ ਆਲ ? ਦੁਆਲ ? ਜੋ ਕੱਚੀ ਥਾਂ ਵਿੱਚ ਅਸਾਨੀ ਨਾਲ ਖ਼ਪਤ ਹੋ ਜਾਂਦਾ ਸੀ। ਜਿਸ ਕਰਕੇ ਟੋਭੇ ਵਿੱਚ ਭਾਰੀ ਮਾਤਰਾ ਵਿੱਚ ਇਕੱਠਾ ਹੋਇਆ ਬਰਸਾਤੀ ਪਾਣੀ ਬਿਲਕੁਲ ਸਾਫ਼ ਸੁਥਰਾ ਹੁੰਦਾ ਸੀ ਜੋ ਪਿੰਡ ਦੇ ਡੰਗਰ ਪਸ਼ੂਆਂ ਨੂੰ ਪਿਆਉਣ ਲਈ ਅਤੇ ਉਹਨਾਂ ਨੂੰ ਨਹਾਉਣ ਲਈ ਕੰਮ ਆ ਜਾਂਦਾ ਸੀ। ਕੱਚੇ ਟੋਭੇ ਵਿੱਚ ਇਕੱਠਾ ਪਾਣੀ ਹੌਲ ?ੀ ਹੌਲ ?ੀ ਧਰਤੀ ਅੰਦਰ ਜਾ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਵੀ ਨੀਵਾਂ ਨਹੀਂ ਹੋਣ ਦਿੰਦਾ ਸੀ। ਉੱਪਰਲੀ ਸਤਾ ਦਾ ਪਾਣੀ ਫਿਲਟਰ ਹੋ ਕੇ ਸਾਫ਼ ਸੁਥਰਾ ਰਹਿੰਦਾ ਸੀ। ਗਰਮੀਆਂ ਵਿੱਚ ਬਾਲਾਂ ਵੱਲੋਂ ਟੋਭੇ ਵਿੱਚ ਤੈਰੀਆਂ ਲਾ ਕੇ ਗਰਮੀ ਦੂਰ ਭਜਾਉਣ ਦਾ ਉੱਤਮ ਸਾਧਨ ਹੁੰਦਾ ਸੀ। ਟੋਭੇ ਦਾ ਪਾਣੀ ਪਿੰਡ ਦਾ ਤਾਪਮਾਨ ਵੀ ਠੰਢਾ ਰੱਖਣ ਦਾ ਕੰਮ ਕਰਦਾ ਸੀ। ਸ਼ਾਮ ਨੂੰ ਪਿੰਡ ਦੇ ਬੱਚਿਆਂ, ਬਜ਼ੁਰਗਾਂ ਤੇ ਨੌਜਵਾਨਾਂ ਵੱਲੋਂ ਉੱਥੇ ਇਕੱਠੇ ਹੋ ਕੇ ਦਿਲ ਦੀਆਂ ਗੱਲਾਂ ਦੀਆਂ ਸਾਂਝਾਂ ਪਾਈਆਂ ਜਾਂਦੀਆਂ ਸਨ ,ਜਿਸ ਨਾਲ ਆਪਸ ਵਿੱਚ ਰਲ ? ਮਿਲ ? ਕੇ ਬੈਠਣ ਅਤੇ ਆਪਸੀ ਭਾਈਚਾਰਕ ਸਾਂਝ ਪੈਦਾ ਹੁੰਦੀ ਸੀ। ਪਿੰਡਾਂ ਦੇ ਟੋਭੇ ਰੱਸਾ ਵੱਟਣ ਦੇ ਛੋਟੇ ਉਤਪਾਦ ਵਿੱਚ ਵੀ ਸਹਾਈ ਹੁੰਦੇ ਸਨ। ਸਣ ਨੂੰ ਦੋ ਤਿੰਨ ਦਿਨ ਖੁੱਲ੍ਹੇ ਪਾਣੀ ਵਿੱਚ ਭਿਉਂ ਕੇ ਰੱਸਾ ਵੱਟਣ ਲਈ ਤਿਆਰ ਕਰਨਾ ਪੈਂਦਾ ਸੀ ਜਿਸ ਕਰਕੇ ਲੋਕ ਪਿੰਡਾਂ ਦੇ ਟੋਭਿਆਂ ਦੀ ਵਰਤੋਂ ਇਸ ਕੰਮ ਲਈ ਵੀ ਬਾਖੂਬੀ ਕਰਦੇ ਸਨ। ਪਰ ਸਮੇਂ ਦੇ ਬਦਲਾਅ ਦੇ ਨਾਲ ਨਾਲ ਟੋਭਿਆਂ ਦੇ ਰੰਗ ਰੂਪ ਅਤੇ ਉਸ ਵਰਤੋਂ ਵਿੱਚ ਵੀ ਭਾਰੀ ਬਦਲਾਅ ਆਇਆ ਹੈ। ਜਿਵੇਂ ਜਿਵੇਂ ਘਰਾਂ ਵਿੱਚ ਪਾਣੀ ਦੀ ਲੋੜ ਦੀ ਪੂਰਤੀ ਲਈ ਨਲ ?ਕੇ ਜਾਂ ਟੂਟੀਆਂ ਦੀ ਵਰਤੋਂ ਵਧੀ, ਘਰ ਪੱਕੇ ਹੋਣ ਲੱਗੇ , ਕੱਚੀਆਂ ਨਾਲ ?ੀਆਂ ਪੱਕੀਆਂ ਹੋਣ ਲੱਗੀਆਂ ਤਾਂ ਪਿੰਡ ਦੇ ਲੋਕਾਂ ਵੱਲੋਂ ਘਰਾਂ ਵਿੱਚ ਵਰਤੇ ਜਾਂਦੇ ਗੰਦੇ ਪਾਣੀ ਦੀ ਨਿਕਾਸੀ ਟੋਭਿਆਂ ਵਿੱਚ ਕੀਤੀ ਜਾਣ ਲੱਗੀ, ਇਹਨਾਂ ਵਿੱਚ ਘਰਾਂ ਦੇ ਸੈਪਟਿਕ ਟੈਂਕਾਂ ਦਾ ਲੈਟਰੀਨ ਵਾਲਾ ਪਾਣੀ ਵੀ ਪੈ ਰਿਹਾ ਹੈ। ਪਿੰਡਾਂ ਵਿੱਚ ਦੁੱਧ ਇਕੱਠਾ ਕਰਨ ਵਾਲੇ ਮਿਲਕ ਸੈਂਟਰਾਂ ਦਾ ਕੈਮੀਕਲ ਵਾਲ ?ਾ ਗੰਦਾ ਪਾਣੀ ਇਹਨਾਂ ਛੱਪੜਾਂ ਨੂੰ ਦੂਸ਼ਿਤ ਕਰ ਰਿਹਾ ਹੈ। ਜਿਸ ਨਾਲ ਟੋਭਿਆਂ ਦੇ ਪਾਣੀ ਦੂਸ਼ਿਤ ਕਰ ਦਿੱਤੇ ਗਏ। ਉਹ ਪਾਣੀ ਡੰਗਰਾਂ ਪਸ਼ੂਆਂ ਦੇ ਪੀਣ ਯੋਗ ਹੀ ਨਹੀਂ ਰਿਹਾ ਸਗੋਂ ਉਹ ਨਿਰਾ ਬਿਮਾਰੀਆਂ ਦਾ ਘਰ ਬਣਨ ਲੱਗਿਆ। ਕਦੇ ਜਿਹੜੇ ਟੋਭਿਆਂ ਵਿੱਚ ਡੱਡੂਆਂ ਦੀ ਟੈਂ ਟੈਂ ਕਿਤੇ ਮੀਂਹ ਆਉਣ ਦਾ ਸੰਕੇਤ ਦਿੰਦੀ ਸੀ ਜੋ ਹੁਣ ਵਕਤ ਦੇ ਬਦਲਾਅ ਨਾਲ ਹੌਲ ?ੀ ਹੌਲ ?ੀ ਮੱਛਰਾਂ ਮੱਖੀਆਂ ਦੇ ਪੈਦਾ ਹੋਣ ਨਾਲ ਮਲੇਰੀਆ, ਡੇਂਗੂ ਅਤੇ ਹੈਜ਼ਾ ਵਰਗੀਆਂ ਬਿਮਾਰੀਆਂ ਨੂੰ ਸੱਦਾ ਦੇਣ ਲੱਗੀਆਂ ਹਨ। ਚਾਹੇ ਅੱਜ ਬਹੁਤੇ ਪਿੰਡਾਂ ਵਿੱਚ ਟੋਭੇ ਪੱਕੇ ਕੀਤੇ ਜਾਣ ਲੱਗ ਪਏ ਹਨ, ਉਹਨਾਂ ਦੇ ਆਲ ? ਦੁਆਲ ? ਰੰਗਦਾਰ ਜਾਲੀਆਂ ਦੀ ਵਾੜ ਕਰ ਦਿੱਤੀ ਜਾਣ ਲੱਗੀ ਹੈ, ਮੌਸਮ ਦੇ ਹਿਸਾਬ ਨਾਲ ਉੱਥੇ ਮੱਖੀਆਂ ਮੱਛਰ ਪੈਦਾ ਹੋਣ ਤੋਂ ਪੰਚਾਇਤਾਂ ਵੱਲੋਂ ਕੀੜੇਮਾਰ ਦਵਾਈਆਂ ਦਾ ਛਿੜਕਾਅ ਕੀਤਾ ਜਾਣ ਲੱਗਿਆ ਹੈ ,ਜੋ ਬਹੁਤ ਚੰਗੀ ਗੱਲ ਹੈ। ਬੇਸ਼ੱਕ ਪਿੰਡਾਂ ਅਤੇ ਪਿੰਡਾਂ ਦੇ ਘਰਾਂ ਦਾ ਤੇਜ਼ੀ ਨਾਲ ਵਿਕਾਸ ਹੋ ਕੇ ਰੰਗ ਰੂਪ ਬਦਲ ਗਿਆ ਹੈ ਉੱਥੇ ਹੀ ਪੱਕੇ ਟੋਭੇ, ਆਲ ? ਦੁਆਲ ? ਰੰਗਦਾਰ ਜਾਲੀਆਂ ਅਤੇ ਕਈ ਪਿੰਡਾਂ ਵਿੱਚ ਉਸ ਦੇ ਆਲ ? ਦੁਆਲ ? ਫੁੱਲਾਂ ਵਾਲੇ ਪੌਦੇ ਲਗਾਏ ਜਾਣ ਲੱਗੇ ਹਨ, ਜਿੱਥੇ ਉਹ ਨਵੀਨੀਕਰਨ ਦਾ ਸੰਕੇਤ ਦਿੰਦੇ ਹਨ ਅਤੇ ਪਿੰਡ ਦੀ ਦਿੱਖ ਨੂੰ ਵੀ ਖੂਬਸੂਰਤ ਬਣਾਉਂਦੇ ਹਨ ਪਰ ਅਫਸੋਸ, ਉੱਥੇ ਹੀ ਜਿਸ ਮਕਸਦ ਨਾਲ ਸਾਡੇ ਪੁਰਖਿਆਂ ਵੱਲੋਂ ਟੋਭਿਆਂ ਦੀ ਇਜਾਦ ਕੀਤੀ ਗਈ ਸੀ ਉਹ ਮਕਸਦ ਜ਼ਰੂਰ ਅਲੋਪ ਹੋ ਰਿਹਾ ਹੈ।

# ਸੁਪਰੀਮ ਕੋਰਟ ਦੀ ਲਕਸ਼ਮਣ ਰੇਖਾ: ਪੋਕਸੋ ਦੁਰਵਰਤੋਂ ’ਤੇ ਸਖ਼ਤੀ, ਜ਼ਮਾਨਤ ਤੇ ਜਿਨਸੀ ਅਪਰਾਧਾਂ ਬਾਰੇ ਅਹਿਮ ਦਿਸ਼ਾ-ਨਿਰਦੇਸ਼




ਵਿਸ਼ਵ ਪੱਧਰ ’ਤੇ, ਭਾਰਤੀ ਨਿਆਂਪਾਲਿਕਾ ਨੂੰ ਆਮ ਨਾਗਰਿਕ ਨਿਆਂ ਦੀ ਆਖਰੀ ਉਮੀਦ ਵਜੋਂ ਦੇਖਦੇ ਹਨ। ਭਾਵੇਂ ਇਹ ਸਰਕਾਰ, ਪ੍ਰਸ਼ਾਸਨ, ਕਿਸੇ ਸੰਸਥਾ, ਜਾਂ ਕਿਸੇ ਸ਼ਕਤੀਸ਼ਾਲੀ ਵਿਅਕਤੀ ਵਿਰੁੱਧ ਸ਼ਿਕਾਇਤ ਹੋਵੇ, ਜਾਂ ਦੋ ਆਮ ਨਾਗਰਿਕਾਂ ਵਿਚਕਾਰ ਝਗੜਾ ਹੋਵੇ, ਸੰਵਿਧਾਨ ਅਤੇ ਕਾਨੂੰਨ ਦੇ ਰਾਜ ਸਾਹਮਣੇ ਸਮਾਨਤਾ ਦਾ ਮੂਲ ਸਿਧਾਂਤ ਇਹ ਹੈ ਕਿ ਨਿਆਂਇਕ ਪ੍ਰਕਿਰਿਆ ਨੂੰ ਵਿਅਕਤੀ ਦੀ ਸਥਿਤੀ ਨੂੰ ਨਹੀਂ, ਸਗੋਂ ਕਾਨੂੰਨ ਅਤੇ ਸਬੂਤਾਂ ’ਤੇ ਵਿਚਾਰ ਕਰਨਾ ਚਾਹੀਦਾ ਹੈ। ਸਤੰਬਰ 2026 ਦੇ ਆਖਰੀ ਹਫ਼ਤੇ ਵਿੱਚ ਸੁਪਰੀਮ ਕੋਰਟ ਨਾਲ ਸਬੰਧਤ ਤਿੰਨ ਘਟਨਾਵਾਂ ਨੇ ਨਿਆਂ, ਸੁਰੱਖਿਆ ਅਤੇ ਨਿੱਜੀ ਆਜ਼ਾਦੀ ਦੇ ਇਸ ਸੰਤੁਲਨ ਨੂੰ ਰਾਸ਼ਟਰੀ ਬਹਿਸ ਦੇ ਕੇਂਦਰ ਵਿੱਚ ਲਿਆਂਦਾ। ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ, ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 28 ਸਤੰਬਰ ਨੂੰ, ਸੁਪਰੀਮ ਕੋਰਟ ਨੇ ਦਿੱਲੀ-ਐਨਸੀਆਰ ਵਿੱਚ ਹਾਲ ਹੀ ਵਿੱਚ ਹੋਏ ਜਿਨਸੀ ਹਮਲਿਆਂ ਦਾ ਖੁਦ ਨੋਟਿਸ ਲਿਆ, ਜਿਸ ਵਿੱਚ ਇੱਕ ਚਲਦੀ ਸਲੀਪਰ ਬੱਸ ਵਿੱਚ ਇੱਕ ਨਾਬਾਲਗ ਨਾਲ ਕਥਿਤ ਸਮੂਹਿਕ ਬਲਾਤਕਾਰ ਵੀ ਸ਼ਾਮਲ ਹੈ। ਇਸਨੇ ਇਸਨੂੰ 2012 ਦੇ ਨਿਰਭਯਾ ਮਾਮਲੇ ਦੀ ਦਰਦਨਾਕ ਯਾਦ ਦਿਵਾਉਂਦੇ ਹੋਏ ਜਨਤਕ ਸਥਾਨਾਂ ਦੀ ਸੁਰੱਖਿਆ ਅਤੇ ਪ੍ਰਸ਼ਾਸਨਿਕ ਜਵਾਬਦੇਹੀ ਬਾਰੇ ਸਵਾਲ ਖੜ੍ਹੇ ਕੀਤੇ। ਉਸੇ ਦਿਨ, ਮਹਾਰਾਸ਼ਟਰ ਦੇ ਡੋਂਬੀਵਾਲੀ ਦੇ ਸ਼ਾਸਤਰੀਨਗਰ ਹਸਪਤਾਲ ਵਿੱਚ ਡਾਕਟਰਾਂ ’ਤੇ ਹੋਏ ਕਥਿਤ ਹਮਲੇ ਦੇ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਇੱਕ ਰਾਜਨੀਤਿਕ ਪਾਰਟੀ ਦੇ ਕੌਂਸਲਰ ਨੂੰ ਦਿੱਤੀ ਗਈ ਜ਼ਮਾਨਤ ’ਤੇ ਰੋਕ ਲਗਾ ਦਿੱਤੀ, ਉਸਨੂੰ ਤਿੰਨ ਦਿਨਾਂ ਦੇ ਅੰਦਰ ਆਤਮ ਸਮਰਪਣ ਕਰਨ ਦਾ ਨਿਰਦੇਸ਼ ਦਿੱਤਾ, ਅਤੇ ਡਾਕਟਰੀ ਭਾਈਚਾਰੇ ਦੀ ਸੁਰੱਖਿਆ ਬਾਰੇ ਇੱਕ ਸਖ਼ਤ ਸੰਦੇਸ਼ ਦਿੱਤਾ। ਤੀਜਾ ਅਤੇ ਸਭ ਤੋਂ ਦੂਰਗਾਮੀ ਵਿਕਾਸ 24 ਸਤੰਬਰ, 2026 ਨੂੰ ਆਰ ਬਨਾਮ ਈ ਐਂਡ ਅਦਰਜ਼, 2026 ਆਈਐਨਐਸਸੀ 1049 ਵਿੱਚ ਫੈਸਲਾ ਸੀ, ਜਿਸ ਵਿੱਚ ਸੁਪਰੀਮ ਕੋਰਟ ਨੇ ਵਿਆਹੁਤਾ ਅਤੇ ਬੱਚਿਆਂ ਦੀ ਹਿਰਾਸਤ ਦੇ ਵਿਵਾਦਾਂ ਵਿੱਚ ਪੋਕਸੋ ਐਕਟ ਦੀ ਸੰਭਾਵੀ ਦੁਰਵਰਤੋਂ ਨੂੰ ਰੋਕਣ ਲਈ ਵਿਸਤ੍ਰਿਤ ਸੁਰੱਖਿਆ ਉਪਾਅ ਰੱਖੇ ਸਨ।

ਦੋਸਤੋ, ਸੁਪਰੀਮ ਕੋਰਟ ਨੇ ਦਿੱਲੀ-ਐਨਸੀਆਰ ਘਟਨਾ ਦਾ ਖੁਦ ਨੋਟਿਸ ਲਿਆ ਅਤੇ ਆਪਣੀ ਰਜਿਸਟਰੀ ਨੂੰ ਜਨਹਿੱਤ ਕੇਸ ਦਰਜ ਕਰਨ ਦਾ ਨਿਰਦੇਸ਼ ਦਿੱਤਾ। ਉਪਲਬਧ ਜਾਣਕਾਰੀ ਦੇ ਅਨੁਸਾਰ, ਇੱਕ ਚੱਲਦੀ ਸਲੀਪਰ ਬੱਸ ਦੇ ਡਰਾਈਵਰ ਅਤੇ ਕੰਡਕਟਰ ਦੁਆਰਾ 16 ਸਾਲਾ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਦਰਜ ਕੀਤਾ ਗਿਆ ਸੀ। ਅਦਾਲਤ ਨੇ ਕਿਹਾ ਕਿ ਪਾਰਕਾਂ ਅਤੇ ਬੱਸਾਂ ਵਰਗੀਆਂ ਜਨਤਕ ਥਾਵਾਂ ਨੂੰ ਮਾੜੀ ਰੋਸ਼ਨੀ, ਨਾਕਾਫ਼ੀ ਨਿਗਰਾਨੀ ਅਤੇ ਪ੍ਰਬੰਧਕੀ ਕਮੀਆਂ ਕਾਰਨ ਉੱਚ-ਜੋਖਮ ਵਾਲੇ ਖੇਤਰ ਨਹੀਂ ਬਣਨ ਦਿੱਤਾ ਜਾ ਸਕਦਾ।

ਕਿਸੇ ਨਾਬਾਲਗ ’ਤੇ ਜਿਨਸੀ ਹਮਲੇ ਦੇ ਮਾਮਲਿਆਂ ਵਿੱਚ, ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਐਕਟ, 2012 (ਪੋਕਸੋ) ਦੇ ਸੰਬੰਧਿਤ ਉਪਬੰਧ ਅਤੇ ਭਾਰਤੀ ਦੰਡ ਸੰਹਿਤਾ, 2023 ਦੇ ਜਿਨਸੀ ਅਪਰਾਧਾਂ ਨਾਲ ਸਬੰਧਤ ਉਪਬੰਧ, ਤੱਥਾਂ ਦੇ ਅਧਾਰ ’ਤੇ ਲਾਗੂ ਹੋ ਸਕਦੇ ਹਨ; ਹਾਲਾਂਕਿ, ਕਿਸੇ ਖਾਸ ਧਾਰਾ ਦਾ ਅੰਤਿਮ ਨਿਰਧਾਰਨ 69♣, ਪੀੜਤ ਦੇ ਬਿਆਨ, ਡਾਕਟਰੀ ਸਬੂਤ ਅਤੇ ਚਾਰਜਸ਼ੀਟ ’ਤੇ ਨਿਰਭਰ ਕਰਦਾ ਹੈ। ਇਸ ਲਈ, ਅਦਾਲਤ ਦੇ ਆਪਣੇ ਆਪ ਨੋਟਿਸ ਨੂੰ ਦੋਸ਼ੀ ਦੇ ਦੋਸ਼ ਦਾ ਅੰਤਿਮ ਨਿਆਂਇਕ ਸਿੱਟਾ ਨਹੀਂ ਮੰਨਿਆ ਜਾਣਾ ਚਾਹੀਦਾ। ਦੋਸਤੋ, ਦੂਜੇ ਪਾਸੇ, ਡੋਂਬੀਵਲੀ ਹਸਪਤਾਲ ਕੇਸ ਕਾਨੂੰਨ ਦੇ ਰਾਜ ਦੀ ਸ਼ਕਤੀ ਜਾਂ ਸਮਾਜਿਕ ਪ੍ਰਭਾਵ ਤੋਂ ਪਾਰ ਜਾਣ ਦੀ ਇੱਕ ਮਹੱਤਵਪੂਰਨ ਉਦਾਹਰਣ ਪ੍ਰਦਾਨ ਕਰਦਾ ਹੈ। ਰਮੇਸ਼ ਮਹਾਤਰੇ ਅਤੇ ਹੋਰਾਂ ’ਤੇ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ ’ਤੇ ਕਥਿਤ ਤੌਰ ’ਤੇ ਹਮਲਾ ਕਰਨ ਦਾ ਦੋਸ਼ ਹੈ। ਐਫਆਈਆਰ ਵਿੱਚ ਕਥਿਤ ਤੌਰ ’ਤੇ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਧਾਰਾ 132 (ਕਿਸੇ ਸਰਕਾਰੀ ਕਰਮਚਾਰੀ ਨੂੰ ਉਸਦੀ ਡਿਊਟੀ ਨਿਭਾਉਣ ਤੋਂ ਰੋਕਣ ਲਈ ਹਮਲਾ ਜਾਂ ਅਪਰਾਧਿਕ ਜ਼ਬਰਦਸਤੀ), ਧਾਰਾ 121(1) (ਕਿਸੇ ਸਰਕਾਰੀ ਕਰਮਚਾਰੀ ਨੂੰ ਨੁਕਸਾਨ ਪਹੁੰਚਾਉਣ ਲਈ ਅਪਰਾਧਿਕ ਧਮਕੀ), ਧਾਰਾ 351(1) (ਅਪਰਾਧਿਕ ਧਮਕੀ), ਧਾਰਾ 352 (ਜਾਣਬੁੱਝ ਕੇ ਅਪਮਾਨ), ਧਾਰਾ 189(2) (ਗੈਰ-ਕਾਨੂੰਨੀ ਇਕੱਠ), ਅਤੇ ਧਾਰਾ 191(2) (ਦੰਗਾ) ਸ਼ਾਮਲ ਹਨ। ਇਹ ਮਾਮਲਾ ਮਹਾਰਾਸ਼ਟਰ ਦੇ ਵਿਸ਼ੇਸ਼ ਰਾਜ ਕਾਨੂੰਨ ਦੇ ਉਪਬੰਧਾਂ ਦੀ ਵੀ ਵਰਤੋਂ ਕਰਦਾ ਹੈ, ਜੋ ਮੈਡੀਕਲ ਕਰਮਚਾਰੀਆਂ ਅਤੇ ਮੈਡੀਕਲ ਸੰਸਥਾਵਾਂ ਵਿਰੁੱਧ ਹਿੰਸਾ ਅਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਤੋਂ ਰੋਕਦਾ ਹੈ। 28 ਸਤੰਬਰ ਨੂੰ, ਸੁਪਰੀਮ ਕੋਰਟ ਨੇ ਹਾਈ ਕੋਰਟ ਦੁਆਰਾ ਦਿੱਤੀ ਗਈ ਜ਼ਮਾਨਤ ’ਤੇ ਰੋਕ ਲਗਾ ਦਿੱਤੀ, ਦੋਸ਼ੀ ਨੂੰ ਤਿੰਨ ਦਿਨਾਂ ਦੇ ਅੰਦਰ ਆਤਮ ਸਮਰਪਣ ਕਰਨ ਦਾ ਨਿਰਦੇਸ਼ ਦਿੱਤਾ। ਬੈਂਚ ਨੇ ਉਸਦੇ ਪਿਛਲੇ ਅਪਰਾਧਿਕ ਰਿਕਾਰਡ ’ਤੇ ਵੀ ਵਿਚਾਰ ਕੀਤਾ। ਮਹੱਤਵਪੂਰਨ ਗੱਲ ਇਹ ਹੈ ਕਿ ਮਾਮਲਾ ਅਜੇ ਵੀ ਨਿਆਂਇਕ ਪ੍ਰਕਿਰਿਆ ਅਧੀਨ ਹੈ, ਅਤੇ ਦੋਸ਼ਾਂ ਨੂੰ ਅੰਤਿਮ ਸਜ਼ਾ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ।

ਇਹਨਾਂ ਘਟਨਾਵਾਂ ਵਿੱਚੋਂ, ਸਭ ਤੋਂ ਵੱਧ ਕਾਨੂੰਨੀ ਪ੍ਰਭਾਵ ਵਾਲਾ ਫੈਸਲਾ ਆਰ ਬਨਾਮ ਈ ਅਤੇ ਹੋਰ, ਸਿਵਲ ਅਪੀਲ ਨੰਬਰ 13119/2026 ਹੈ, ਜੋ ਕਿ ਸਪੈਸ਼ਲ ਲੀਵ ਪਟੀਸ਼ਨ (ਸਿਵਲ) ਨੰਬਰ 1092/2024, ਸੰਬੰਧਿਤ ਅਪਰਾਧਿਕ ਅਪੀਲਾਂ, ਅਤੇ ਮਾਣਹਾਨੀ ਪਟੀਸ਼ਨ ਨੰਬਰ 208/2024 ਤੋਂ ਪੈਦਾ ਹੋਇਆ ਹੈ। ਦੋ ਮੈਂਬਰੀ ਮਾਣਯੋਗ ਬੈਂਚ ਨੇ ਮਾਪਿਆਂ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੇ ਵਿਆਹੁਤਾ ਅਤੇ ਬੱਚੇ ਦੀ ਹਿਰਾਸਤ ਦੇ ਵਿਵਾਦ ਨਾਲ ਨਜਿੱਠਿਆ। ਬੱਚੇ ਦਾ ਜਨਮ 2015 ਵਿੱਚ ਹੋਇਆ ਸੀ। ਬੰਗਲੁਰੂ ਪਰਿਵਾਰਕ ਅਦਾਲਤ ਨੇ ਮਾਰਚ 2022 ਵਿੱਚ ਪਿਤਾ ਨੂੰ ਹਿਰਾਸਤ ਸੌਂਪੀ ਸੀ, ਜਿਸਨੂੰ ਕਰਨਾਟਕ ਹਾਈ ਕੋਰਟ ਅਤੇ ਬਾਅਦ ਵਿੱਚ ਸੁਪਰੀਮ ਕੋਰਟ ਵਿੱਚ ਅਸਫਲ ਚੁਣੌਤੀਆਂ ਤੋਂ ਬਾਅਦ ਜਨਵਰੀ 2023 ਵਿੱਚ ਬਰਕਰਾਰ ਰੱਖਿਆ ਗਿਆ ਸੀ। ਇਸ ਤੋਂ ਬਾਅਦ, 2024 ਵਿੱਚ, ਮਾਂ ਨੇ ਪਿਤਾ ਅਤੇ ਪਰਿਵਾਰਕ ਮੈਂਬਰਾਂ ਵਿਰੁੱਧ ਪੋਕਸੋ ਐਕਟ ਦੀ ਧਾਰਾ 10, ਕਿਸ਼ੋਰ ਨਿਆਂ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ ਦੀ ਧਾਰਾ 75, ਅਤੇ ਉਸ ਸਮੇਂ ਦੇ ਮੌਜੂਦਾ ਭਾਰਤੀ ਦੰਡ ਸੰਹਿਤਾ ਦੇ ਉਪਬੰਧਾਂ ਦੇ ਤਹਿਤ ਬੱਚੇ ਦੇ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਉਂਦੇ ਹੋਏ ਕੇਸ ਦਾਇਰ ਕੀਤਾ। ਦੋਸ਼ਾਂ ਦੀ ਅਸਾਧਾਰਨ ਗੰਭੀਰਤਾ ਨੂੰ ਦੇਖਦੇ ਹੋਏ, ਸੁਪਰੀਮ ਕੋਰਟ ਨੇ ਅਪ੍ਰੈਲ 2026 ਵਿੱਚ, ਜਾਂਚ ਕੇਂਦਰੀ ਜਾਂਚ ਬਿਊਰੋ ਨੂੰ ਸੌਂਪ ਦਿੱਤੀ ਅਤੇ ਬਾਲ ਅਤੇ ਕਿਸ਼ੋਰ ਮਨੋਵਿਗਿਆਨ ਅਤੇ ਕਲੀਨਿਕਲ ਮਨੋਵਿਗਿਆਨ ਦੇ ਮਾਹਿਰਾਂ ਦੀ ਸਹਾਇਤਾ ਦਾ ਪ੍ਰਬੰਧ ਕੀਤਾ। ਜਾਂਚ ਵਿੱਚ ਬੱਚੇ ਦੇ ਬਿਆਨ, ਸੀਸੀਟੀਵੀ ਫੁਟੇਜ, ਮੈਡੀਕਲ ਅਤੇ ਮਨੋਵਿਗਿਆਨਕ ਡੇਟਾ ਅਤੇ ਹਾਲਾਤਾਂ ਦੀ ਜਾਂਚ ਕੀਤੀ ਗਈ। ਅਦਾਲਤ ਨੂੰ ਪੇਸ਼ ਕੀਤੀ ਗਈ ਸੀਬੀਆਈ ਸਮੱਗਰੀ ਵਿੱਚ ਦੋਸ਼ਾਂ ਵਿੱਚ ਭਰੋਸੇਯੋਗਤਾ ਦੀ ਘਾਟ ਪਾਈ ਗਈ, ਅਤੇ ਅਦਾਲਤ ਨੇ ਇਹ ਸਿੱਟਾ ਕੱਢਿਆ ਕਿ ਅਪਰਾਧਿਕ ਕਾਰਵਾਈਆਂ ਜਾਰੀ ਰੱਖਣਾ ਨਿਆਂਇਕ ਪ੍ਰਕਿਰਿਆ ਦੀ ਦੁਰਵਰਤੋਂ ਹੋਵੇਗੀ। ਨਤੀਜੇ ਵਜੋਂ, ਐਫਆਈਆਰ ਅਤੇ ਕਾਰਵਾਈਆਂ ਨੂੰ ਰੱਦ ਕਰ ਦਿੱਤਾ ਗਿਆ, ਅਤੇ ਪਿਤਾ ਨੂੰ ਬੱਚੇ ਦੀ ਕਾਨੂੰਨੀ ਹਿਰਾਸਤ ਰੱਖਣ ਦਾ ਨਿਰਦੇਸ਼ ਦਿੱਤਾ ਗਿਆ। ਫੈਸਲੇ ਦੀ ਸ਼ੁਰੂਆਤ ਵਿੱਚ, ਅਦਾਲਤ ਨੇ ਸਥਿਤੀ ਦੀ ਗੰਭੀਰਤਾ ’ਤੇ ਜ਼ੋਰ ਦਿੱਤਾ: ਜਦੋਂ ਮਾਪਿਆਂ ਦੀ ਨਫ਼ਰਤ ਜਿਨਸੀ ਸ਼ੋਸ਼ਣ ਦੇ ਗੈਰ-ਵਾਜਬ ਦੋਸ਼ਾਂ ਦੇ ਬਿੰਦੂ ਤੱਕ ਵਧ ਜਾਂਦੀ ਹੈ, ਤਾਂ ਵਿਵਾਦ ਇੱਕ ਬਿਲਕੁਲ ਵੱਖਰਾ ਅਤੇ ਬਹੁਤ ਗੰਭੀਰ ਪਹਿਲੂ ਧਾਰਨ ਕਰਦਾ ਹੈ।

ਵਕੀਲ ਕਿਸ਼ਨ ਸੰਮੁਖਦਾਸ ਭਵਨਾਨੀ,
ਗੋਂਡੀਆ, ਮਹਾਰਾਸ਼ਟਰ
9226229318

ਦੋਸਤੋ, ਇਸ ਫੈਸਲੇ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਭਵਿੱਖ ਦੇ ਮਾਮਲਿਆਂ ਲਈ ਬਣਾਏ ਗਏ ਨਿਆਂਇਕ ਸੁਰੱਖਿਆ ਉਪਾਅ ਹਨ। ਜਿੱਥੇ ਬੱਚੇ ਦੇ ਨਾਲ ਰਹਿਣ ਵਾਲੇ ਕਿਸੇ ਮਾਤਾ-ਪਿਤਾ ਜਾਂ ਪਰਿਵਾਰਕ ਮੈਂਬਰ ’ਤੇ ਪੋਕਸੋ ਅਪਰਾਧ ਦਾ ਦੋਸ਼ ਲਗਾਇਆ ਜਾਂਦਾ ਹੈ, ਅਤੇ ਮਾਪਿਆਂ ਵਿਚਕਾਰ ਵਿਆਹੁਤਾ ਝਗੜਾ ਵੀ ਹੁੰਦਾ ਹੈ, ਤਾਂ ਜਾਂਚ ਅਧਿਕਾਰੀ ਨੂੰ ਗ੍ਰਿਫ਼ਤਾਰੀ ਕਰਦੇ ਸਮੇਂ ਭਾਰਤੀ ਦੰਡ ਸੰਹਿਤਾ ਦੀ ਧਾਰਾ 35 ਦੇ ਮਾਪਦੰਡਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ। ਅਜਿਹੇ ਮਾਮਲਿਆਂ ਵਿੱਚ, ਬੱਚੇ ਅਤੇ ਕਿਸ਼ੋਰ ਮਨੋਵਿਗਿਆਨੀ ਜਾਂ ਕਲੀਨਿਕਲ ਮਨੋਵਿਗਿਆਨੀ ਦੁਆਰਾ ਬੱਚੇ ਦਾ ਸੁਤੰਤਰ ਮੁਲਾਂਕਣ ਇੱਕ ਮਹੱਤਵਪੂਰਨ ਸੁਰੱਖਿਆ ਹੈ। ਮਾਹਰ ਨੂੰ ਆਮ ਤੌਰ ’ਤੇ ਪੋਕਸੋ ਨਿਯਮਾਂ, 2020 ਦੇ ਨਿਯਮ 5 ਦੇ ਤਹਿਤ ਜ਼ਿਲ੍ਹਾ ਬਾਲ ਸੁਰੱਖਿਆ ਇਕਾਈ ਵਿੱਚ ਉਪਲਬਧ ਮਾਹਰਾਂ ਵਿੱਚੋਂ ਚੁਣਿਆ ਜਾ ਸਕਦਾ ਹੈ। ਇਸਦਾ ਉਦੇਸ਼ ਬੱਚੇ ’ਤੇ ਕਿਸੇ ਵੀ ਪ੍ਰਭਾਵ, ਹਾਲਾਤਾਂ ਅਤੇ ਉਨ੍ਹਾਂ ਦੇ ਬਿਆਨਾਂ ਨੂੰ ਪੇਸ਼ੇਵਰ ਤੌਰ ’ਤੇ ਸਮਝਣ ਵਿੱਚ ਜਾਂਚ ਵਿੱਚ ਸਹਾਇਤਾ ਕਰਨਾ ਹੈ। ਸੁਪਰੀਮ ਕੋਰਟ ਨੇ ਇੱਕ ਹੋਰ ਮਹੱਤਵਪੂਰਨ ਸਿਧਾਂਤ ਸਪੱਸ਼ਟ ਕੀਤਾ: ਸਿਰਫ਼ ਪੋਕਸੋ 69♣ ਦਰਜ ਕਰਨ ਨਾਲ ਹੀ ਦੋਸ਼ ਦੀ ਸੱਚਾਈ ਸਾਬਤ ਨਹੀਂ ਹੁੰਦੀ ਅਤੇ ਨਾ ਹੀ ਇਹ ਮਾਪਿਆਂ ਦੇ ਹਿਰਾਸਤ ਜਾਂ ਸਰਪ੍ਰਸਤੀ ਦੇ ਦਾਅਵੇ ਨੂੰ ਆਪਣੇ ਆਪ ਖਤਮ ਕਰਦਾ ਹੈ। ਪਰਿਵਾਰਕ ਅਦਾਲਤ ਨੂੰ ਉਪਲਬਧ ਸਮੱਗਰੀ ਅਤੇ ਜਾਂਚ ਦੇ ਤੱਥਾਂ ਦੇ ਆਧਾਰ ’ਤੇ ਇੱਕ ਸੁਤੰਤਰ ਪਹਿਲੀ ਨਜ਼ਰੇ ਰਾਏ ਬਣਾਉਣੀ ਚਾਹੀਦੀ ਹੈ। ਇਸੇ ਤਰ੍ਹਾਂ, ਪੋਕਸੋ ਐਕਟ ਦੀ ਧਾਰਾ 33 ਦੇ ਤਹਿਤ ਵਿਸ਼ੇਸ਼ ਅਦਾਲਤ ਵਿੱਚ ਸਿੱਧੇ ਤੌਰ ’ਤੇ ਦਾਇਰ ਕੀਤੀ ਗਈ ਨਿੱਜੀ ਸ਼ਿਕਾਇਤ ਦੇ ਮਾਮਲੇ ਵਿੱਚ ਵੀ, ਨੋਟਿਸ ਲੈਣ ਅਤੇ ਨਿਰਧਾਰਤ ਹਾਲਾਤਾਂ ਵਿੱਚ ਅੱਗੇ ਵਧਣ ਤੋਂ ਪਹਿਲਾਂ, ਬੱਚੇ ਦੇ ਮਾਹਰ ਮੁਲਾਂਕਣ ’ਤੇ ਹੋਰ ਸਮੱਗਰੀ ਦੇ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਪੋਕਸੋ ਐਕਟ ਦੀ ਧਾਰਾ 22 ਝੂਠੀ ਸ਼ਿਕਾਇਤ ਜਾਂ ਗਲਤ ਜਾਣਕਾਰੀ ਦੇ ਕੁਝ ਹਾਲਾਤਾਂ ਲਈ ਸਜ਼ਾ ਦੀ ਵਿਵਸਥਾ ਕਰਦੀ ਹੈ, ਪਰ ਅਦਾਲਤ ਦਾ ਮੁੱਖ ਉਦੇਸ਼ ਅਸਲ ਵਿੱਚ ਪੀੜਤ ਬੱਚਿਆਂ ਦੀ ਸੁਰੱਖਿਆ ਨੂੰ ਕਮਜ਼ੋਰ ਕਰਨਾ ਨਹੀਂ ਹੈ, ਸਗੋਂ ਕਾਨੂੰਨ ਨੂੰ ਵਿਆਹੁਤਾ ਬਦਲਾ ਲੈਣ ਦਾ ਸਾਧਨ ਬਣਨ ਤੋਂ ਰੋਕਣਾ ਹੈ।

ਦੋਸਤੋ, ਇਸ ਫੈਸਲੇ ਦੀ ਅੰਤਰਰਾਸ਼ਟਰੀ ਕਾਨੂੰਨੀ ਸਾਰਥਕਤਾ ਵੀ ਹੈ, ਕਿਉਂਕਿ ਬੱਚੇ ਦੇ ਸਰਵੋਤਮ ਹਿੱਤ ਬਾਲ ਅਧਿਕਾਰ ਨਿਆਂ ਸ਼ਾਸਤਰ ਦੇ ਮੂਲ ਵਿੱਚ ਹਨ। ਜਦੋਂ ਕਿ ਅਸਲ ਵਿੱਚ ਜਿਨਸੀ ਹਮਲੇ ਦੀਆਂ ਸ਼ਿਕਾਇਤਾਂ ਲਈ ਅਤਿ ਸੰਵੇਦਨਸ਼ੀਲਤਾ ਅਤੇ ਜਲਦੀ ਦੀ ਲੋੜ ਹੁੰਦੀ ਹੈ, ਮਾਪਿਆਂ ਦੇ ਟਕਰਾਅ ਵਿੱਚ ਇੱਕ ਬੱਚੇ ਨੂੰ ਹਥਿਆਰ ਵਜੋਂ ਵਰਤਣਾ ਉਨ੍ਹਾਂ ਦੀ ਮਨੋਵਿਗਿਆਨਕ ਤੰਦਰੁਸਤੀ ਨੂੰ ਗੰਭੀਰਤਾ ਨਾਲ ਨੁਕਸਾਨ ਪਹੁੰਚਾ ਸਕਦਾ ਹੈ। ਸੁਪਰੀਮ ਕੋਰਟ ਨੇ ਇਸ ਦੁਬਿਧਾ ਦੇ ਵਿਚਕਾਰ ਇੱਕ ਸੰਤੁਲਿਤ ਰਸਤਾ ਲੱਭਣ ਦੀ ਕੋਸ਼ਿਸ਼ ਕੀਤੀ ਹੈ, ਇਹ ਯਕੀਨੀ ਬਣਾਉਣ ਲਈ ਕਿ ਅਸਲ ਪੀੜਤ ਦੀ ਆਵਾਜ਼ ਨਾ ਤਾਂ ਚੁੱਪ ਕੀਤੀ ਜਾਵੇ ਅਤੇ ਨਾ ਹੀ ਮਾਸੂਮ ਵਿਅਕਤੀਆਂ ਨੂੰ ਸਿਰਫ਼ ਇੱਕ ਦੋਸ਼ ਕਾਰਨ ਨਾ ਤਾਂ ਸਮਾਜਿਕ, ਪਰਿਵਾਰਕ ਅਤੇ ਨਿੱਜੀ ਨੁਕਸਾਨ ਦਾ ਸਾਹਮਣਾ ਕਰਨਾ ਪਵੇ। ਇਸ ਲਈ, ਫੈਸਲੇ ਦੀਆਂ ਕਾਪੀਆਂ ਸਾਰੀਆਂ ਹਾਈ ਕੋਰਟਾਂ ਦੇ ਰਜਿਸਟਰਾਰ ਜਨਰਲਾਂ ਅਤੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਰਾਹੀਂ ਫੌਜਦਾਰੀ ਅਦਾਲਤਾਂ ਅਤੇ ਪੁਲਿਸ ਪ੍ਰਣਾਲੀਆਂ ਨੂੰ ਭੇਜਣ ਦਾ ਨਿਰਦੇਸ਼ ਇਸਦੇ ਰਾਸ਼ਟਰੀ ਮਹੱਤਵ ਨੂੰ ਦਰਸਾਉਂਦਾ ਹੈ।

ਦੋਸਤੋ ਇਸ ਤਰ੍ਹਾਂ, ਜੇਕਰ ਅਸੀਂ ਉਪਰੋਕਤ ਬਿਰਤਾਂਤ ਦੀ ਜਾਂਚ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਉਂਦੇ ਹਾਂ ਕਿ ਸਤੰਬਰ 2026 ਦੇ ਇਹ ਨਿਆਂਇਕ ਵਿਕਾਸ ਕਾਨੂੰਨ ਦੇ ਤਿੰਨ ਵੱਖਰੇ ਪਰ ਆਪਸ ਵਿੱਚ ਜੁੜੇ ਪਹਿਲੂਆਂ ਨੂੰ ਉਜਾਗਰ ਕਰਦੇ ਹਨ: ਜਨਤਕ ਥਾਵਾਂ ’ਤੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ, ਡਾਕਟਰਾਂ ਵਰਗੇ ਜਨਤਕ ਸੇਵਾ ਪ੍ਰਦਾਤਾਵਾਂ ਦੀ ਸੁਰੱਖਿਆ, ਅਤੇ ਬਹੁਤ ਸਖ਼ਤ ਬਾਲ ਸੁਰੱਖਿਆ ਕਾਨੂੰਨਾਂ ਦੀ ਸੰਭਾਵੀ ਦੁਰਵਰਤੋਂ ਤੋਂ ਨਾਗਰਿਕ ਆਜ਼ਾਦੀਆਂ ਦੀ ਸੁਰੱਖਿਆ। ਨਿਆਂ ਦਾ ਅਸਲ ਅਰਥ ਸਿਰਫ਼ ਦੋਸ਼ੀ ਨੂੰ ਸਜ਼ਾ ਦੇਣਾ ਨਹੀਂ ਹੈ, ਸਗੋਂ ਅਸਲ ਪੀੜਤ ਦੀ ਰੱਖਿਆ ਕਰਨਾ, ਬੇਕਸੂਰ ਨੂੰ ਅਨੁਚਿਤ ਦੰਡਕਾਰੀ ਪ੍ਰਕਿਰਿਆਵਾਂ ਤੋਂ ਬਚਾਉਣਾ, ਅਤੇ ਬੱਚੇ ਦੇ ਸਰਵੋਤਮ ਹਿੱਤਾਂ ਨੂੰ ਹੋਰ ਸਾਰੇ ਟਕਰਾਵਾਂ ਤੋਂ ਉੱਪਰ ਰੱਖਣਾ ਹੈ। ਇਸ ਲਈ ਇਸ ਲਈ ਬਨਾਮ 5 ਅਤੇ ਹੋਰ ਵਿੱਚ ਫੈਸਲਾ ਸਿਰਫ਼ ਵਿਆਹੁਤਾ ਝਗੜੇ ਦਾ ਹੱਲ ਨਹੀਂ ਹੈ, ਸਗੋਂ ਦੇਸ਼ ਭਰ ਵਿੱਚ ਪੁਲਿਸ, ਵਿਸ਼ੇਸ਼ ਪੋਕਸੋ ਅਦਾਲਤਾਂ ਅਤੇ ਪਰਿਵਾਰਕ ਅਦਾਲਤਾਂ ਲਈ ਇੱਕ ਮਹੱਤਵਪੂਰਨ ਸੰਦੇਸ਼ ਹੈ: ਜਦੋਂ ਕਿ ਬਾਲ ਸੁਰੱਖਿਆ ਕਾਨੂੰਨਾਂ ਦੀ ਸਖ਼ਤੀ ਬਰਕਰਾਰ ਰਹਿੰਦੀ ਹੈ, ਇੱਕ ਦੋਸ਼ ਨੂੰ ਆਪਣੇ ਆਪ ਹੀ ਦੋਸ਼ੀ ਦੇ ਸਬੂਤ ਵਜੋਂ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ ਹੈ - ਕਿਉਂਕਿ ਨਿਆਂ ਦੀ ਭਰੋਸੇਯੋਗਤਾ ਅੰਤ ਵਿੱਚ ਨਿਰਪੱਖ ਜਾਂਚ, ਸਬੂਤ, ਉਚਿਤ ਪ੍ਰਕਿਰਿਆ ਅਤੇ ਸੱਚਾਈ ਵਿਚਕਾਰ ਸੰਤੁਲਨ ’ਤੇ ਟਿਕੀ ਹੁੰਦੀ ਹੈ।

# ਸਰਕਾਰੀ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਕਿਉਂ ਨਹੀਂ




ਪੈਨਸ਼ਨ ਇੱਕ ਅਜਿਹਾ ਸ਼ਬਦ ਹੈ ਜਿਸ ਨੂੰ ਹਰ ਕੋਈ ਚਾਹੁੰਦਾ ਹੈ। ਹਰ ਇੱਕ ਦਾ ਸੁਪਨਾ ਹੁੰਦਾ ਹੈ ਕਿ ਉਹ 25-30 ਸਾਲ ਦੀ ਨੌਕਰੀ ਕਰਕੇ ਆਪਣੀ ਜਿੰਦਗੀ ਦਾ ਅਸਲ ਸਹਾਰਾ ਪੈਨਸ਼ਨ ਨੂੰ ਹੀ ਮੰਨਦਾ ਹੈ। ਪੈਨਸ਼ਨ ਦੇ ਸਹਾਰੇ ਉਹ ਆਪਣਾ ਬੁਢਾਪਾ ਅਤੇ ਅੰਤਲੀ ਜਿੰਦਗੀ ਨੂੰ ਬਤੀਤੀ ਕਰਨਾ ਚਾਹੁੰਦਾ ਹੈ।ਇੱਕ ਕਰਮਚਾਰੀ ਸਾਰੀ ਉਮਰ ਦਿਨ ਰਾਤ ਮਿਹਨਤ ਨਾਲ ਸਰਕਾਰੀ-ਪ੍ਰਾਈਵੇਟ ਨੌਕਰੀ ਕਰਦਾ ਹੈ। ਪਰ ਜਿੰਦਗੀ ਦੇ ਅੰਤਿਮ ਦਿਨਾਂ ਵਿੱਚ ਜਦ ਉਹ ਆਪਣੇ ਪੈਨਸ਼ਨ ਦੇ ਸਹਾਰੇ ਤੋ ਬੇਸਹਾਰਾ ਹੋ ਜਾਂਦਾ ਹੈ ਤਾਂ ਉਸ ਸਮੇ ਉਸ ਲਈ ਦੁਨੀਆਂ ਦਾ ਹੋਰ ਕੋਈ ਵੀ ਸਹਾਰਾ ਨਹੀ ਰਹਿ ਜਾਂਦਾ ਕਿ ਉਹ ਕਿਸ ਪਾਸੇ ਜਾਵੇ। ਥਰਮਚਾਰੀ ਨੂੰ ਰਿਟਾਇਰ ਹੋਣ ਤੋ ਮਰਨ ਤੱਕ ਪੈਨਸ਼ਨ ਮਿਲਦੀ ਹੈ। ਜਿਸ ਦੇ ਸਹਾਰੇ ਉਸ ਦਾ ਬੁਢਾਪਾ ਚੰਗਾ ਗੁਜਰ ਜਾਂਦਾ ਹੈ।▲ਇੱਕ ਆਮ ਆਦਮੀ ਦਾ ਅੱਜ ਦੇ ਜਮਾਨੇ ਵਿੱਚ ਘਰ ਦਾ ਖਰਚ ਚਲਾਉਣਾ ਬਹੁਤ ਮੁਸ਼ਕਿਲ ਹੈ। ਅੱਜ ਦੀ ਮਂਹਿਗਾਈ ਵਿੱਚ ਜਿੱਥੇ ਘਰ ਦਾ ਗੁਜਾਰਾ ਕਰਨਾ ਮੁਸਕਿਲ ਹੈ। ਉਸ ਦੇ ਨਾਲ ਮਂਹਿਗੀ ਹੁੰਦੀ ਜਾ ਪੜਾਈ ਵੀ ਪਰਿਵਾਰਾਂ ਤੇ ਵੱਡਾ ਬੋਝ ਬਣਦੀ ਜਾ ਰਹੀ ਹੈ ਕਿ ਇਕੱ ਇਨਸਾਨ ਆਪਣੀ ਜਿੰਦਗੀ ਵਿੱਚ 'ਕੀ ਕਰੇ। ਮਂਹਿਗਾਈ ਦੇ ਦੌਰ ਨੇ ਇਨਸਾਨ ਨੂੰ ਖਤਮ ਕਰਕੇ ਰੱਖ ਦਿੱਤਾ ਹੈ।ਮੈ ਗੱਲ ਕਰਦੀ ਹਾਂ ਕਿ 2004 ਸਾਲ ਤੋ ਬਾਦ ਭਰਤੀ ਹੋਏ ਕਰਮਚਾਰੀਆਂ ਦੀ ਜਿੰਨਾ ਉਸ ਸਮੇ ਦੀ ਕੇਂਦਰ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਨੂੰ ਬੰਦ ਕਰਕੇ ਰੱਖ ਦਿੱਤਾ ਸੀ। ਜਿਸ ਨਾਲ ਅੱਜ ਇਸ ਆਦੇਸ਼ ਦੇ ਮੁਤਾਬਿਕ ਲੱਖਾਂ ਕਰਮਚਾਰੀ ਪੁਰਾਣੀ ਪੈਨਸ਼ਨ ਸਕੀਮ ਤੋ ਵਾਂਝੇ ਹੋ ਕੇ ਰਹਿ ਗਏ ਹਨ।2004 ਤੋ ਬਾਦ ਭਰਤੀ ਹੋਏ ਕਰਮਚਾਰੀਆਂ ਤੇ ਇਹ ਨਿਯਮ ਲਾਗੂ ਕਰਨਾ ਬਹੁਤ ਹੀ ਗਲਤ ਸੀ ਕਿਉਕਿ ਉਹ ਵੀ ਪੁਰਾਣੀ ਪੈਨਸ਼ਨ ਸਕੀਮ ਦੇ ਉਹਨਾਂ ਕਰਮਚਾਰੀਆਂ ਦੇ ਬਰਾਬਰ ਹੱਕਦਾਰ ਸਨ। ਇਸ ਨਿਯਮ ਦੇ ਲਾਗੂ ਹੋਣ ਨਾਲ ਨਵੇ ਭਰਤੀ ਹੋਏ ਕਰਮਚਾਰੀਆਂ ਵਿੱਚ ਨਿਰਾਸ਼ਾ ਪੈਦਾ ਹੋ ਗਈ। ਨਵੀ ਲਾਗੂ ਹੋਈ ਪੈਨਸ਼ਨ ਸਕੀਮ ਜੋ ਕਿ 2004 ਤੋ ਬਾਦ ਨਿਯੁਕਤ ਕਰਮਚਾਰੀਆਂ ਦੇ ਜੀਵਨ ਨਾਲ ਥੋਖਾ ਹੈ। ਇਸ ਸਕੀਮ ਦੇ ਅੰਦਰ ਆਉਣ ਨਾਲ ਸਰਕਾਰੀ ਕਰਮਚਾਰੀਆਂ ਨੂੰ ਆਪਣੀ ਮਿਹਨਤ ਦੀ ਕਮਾਈ ਵੀ ਸੇ▲ਅਰ ਮਾਰਕੀਟ ਦੇ ਬਰਾਬਰ ਮਿਲਣ ਦੇ ਆਸਾਰ ਹੋ ਗਏ ਹਨ। ਸਰਕਾਰ ਕਰਮਚਾਰੀਆ ਦਾ ਪੈਸਾ ਹੀ ਜਮਾ ਕਰਕੇ ਆਪਣੀਆਂ ਵੱਖ ਵੱਖ ਸਕੀਮਾਂ ਵਿੱਚ ਲਗਾ ਕੇ ਕਰਮਚਾਰੀਆਂ ਨੂੰ ਉਹਨਾਂ ਦੇ ਪੈਸਿਆਂ ਤੋ ਪਰੇ ਕਰ ਰਹੀ ਹੈ। ਸਾਡੇ ਦੇਸ਼ ਦੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਕਰਮਚਾਰੀਆਂ: ਜਿੰਨਾਂ ਨੇ ਆਪਣੀ ਜਿੰਦਗੀ ਦੇ 25-30 ਸਾਲ ਦੇਸ਼ ਦੇ ਸਰਕਾਰੀ ਦਫਤਰਾਂ ਵਿੱਚ ਦਿੱਤੇ ਹੁੰਦੇ ਹਨ। ਉਹਨਾਂ ਨਾਲ ਕਿਸੇ ਵੀ ਕਿਸਮ ਦਾ ਥੋਖਾ ਨਾ ਕੀਤਾ ਜਾਵੇ ਤੇ ਉਹਨਾਂ: ਦੀ ਮਿਹਨਤ ਕੀ ਕਮਾਈ ਤੇ ਪੁਰਾਣੀ ਪੈਨਸ਼ਨ ਸਕੀਮ ਅਧੀਨ ਉਹਨਾਂ ਨੂੰ ਲਿਆ ਕੇ ਸਾਰੇ ਵਿੱਤੀ ਲਾਭ ਦੇਣ ਦੀ ਕੋਸ਼ਿਸ਼ ਕਰੇ।ਅੱਜ 2004 ਤੋ ਬਾਦ ਭਰਤੀ ਹੋਏ ਸਰਕਾਰੀ ਕਰਮਚਾਰੀ ਆਪਣੀ ਪੈਨਸ਼ਨ ਤੋ ਰਿਟਾਇਰ ਹੋ ਰਹੇ ਹਨ। ਜਿੰਨੀ ਪੈਨਸ਼ਨ ਤੇ ਇਹ ਕਰਮਚਾਰੀ ਰਿਟਾਇਰ ਹੋ ਰਹੇ ਹਨ। ਇਸ ਨਾਲ ਅੱਜ ਮਹਿੰਗਾਈ ਦੇ ਦੌਰ ਵਿੱਚ ਇੱਕ ਅਖਬਾਰ ਵੀ ਲੈਣਾ ਮੁਸਕਿਲ ਹੈ।ਜਿਸ ਸਮੇ ਨਵੀ ਪੈਨਸ਼ਨ ਸਕੀਮ ਦਾ ਆਦੇਸ਼ ਦੇਸ਼ ਵਿੱਚ ਲਾਗੂ ਹੋਇਆ ਉਸ ਸਮੇ ਦੇਸ਼ ਅੰਦਰ ਪੁਰਾਣੀ ਪੈਨਸ਼ਨ ਜੋ ਕਿ ਅੰਗਰੇਜ਼ ਦੇ ਸਮੇ ਤੋ ਚਲਦੀ ਆ ਰਹੀ ਸੀ। ਪਰ ਦੇਸ਼ ਅੰਦਰ 2004 ਤੋ ਇਹ ਨਵਾਂ ਕਾਨੂੰਨ ਬਣ ਗਿਆ ਕਿ ਜੋ ਕਰਮਚਾਰੀ ਇਸ ਸਾਲ ਤੋ ਬਾਦ ਭਰਤੀ ਹੋਏ ਹਨ। ਉਹ ਪੁਰਾਣੀ ਪੈਨਸ਼ਨ ਸਕੀਮ ਦੇ ਹੱਕਦਾਰ ਨਹੀ ਹਨ ਤਾਂ ਸਾਡੇ ਦੇਸ਼ ਦੇ ਨੇਤਾ ਹਰ ਵਾਰੀ ਵੋਟਾਂ ਜਿੱਤਣ ਤੇ ਵੱਖ ਵੱਖ ਪੈਨਸ਼ਨਾਂ ਦੇ ਹੱਕਦਾਰ ਕਿਸ ਤਰਾਂ ਬਣ ਜਾਂਦੇ ਹਨ। ਜੇ ਕਰ ਅਸੀ ਇੱਕ ਨੌਕਰੀ ਕਰਨ ਵਾਲੇ ਕਰਮਚਾਰੀਆਂ ਨੂੰ ਇੱਕ ਹੀ ਪੈਨਸ਼ਨ ਤੋ ਵਾਂਝੇ ਰੱਖ ਰਹੇ ਹਾਂ। ਸਾਡੇ ਦੇਸ਼ ਦੀ ਮਾਣਯੋਗ ਸੁਪਰੀਮ ਕੋਰਟ ਅਧੀਨ ਸੇਵਾ ਨਿਭਾ ਰਹੇ ਜੱਜਾਂ ਨੂੰ ਵੀ ਮੇਰੀ ਇਹ ਅਪੀਲ ਹੈ ਕਿ ਉਹ ਦੇਸ਼ ਅੰਦਰ ਇਸ ਤਰਾਂ ਦੇ ਕਾਨੂੰਨ ਦੀ ਸਿਰਜਣਾ ਕਰਨ ਕਿ ਜੋ ਵੀ ਕਰਮਚਾਰੀ ਚਾਹੇ ਉਹ 2004 ਤੋ ਬਾਦ ਜਾਂ ਪਹਿਲਾਂ ਸਰਕਾਰੀ ਨੌਕਰੀ ਦੀ ਸੇਵਾ ਵਿੱਚ ਆਇਆ ਹੋਇਆ ਹੈ। ਉਸ ਨੂੰ ਅੰਗਰੇਜ ਰਾਜ ਤੋ ਚਲਦੀ ਆ ਰਹੀ ਪੁਰਾਣੀ ਪੈਨਸ਼ਨ ਸੇਵਾ ਪਹਿਲਾਂ ਦੀ ਤਰਾਂ ਬਹਾਲ ਰਹੇ। ਜੇ ਕਰ ਇਸ ਤਰਾਂ ਹੀ ਸੇਵਾ ਮੁਕਤ ਕਰਮਚਾਰੀਆਂ ਨੂੰ ਪੁਰਾਣੀ ਪੈਨਸ਼ਨ ਨਹੀ ਮਿਲੀ ਤਾਂ ਉਹਨਾਂ ਦਾ ਬੁਢਾਪੇ ਵਿੱਚ ਗੁਜਾਰਾ ਕਰਨਾ ਔਖਾ ਹੋ ਜਾਵੇਗਾ। ਮਾਨਯੋਗ ਸੁਪਰੀਮ ਕੋਰਟ ਨੂੰ ਮੇਰੀ ਅਪੀਲ ਹੈ ਕਿ ਦੇਸ਼ ਦੇ ਨੇਤਾਵਾਂ ਦੀ ਹਰ ਵਾਰ ਚੋਣਾਂ ਲੜਨ ਦੇ ਬਾਦ ਲੱਗਣ ਵਾਲੀ ਪੈਨਸ਼ਨ ਤੇ ਹੋਰ ਬਾਕੀ ਭੱਤਿਆਂ ਤੇ ਰੋਕ ਲਗਾਉਣੀ ਚਾਹੀਦੀ ਹੈ। ਇਸ ਨਾਲ ਦੇਸ਼ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਜਿੰਦਗੀ ਦਾ ਅਸੂਲ ਹੈ ਕਿ ਇਨਸਾਨ ਨੂੰ ਜਿੰਦਗੀ ਦੀ ਇੱਕ ਹੀ ਪੈਨਸ਼ਨ ਤੇ ਇੱਕ ਹੀ ਸਰਕਾਰੀ ਨੌਕਰੀ ਦਾ ਹੱਕ ਹੁੰਦਾ ਹੈ ਕਿ ਉਸ ਨੂੰ ਇੱਕ ਵਾਰ ਹੀ ਸਰਕਾਰੀ ਨਿਯੁਕਤੀ ਤੇ ਰੱਖਿਆ ਜਾਂਦਾ ਹੈ।ਇਸ ਪ੍ਰਕਾਰ ਹੀ ਸਾਡੇ ਨੇਤਾਵਾਂ ਦੀ ਵਾਰ ਵਾਰ ਪੈਨਸ਼ਨ ਤੇ ਭੱਤਿਆਂ ਨਾਲ ਦੇਸ਼ ਅੰਦਰ ਬੇਰੁਜਗਾਰ ਨੌਜਵਾਨ ਵਰਗ ਨੂੰ ਨੌਕਰੀਆਂ ਮਿਲਣ ਵਿੱਚ ਵੀ ਵੱਡੀ ਪਰੇਸ਼ਾਨੀ ਆ ਰਹੀ ਹੈ ਕਿਉਕਿ ਦੇਸ਼ ਦਾ ਅੱਧੇ ਤੋ ਜਿਆਦਾ ਭੱਤਾ ਤੇ ਆਮਦਨ ਸਾਡੇ ਦੇਸ ਦੇ ਨੇਤਾਵਾਂ ਦੀ ਜਰੂਰਤਾਂ ਨੂੰ ਪੂਰਾ ਕਰਨ ਵਿੱਚ ਹੀ ਲੱਗ ਜਾਂਦਾ ਹੈ ਰੁਜਗਾਰ ਨਾ ਮਿਲਣ ਕਰਕੇ ਸਾਡੇ ਦੇਸ਼ ਦੀ ਨੌਜਵਾਨ ਪੀੜੀ ਨਸ਼ਿਆਂ ਵਿੱਚ ਫਸਦੀ ਜਾ ਰਹੀ ਹੈ। ਜਿਸ ਕਾਰਨ ਦੇਸ਼ ਅੰਦਰ ਚੋਰੀਆਂ,ਅਤੇ ਸਮਾਜਿਕ ਬੁਰਾਈਆਂ ਵੱਡੇ ਪੱਧਰ ਤੇ ਫੈਲ ਰਹੀਆਂ ਹਨ। ਦੇਸ਼ ਅੰਦਰ ਬੇਰੁਜਗਾਰੀ ਕਾਰਨ ਇਨਸਾਨ ਨੂੰ ਸਰੇਆਮ ਲੁੱਟ ਰਿਹਾ ਹੈ। ਆਉਣ ਵਾਲੇ ਸਮੇ ਵਿੱਚ ਜੇ ਕਰ ਸਰਕਾਰਾਂ ਨੇ ਨੌਜਵਾਨ ਵਰਗ ਲਈ ਰੁਜਗਾਰ ਦੇ ਮੌਕੇ ਨਾ ਪੈਦਾ ਕੀਤੇ ਤਾਂ ਦੇਸ ਅੰਦਰ ਸਭ ਤੋ ਵੱਡੀ ਸਮੱਸਿਆ ਨੌਜਵਾਨਾਂ ਨੂੰ ਚੰਗਾ ਭਵਿੱਖ ਦੇਣਾ ਮੁਸਕਿਲ ਹੋ ਜਾਵੇਗਾ। ਇਸ ਸਮੇ ਦੇਸ਼ ਦੀ ਵੱਡੇ ਪੱਧਰ ਤੇ ਨੌਜਵਾਨ ਪੀੜੀ ਪੜ ਲਿਖ ਕੇ ਵਿਦੇਸ਼ਾ ਨੂੰ ਰੁਜਗਾਰ ਦੀ ਖਾਤਿਰ ਘਰਾਂ ,ਮਾਪਿਆਂ ਤੇ ਰਿਸ਼ਤੇਦਾਰਾਂ ਤੋ ਦੂਰ ਜਾ ਰਹੀ ਹੈ। ਜਿਸ ਕਰਕੇ ਨੌਜਵਾਨ ਵਰਗ ਅੱਜ ਬੇਰੁਜਗਾਰੀ ਦੇ ਆਲਮ ਵਿੱਚ ਆ ਕੇ ਧਰਨੇ,ਰੈਲੀਆਂ,ਸੜਕਾਂ ਜਾਮ ਕਰਕੇ ਨੌਕਰੀਆਂ ਲਈ ਲੜਾਈ ਕਰ ਰਿਹਾ ਹੈ। ਇਸ ਕਰਕੇ ਮਾਣਯੋਗ ਸੁਪਰੀਮ ਕੋਰਟ ਨੂੰ ਅਪੀਲ ਹੈ ਕਿ 2004 ਤੋ ਬਾਦ ਦੀ ਬੰਦ ਕੀਤੀ ਪੈਨਸ਼ਨ ਫਿਰ ਬਹਾਲ ਕੀਤੀ ਜਾਵੇ ਅਤੇ ਇਸ ਦੇ ਨਾਲ ਹੀ ਨੇਤਾਵਾਂ ਦੀ ਵੀ ਇੱਕ ਪੈਨਸ਼ਨ ਹੀ ਜਾਰੀ ਰੱਖੀ ਜਾਵੇ।

**ਮੁਸਕਾਨ ਮਲਹੋਤਰਾ ਬਹਿਰਾਮਪੁਰ**
**ਗੁਰਦਾਸਪੁਰ 8872179350**

# ਜਿੰਦਗੀ ਵਿੱਚ ਸਮੇਂ ਦੀ ਮਹੱਤਤਾ

ਸਮੇਂ ਦੀ ਅਸਲ ਕੀਮਤ, ਅਕਸਰ ਸਮਾਂ ਲੰਘ ਜਾਣ ਤੋਂ ਬਾਅਦ ਪੈਂਦੀ ਹੈ। ਪਰ ਜਿਸਨੇ ਸਮੇਂ ਦੀ ਕੀਮਤ ਤੋਂ ਪਹਿਚਾਣ ਕੇ ਇਸ ਦੀ ਸਦਵਰਤੋਂ ਕੀਤੀ, ਉਸਨੂੰ ਸਮਾਂ ਮਣਾਂ-ਮੂੰਹੀ ਇੱਜ਼ਤ, ਮਾਣ-ਸਨਮਾਨ ਅਤੇ ਤਰੱਕੀਆਂ ਦਿੰਦਾ ਹੈ। ਸ਼ਾਇਦ ਇਹ ਵੀ ਇੱਕ ਕਾਰਣ ਹੈ ਕਿ ਸਮੇਂ ਨੂੰ ਧਨ ਦੇ ਬਰਾਬਰ ਦਾ ਦਰਜਾ ਮਿਲਿਆ ਹੋਇਆ ਹੈ ਅਤੇ ਧਨ ਦੀ ਮਹੱਤਤਾ ਸਾਡੀ ਰੋਜ਼ਨਾਮਚਾ ਜਿੰਦਗੀ ਦੀ ਗੱਡੀ ਨੂੰ ਰੇੜ੍ਹਨ ਲਈ ਕਿੰਨੀ ਅਹਿਮ ਹੈ ਇਹ ਕਿਸੇ ਤੋਂ ਲੁਕਿਆ ਨਹੀਂ। ਬਸ ਇਸੇ ਤਰ੍ਹਾਂ ਜੇਕਰ ਧਨ ਅਤੇ ਸਮੇਂ ਦੀ ਮਹੱਤਤਾ ਦਾ ਸਾਨੂੰ ਅੰਦਾਜ਼ਾ ਹੈ ਤਾਂ ਸਾਨੂੰ ਸਫਲਤਾ ਦੀ ਪੌੜੀ ਚੜ੍ਹਨ ਤੋਂ ਕੋਈ ਰੋਕ ਨਹੀਂ ਸਕਦਾ।

ਜਿੰਦਗੀ ਅਤੇ ਕਾਰੋਬਾਰ ਸਬੰਧੀ ਸਹੀ ਸਮੇਂ ਅਨੁਸਾਰ ਲਏ ਗਏ ਸਹੀ ਫੈਸਲੇ ਇਨਸਾਨ ਨੂੰ ਬੇਅੰਤ ਉਪਲੱਬਧੀਆਂ ਦਿਵਾ ਸਕਦੇ ਹਨ। ਪਰ ਅਫਸੋਸ ਕਿ ਇਸਦੇ ਬਾਵਜੂਦ ਅਸੀਂ ਸਮੇਂ ਦੀ ਕਦਰ ਨਹੀਂ ਕਰਦੇ। ਬੇਸ਼ੱਕ ਸਮੇਂ ਦੇ ਇਕ ਵੱਡੇ ਹਿੱਸੇ ਤੇ ਸਾਡਾ ਕੰਟਰੋਲ ਨਹੀਂ ਰਹਿੰਦਾ। ਇੱਕ ਖੋਜ ਅਨੁਸਾਰ ਰੋਜ਼ਾਨਾ ਨੀਂਦ, ਇਸ਼ਨਾਨ ਅਤੇ ਖਾਣ-ਪੀਣ ਵਿੱਚ ਸਾਡਾ ਲਗਭਗ 10 ਘੰਟੇ ਦਾ ਸਮਾਂ ਲੱਗਦਾ ਹੈ, ਜਿਸ ਕਾਰਣ ਦਿਨ ਦੇ 24 ਘੰਟਿਆਂ ਵਿੱਚੋਂ ਕੇਵਲ 14 ਘੰਟਿਆਂ ਨੂੰ ਅਸੀਂ ਕੰਟਰੋਲ ਕਰ ਸਕਦੇ ਹਾਂ। ਭਾਵ ਕੇ ਜੀਵਣ ਵਿੱਚ 58 ਫੀਸਦੀ ਸਮੇਂ ਸਾਡੇ ਕੰਟਰੋਲ ਵਿੱਚ ਆਉਂਦਾ ਹੈ ਅਤੇ ਲਗਭਗ 42 ਫੀਸਦੀ ਸਾਡੇ ਵੱਸੋਂ ਬਾਹਰ। ਪਰ ਬਿਨ੍ਹਾਂ ਸ਼ੱਕ ਬਾਵਜੂਦ ਇਸਦੇ ਅਸੀਂ ਸਮੇਂ ਦੀ ਸਹੀ ਵੰਡ-ਸਾਰਣੀ ਨਾਲ ਸਮੇਂ ਨੂੰ ਬਿਨ੍ਹਾਂ ਅਜ਼ਾਈਂ ਗੁਵਾਏ ਵੱਡੀਆਂ ਪ੍ਰਾਪਤੀਆਂ ਕਰ ਸਕਦੇ ਹਾਂ, ਜਿਵੇਂ ਕਿ ਅਮਰੀਕਾ ਦੇ ਪ੍ਰਸਿੱਧ ਲੇਖਕ ਐੱਚ.ਜੈਕਸਨ ਬਰਾਊਨ ਦੇ ਲਫਜ਼ਾਂ ਵਿੱਚ ਸੌਖਿਆਂ ਸਮਝਿਆ ਜਾ ਸਕਦਾ ਹੈ। ਉਹ ਲਿਖਦੇ ਹਨ ਕਿ, 'ਤੁਸੀਂ ਇਹ ਕਿਵੇਂ ਕਹਿ ਸਕਦੇ ਹੋ ਕਿ ਤੁਹਾਡੇ ਕੋਲ ਕਾਫੀ ਸਮਾਂ ਨਹੀਂ ਹੈ ? ਤੁਹਾਡੇ ਕੋਲ ਇੱਕ ਦਿਨ ਵਿੱਚ ਉੱਨੇ ਹੀ ਘੰਟੇ ਹਨ, ਜਿੰਨੇ ਹੇਲਨ ਕੇਲਰ, ਲੁਈ ਪਾਸ਼ਚਰ, ਮਾਈਕਲ ਏਂਜਲੋ, ਮਦਰ ਟੇਰੇਸਾ, ਲਿਓਨਾਰਡੋ ਦੀ ਵਿੰਸ਼ੀ, ਥਾਮਸ ਜੇਫ਼ਰਸਨ ਅਤੇ ਅਲਬਰਟ ਆਈਨਸਟੀਨ ਦੇ ਕੋਲ ਸਨ।' ਬਰਾਊਨ ਦੇ ਇਹ ਲਫਜ਼ ਵਾਕੇਈ ਸਾਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ।

ਇੱਕ ਸਰਵੇ ਮੁਤਾਬਿਕ ਅਸੀਂ ਸਮੇਂ ਦਾ ਵੱਡਾ ਹਿੱਸਾ ਫਜ਼ੂਲ ਕੰਮਾਂ ਵਿੱਚ ਵਿਅਰਥ ਕਰ ਲੈਂਦੇ ਹਾਂ ਖਾਸ ਕਰ ਕੇ ਅੱਜ ਕਲ ਸੋਸ਼ਲ ਮੀਡੀਆ ਜਾਂ ਮੋਬਾਇਲ ਫੋਨਾਂ ਤੇ। ਪਰ ਇਹਨਾਂ ਤੋਂ ਕੁੱਝ ਦੂਰੀ ਬਣਾ ਕੇ ਅਸੀਂ ਆਪਣਾ ਸਮੇਂ ਨੂੰ ਚੰਗੀਆਂ ਪੁਸਤਕਾਂ ਪੜ੍ਹਨ, ਸਮਾਜ ਭਲਾਈ ਦੇ ਕਾਰਜਾਂ, ਆਪਣੇ ਭਾਈਚਾਰੇ ਵਿੱਚ ਸਾਂਝ ਵਧਾਉਣ ਲਈ, ਸਰੀਰਿਕ ਕਸਰਤ ਲਈ, ਆਪਣੇ ਪਰਿਵਾਰ ਲਈ ਅਤੇ ਕਾਰੋਬਾਰ ਲਈ ਬਰਾਬਰ ਵੰਡ ਕੇ ਵਰਤਣਾ ਸ਼ੁਰੂ ਕਰ ਦੇਈਏ ਤਾਂ ਜਿੰਦਗੀ ਜਿਊਣ ਦਾ ਇੱਕ ਵੱਖਰਾ ਅਨੰਦ ਪੈਦਾ ਹੋ ਜਾਵੇਗਾ, ਜੋ ਸਾਨੂੰ ਹਮੇਸ਼ਾਂ ਤਰੋ ਤਾਜ਼ਾ ਤਾਂ ਰੱਖੇਗਾ ਹੀ, ਬਲਕਿ ਸਮੇਂ ਨੂੰ ਮਾਨਣ ਦਾ ਇੱਕ ਸੁਖਦ ਅਹਿਸਾਸ ਵੀ ਦੇਵੇਗਾ। ਸੋ ਸਮੇਂ ਦੀ ਕੀਮਤ ਨੂੰ ਸਮਾਂ ਲੰਘਣ ਤੋਂ ਬਾਅਦ ਮਾਪਣ ਨਾਲੋਂ ਚੰਗਾ ਹੈ ਕਿ ਸਮੇਂ ਦੀ ਕੀਮਤ ਨੂੰ ਪਹਿਲਾਂ ਹੀ ਮਾਪ ਕੇ ਹਰ ਕੰਮ ਯੋਜਨਾਬੱਧ ਢੰਗ ਨਾਲ ਕੀਤਾ ਜਾਵੇ। ਕਿਉਂਕਿ ਲੰਘਿਆ ਸਮਾਂ ਮੁੜ ਹੱਥ ਨਹੀਂ ਆਉਂਦਾ ਅਤੇ ਜੇਕਰ ਚਾਹੁੰਦੇ ਹੋ ਕਿ ਦੁਨੀਆ ਤੁਹਾਡੀ ਕਦਰ ਕਰੇ ਤਾਂ ਅੱਜ ਤੋਂ ਹੀ ਸਮੇਂ ਦੀ ਕਦਰ ਕਰਨੀ ਸ਼ੁਰੂ ਕਰ ਦਿਉ !

**ਮਨ ਗੀਤ**

# ਆਓ ਕਲਮਾਂ ਦੇ ਸ਼ੌਕੀ ਬਣੀਏ



**ਹਰਚਰਨ ਕੌਰ**
**ਸ.ਹ.ਸ ਮਿਰਜਾਪੁਰ ਪਟਿਆਲਾ**
**9915806550**

ਇਤਿਹਾਸ ਗਵਾਹ ਹੈ ਕਿ ਹਥਿਆਰਾਂ ਨਾਲ ਕਦੇ ਇਨਸਾਨੀਅਤ ਦਾ ਭਲਾ ਨਹੀ ਹੋਇਆ ਅਤੇ ਨਾ ਹੀ ਹੋਵੇਗਾ। ਹਥਿਆਰ ਜਦੋਂ ਚਲਦੇ ਹਨ ਤਾ ਕਦੇ ਆਪਣੇ ਪਰਾਏ ਦਾ ਲਿਹਾਜ ਨਹੀ ਕਰਦੇ। ਇਨਾਂ ਦੇ ਸਾਹਮਣੇ ਜੋ ਆਇਆ ਉਸਦਾ ਫਨਾਹ ਹੋਣਾ ਪੱਕਾ ਹੈ। ਪੰਜਾਬੀਆਂ ਦਾ ਹਥਿਆਰਾਂ ਦਾ ਇਹ ਸ਼ੌਕ ਇੱਕ ਜਨੂੰਨ ਦਾ ਰੂਪ ਲੈ ਚੁਕਿਆ ਹੈ। ਸਭ ਤੋਂ ਵੱਧ ਖਤਰਨਾਕ ਗੱਲ ਇਹ ਹੈ ਕਿ ਜਿੰਨੇ ਹਥਿਆਰ ਪੰਜਾਬ ਦੇ ਲੋਕਾਂ ਕੋਲ ਹਨ ਉਸ ਤੋਂ ਅੱਧੇ ਵੀ ਪੰਜਾਬ ਪੁਲਿਸ ਕੋਲ ਨਹੀ। ਇਕੱਲੇ ਮਾਲਵੇ ਚ ਪੂਰੀ ਪੰਜਾਬ ਪੁਲਿਸ ਜਿੰਨਾ ਅਸਲਾ ਹੈ। ਇਸ ਤੋ ਵੱਧ ਹੋਰ ਕੀ ਖਤਰਾ ਹੋ ਸਕਦਾ ਹੈ ? ਫਰਜ ਕਰੋ ਜੇਕਰ ਕਦੇ ਹਲਾਤ ਖਰਾਬ ਹੋ ਜਾਣ ਤਾ ਕੀ ਹੋ ਸਕਦਾ ਹੈ ਸਾਡੀ ਸੋਚ ਤੇ ਸਮਝ ਤੋਂ ਵੀ ਕਿਤੇ ਬਾਹਰ ਹੈ।

ਪੰਜਾਬੀ ਗਾਇਕਾਂ ਦੁਆਰਾ ਪੇਸ਼ ਕੀਤੇ ਗੀਤਾਂ ਵਿੱਚ ਜੱਟਾਂ ਦਾ ਉਹ ਰੂਪ ਕਿਤੇ ਨਹੀ ਦਿਸਦਾ ਜਿਹੜਾ ਅਸਲ ਹੈ। ਕੁਦਰਤੀ ਮਾਰ, ਫਸਲਾਂ ਦੇ ਵਾਜਬ ਮੁੱਲਾਂ ਦਾ ਨਾ ਮਿਲਣਾ, ਜਮੀਨਾਂ ਦਾ ਘਟ ਜਾਣਾ, ਹੱਥੀ ਕੰਮ ਕਰਨ ਦਾ ਰੁਝਾਨ ਘਟਣਾ ਤੇ ਵਿਤੋ ਬਾਹਰ ਖਰਚੇ ਨੇ ਕਿਸਾਨ ਦਾ ਆਰਥਿਕ ਜੀਵਨ ਤਹਿਸ ਨਹਿਸ ਕਰ ਦਿੱਤਾ ਹੈ। ਜਿਸਦੇ ਸਿੱਟੇ ਵਜੋ ਕਿਸਾਨਾਂ ਸਿਰ ਬੈਂਕਾ ਤੇ ਆੜਤੀਆਂ ਦੇ ਕਰਜ ਦੀ ਰਕਮ ਵਧਦੀ ਹੀ ਜਾ ਰਹੀ ਹੈ। ਕਿਸਾਨਾਂ ਦੀ ਕਮਾਈ ਦਾ ਅੱਧਾ ਹਿੱਸਾ ਸਿਰਫ ਵਿਆਜ ਦੇ ਰੂਪ ਚ ਹੀ ਜਾ ਰਿਹਾ ਏ ਫਿਰ ਇਹ ਕਰਜ ਉਤਾਰਾਨਾ ਤਾ ਸੰਭਵ ਹੀ ਨਹੀ ਏ। ਪਰ ਗੀਤਾਂ ਵਿੱਚਲੇ ਜੱਟਾਂ ਕੋਲ ਮਹਿੰਗੀ ਗੱਡੀਆਂ ਹਨ। ਬਹੁਤੀਆਂ ਜਮੀਨਾਂ ਤੇ ਬਾਪੂ ਕੋਲ ਬਹੁਤੇ ਪੈਸੇ ਹਨ। ਜੱਟ ਦਾ ਮੁੰਡਾ ਚੰਡੀਗੜ੍ਹ ਪੜ੍ਹਨ ਲਈ ਨਹੀ ਸਗੋਂ ਹੋਸਟਲ ਚ ਸ਼ਰਾਬ ਪੀਣ ਤੇ ਕੁੜੀਆਂ ਪੱਟਣ ਲਈ ਜਾਂਦਾ ਹੈ। ਉਹ ਯਾਰੀਆਂ ਨਿਭਾਉਣ ਚ ਹੀ ਉਲਝਿਆਂ ਹੈ ਉਸ ਕੋਲ ਕੰਮ ਲਈ ਵਕਤ ਨਹੀ ਏ . ਉਹ ਕੁੜੀ ਲਈ ਦਸ ਵੀਹ ਕਤਲ ਵੀ ਕਰ ਸਕਦਾ ਹੈ। ਕਿ ਇਹੀ ਜੱਟਪੁਣਾ ਹੈ ?

ਕਿ ਇਹ ਬਾਬੇ ਬੁੱਲੇ ਸ਼ਾਹ ਦੇ ਪੰਜਾਬ ਦੇ ਉਹ ਵਾਰਸ ਹਨ ਜਿਹੜੇ ਹੀਰ ਦੀਆਂ ਕਲੀਆਂ ਗਾਉਂਦੇ ਵੱਡੇ ਤੜਕੇ ਹਲ ਜੋੜਦੇ ਸੀ। ਜਿੰਨਾ ਦਾ ਸੰਗੀਤ ਬਲਦਾ ਦੀਆਂ ਟੱਲੀਆਂ ਤੇ ਖੂਹ ਦੀਆਂ ਟਿੰਡਾ ਦਾ ਖੜਾਕ ਹੁੰਦਾ ਸੀ ? ਕੀ ਇਹ ਬਾਬੇ ਨਾਨਕ ਦੇ ਉਹ ਸਿੱਖ ਹਨ, ਜਿਹੜੇ ਜਪੁਜੀ ਸਾਹਿਬ ਦਾ ਪਾਠ ਕਰਦੇ ਖੇਤਾਂ ਚ ਪਾਣੀ ਲਾਉਂਦੇ ਸੀ। ਜਾ ਫਿਰ ਵਾਰਿਸ ਦੇ ਵਿਰਸੇ ਦੇ ਉਹ ਰਾਂਝੇ ਹਨ ਜਿਹੜੇ ਸੱਚਾ ਇਸ਼ਕ ਕਮਾਉਣ ਲਈ ਕੰਮ ਕਾਰ ਤੇ ਘਰ ਬਾਰ ਛੱਡ ਕੇ ਫਕੀਰੀ ਧਾਰਨ ਕਰ ਹੀਰ ਦੀ ਭਾਲ ਚ ਚਲੇ ਗਏ ਸੀ। ਅੱਜ ਦੇ ਨੌਜਵਾਨ ਦਿਸ਼ਾ ਹੀਣ ਹੋ ਚੁੱਕੇ ਹਨ। ਇਹ ਵਿਹਲੜ,, ਆਲਸੀ ਨਸ਼ੇੜੀ ਤੇ ਨਿਕੰਮੇ ਹੁੰਦੇ ਜਾ ਰਹੇ ਹਨ।

ਪੰਜਾਬ ਦੀ ਜਵਾਨੀ ਲਈ ਖਤਰਨਾਕ ਜਿੰਨੇ ਹਥਿਆਰ ਹਨ ਉਨੇ ਹੀ ਪੰਜਾਬੀ ਗੀਤਕਾਰ ਤੇ ਗਾਇਕ ਹਨ ਜਿਹੜੇ ਸਾਰਾ ਦਿਨ ਕਹਿੰਦੇ ਹਨ ਕਿ ਜੱਟਾਂ ਦਾ ਕੰਮ ਵੈਲਪੁਣੇ ਕਰਨਾ, ਕਤਲ ਕਰਨਾ, ਕੁੜੀਆਂ ਛੇੜਨਾ ਤੇ ਦਾਰੂ ਪੀਣਾ ਹੈ। ਕਿਉਂਕਿ ਜੱਟਾਂ ਦਾ ਇਹ ਕੰਮ ਨਹੀ ਏ। ਜੱਟਾਂ ਦਾ ਕੰਮ ਏ ਮਿਹਨਤ ਕਰਨਾ, ਆਪ ਭੁੱਖੇ ਰਹਿ ਕੇ ਦੇਸ਼ ਦਾ ਢਿੱਡ ਭਰਨਾ ਹੈ। ਸੱਚ ਦਾ ਸਾਥ ਦੇਣਾ ਉੱਚੇ ਵਿਚਾਰ ਤੇ ਸਾਦਾ ਜੀਵਨ ਰੱਖਣਾ। ਪਰ ਆਧੁਨਿਕ ਸਮੇ ਸਾਦਗੀ ਕਿਸੇ ਵੀ ਰਪ ਚ ਨਜਰ ਨਹੀ ਪੈਂਦੀ ਸਾਦਗੀ ਨਾ ਦੀ ਝਲਕ ਵੀ ਪੰਜਾਬੀਆਂ ਚ ਨਹੀ ਰਹੀ।

ਹਥਿਆਰਾਂ ਵੱਲ ਮੁੜਦਾ ਇਹ ਜੱਟ ਵਾਦ ਸਮਾਜ ਲਈ ਸਭ ਵੱਡਾ ਖਤਰਾ ਏ। ਹਥਿਆਰਾਂ ਦਾ ਜਨੂੰਨ ਇਸ ਕਦਰ ਪੰਜਾਬੀਆਂ ਤੇ ਹਾਵੀ ਹੋ ਗਿਆ ਏ ਕਿ ਮਰਦਾਂ ਤੋਂ ਬਾਅਦ ਔਰਤਾਂ ਵੀ ਹਥਿਆਰਾਂ ਦਾ ਸ਼ੌਕ ਪਾਲਣ ਲੱਗ ਪਈਆਂ ਹਨ। ਪੰਜਾਬੀਆਂ ਦਾ ਕੋਈ ਤਿਉਹਾਰ ਜਾ ਕੋਈ ਵੀ ਵਿਆਹ ਅਸਲੇ ਤੋ ਬਿਨਾਂ, ਗੋਲੀਆਂ ਤੋ ਬਿਨਾਂ ਸੰਪੂਰਨ ਨਹੀ ਸਮਝਿਆ ਜਾਂਦਾ। ਕਿੰਨੇ ਵਿਆਹਾਂ ਚੋ ਗੋਲੀ ਚੱਲਣ ਕਾਰਨਾਂ ਘਟਨਾਵਾਂ ਵਾਪਰ ਜਾਂਦੀਆਂ ਹਨ। ਗੀਤਾਂ ਵਿੱਚ ਅਸਲੇ ਦਾ ਜਿਕਰ ਹੋਣ ਕਾਰਨ ਨੱਚਣ ਵੇਲੇ ਵੀ ਲੋਕ ਹੱਥਾਂ ਚ ਪਿਸਟਲ ਫੜ ਕੇ ਨਚਦੇ ਗੋਲੀਆਂ ਚਲਾਉਂਦੇ ਹਨ। ਇਥੇ ਬੱਸ ਕਦੋ ਵੀ ਕੁਝ ਵੀ ਹੋ ਸਕਦਾ। ਕਿੰਨੀ ਵਾਰ ਡਾਂਸਰ ਕੁੜੀਆਂ, ਗਾਇਕ, ਰਿਸ਼ਤੇਦਾਰ ਤੇ ਕਈ ਵਿਆਹਾ ਚ ਤਾਂ ਲਾੜੇ ਦੀ ਵੀ ਗੋਲੀ ਚੱਲਣ ਨਾਲ ਮੌਤ ਹੋ ਜਾਂਦੀ ਏ।

ਅਸਲੇ ਦਾ ਇਹ ਸ਼ੌਕ ਪੰਜਾਬੀਆਂ ਨੂੰ ਵਿਰਾਸਤ ਚ ਗੁੜਤੀ ਦੇ ਰੂਪ ਚ ਹੀ ਮਿਲ ਜਾਂਦਾ ਏ। ਇੱਕ ਇੱਕ ਸਾਲ ਦੇ ਉਹ ਬੱਚੇ ਜੋ ਤੁਰਨ ਵੀ ਚੰਗੀ ਤਰਾ ਨਹੀ ਜਾਣਦੇ ਲੋਕ ਉਹਨਾਂ ਦੀਆਂ ਪਿਸਟਲਾਂ ਨਾਲ ਤਸਵੀਰਾਂ ਲੈ ਕੇ ਸ਼ੋਸ਼ਲ ਮੀਡੀਆਂ ਤੇ ਵਾਇਰਲ ਕਰ ਰਹੇ ਹਨ।

ਹਥਿਆਰਾਂ ਨੇ ਕਦੇ ਕਿਸੇ ਦਾ ਕੁਝ ਨਹੀ ਸਵਾਰਿਆ ਨਾ ਕਿਸੇ ਮਸਲੇ ਦਾ ਹੱਲ ਕੀਤਾ ਏ। ਹਥਿਆਰ ਸਿਰਫ ਤੇ ਸਿਰਫ ਬਰਬਾਦੀ ਦਾ ਕਾਰਨ ਬਣਦੇ ਹਨ। ਯਾਦ ਕਰੋ ਅੱਤਵਾਦ ਦਾ ਉਹ ਦੌਰ ਜਦੋ ਹਥਿਆਰ ਚੁੱਕਣ ਦੇ ਸ਼ੌਕ ਨੇ ਹਜ਼ਾਰਾ ਘਰਾਂ ਦੇ ਦੀਵੇ ਗੁੱਲ ਕਰ ਦਿੱਤੇ ਸਨ। ਹਥਿਆਰਾਂ ਦੇ ਸ਼ੌਕ ਕਾਰਨ ਬੇਗੁਨਾਹ ਸਿੱਖ ਨੌਜੁਆਨ ਵੀ ਝੂਠੇ ਮੁਕਾਬਲਿਆਂ ਦੀ ਭੇਟ ਚੜ ਗਏ ਸਨ। ਅੱਤਵਾਦ ਦੇ ਨਾ ਤੇ ਧਨ ਦੇ ਨਾਲ ਨਾਲ ਧੀਆਂ ਦੀ ਪੱਤਾਂ ਵੀ ਲੁਟੀਆਂ ਗਈਆਂ ਸਨ। ਦੇਰ ਸ਼ਾਮ ਘਰੋਂ ਬਾਹਰ ਨਹੀ ਸੀ ਕੋਈ ਨਿਕਲਦਾ। ਇਹ ਅਜਿਹ ਕਾਲਾ ਦੌਰ ਸੀ ਜਿਨ ਨੇ ਪੰਜਾਬ ਦਾ ਮਾਨਸਿਕ ਤੇ ਆਰਥਿਕ ਨੁਕਸਾਨ ਕੀਤਾ। ਉਦੋ ਬੁਲਾਈ ਫੌਜ ਦੇ ਖਰਚ ਨੇ ਹੀ ਪੰਜਾਬ ਨੂੰ ਕਰਜਾਈ ਕਰ ਦਿੱਤਾ ਸੀ। ਉਸ ਵਕਤ ਦਾ ਚੜਿਆ ਕਰਜ ਵਧਦਾ ਵਧਦਾ ਅੱਜ ਕਿੱਥੇ ਤੱਕ ਪਹੁੰਚ ਗਿਆ।

ਸੋ ਮੇਰੀ ਸਭ ਨੂੰ ਬੇਨਤੀ ਹੈ ਆਪਣੇ ਬੱਚਿਆਂ ਦੇ ਹੱਥ ਹਥਿਆਰ ਨਾਂ ਦਿਓ ਕਲਮਾ ਦਿਓ ਤਾਂ ਕਿ ਉਹ ਬਰਬਾਦੀ ਦੀ ਕਹਾਣੀ ਨਹੀ ਸਗੋਂ ਪਿਆਰ ਦਾ ਨਗਮਾਂ ਲਿਖਣ। ਇਸ ਤੋਂ ਪਹਿਲਾਂ ਕਿ ਆਉਣ ਵਾਲੀ ਪੀੜੀ ਅਜਿਹਾ ਬਾਰੂਦ ਬਣ ਜਾਵੇ ਜਿਹੜਾ ਸਭ ਕੁੱਝ ਤਬਾਹ ਕਰ ਦੇਵੇ ਉਸਨੂੰ ਸਾਂਭ ਲਈਏ। ਇਹ ਗੱਲ ਹਮੇਸ਼ਾ ਜਹਿਨ ਚ ਰੱਖੋ ਕਿ ਜਿੰਨਾ ਰਾਹਾਂ ਚ ਕੰਢੇ ਵਿਛਾ ਰਹੇ ਹੋ ਉਹ ਰਾਹ ਤੁਹਾਡੇ ਪਿੰਡ ਤੇ ਘਰ ਵੱਲ ਵੀ ਜਾਂਦੇ ਹਨ। ਉਹਨਾਂ ਰਾਹਾਂ ਤੇ ਤੁਸੀ ਤੁਰਨਾਂ ਏ ਤੁਹਾਡੇ ਬੱਚਿਆਂ ਨੇ ਤੁਰਨਾਂ ਏ। ਸਾਡੇ ਤੇ ਸਾਡੇ ਬੱਚਿਆਂ ਦੇ ਪੈਰ ਲਹੂ ਲਹਾਨ ਹੋਣ ਇਸ ਤੋਂ ਪਹਿਲਾਂ ਹੀ ਅਸੀ ਜਾਗਰੂਕ ਹੋਈਏ ਰਾਹਾ ਚ ਕੰਢੇ ਨਹੀ ਫੁੱਲ ਵਿਛਾਈਏ। ਚੰਗਾ ਪੜੀਏ ਚੰਗਾ ਲਿਖੀਏ ਚੰਗਾ ਸੁਣੀਏ ਤੇ ਚੰਗਾ ਗਾਈਏ। ਬਾਬੇ ਬੁੱਲੇ ਤੇ ਗੁਰੂ ਨਾਨਕ ਦਾ ਉਹ ਪੰਜਾਂ ਪਾਣੀਆ ਦੇ ਦੇਸ਼ ਮੁੜ ਵਸਾਈਏ ਜਿਥੇ ਮਹਿਨਤ ਸਾਡਾ ਸ਼ੌਕ ਹੋਵੇ, ਕਿਰਤ ਸਾਡਾ ਧਰਮ ਹੋਵੇ, ਸੱਚ ਦਾ ਜਨੂੰਨ ਹੋਵੇ, ਨਾਮ ਦੀ ਖੁਮਾਰੀ ਹੋਵੇ। ਇਹ ਪੰਜਾਬੀਆਂ ਦੀ ਪਹਿਚਾਣ ਏਆਓ ਇਸੇ ਰਸਤੇ ਤੁਰੀਏ। ਬੰਦੂਕ ਨਹੀ ਕਲਮ ਚੁਣੀਏ।

# ਰੂਹ ਨੂੰ ਸਕੂਨ ਦੇਣ ਵਾਲੀਆਂ ਕਵਿਤਾਵਾਂ ਦੀ ਕਵਿੱਤਰੀ ਹੈ ਅੰਜੂ ਵ ਰੱਤੀ "ਕਸਕ"!

ਅੰਜੂ ਵ ਰੱਤੀ ਨੇ ਮਾਤਾ ਕਰਿਸ਼ਨਾ ਕਮਾਰੀ ਪਿਤਾ ਜਗਦੀਸ਼ ਰਾਏ ਸ਼ਰਮਾਂ ਦੇ ਘਰ 3 ਸਤੰਬਰ ਨੂੰ ਜਿਲਾ ਫਿਰੋਜਪੁਰ ਦੇ ਸ਼ਹਿਰ ਜ਼ੀਰਾ ਵਿੱਚ ਜਨਮ ਲਿਆ ਅਤੇ "ਐਮ ਏ "ਬੀ ਐਡ" ਕਰਨ ਤੋ ਬਾਅਦ ਹਿੰਦੀ ਦੀ ਅਧਿਆਪਕਾ ਲੱਗੀ ਅੰਜੂ ਨੂੰ ਲਿਖਣ ਦਾ ਸ਼ੌਕ ਉਸ ਦੇ ਵੱਡੇ ਭਰਾ ਦੀਪ ਜ਼ੀਰਵੀ ਜੀ ਤੋ ਪਿਆ ਜੋ ਕੇ ਅੱਜ ਦੇ ਨਾਮਵਰ ਲੇਖਕ ਹਨ ਅੰਜੂ ਵ ਰੱਤੀ ਦਾ ਵਿਆਹ ਹੁਸ਼ਿਆਰ ਵਿੱਚ ਵਰਿੰਦਰ ਕੁਮਾਰ ਰੱਤੀ ਨਾਲ ਹੋਇਆ ਅੰਜੂ ਦੀਆਂ ਰਚਨਾੱਵਾ ਵਿੱਚ ਸੰਵੇਦਨਾ ਸਮਾਜਿਕ ਸਰੋਕਾਰ ਸਲਾਹੁਣਯੋਗ ਨੇ ਜੋ ਆਪਣੇ ਸਾਂਝੇ ਕਾਵਿ ਸੰਗ੍ਰਹਿ ਕਿਰਨਾ ਦਾ ਕਬੀਲਾ" ਕਿਰਨ ਕਿਰਨ ਰੋਸ਼ਨੀ" ਕਲਮਾਂ ਦਾ ਸਫਰ" ਕਾਵਿ ਤਰੰਗਾ ਤੇ ਪੈੜਾ ਦੀ ਗੁਫਤਗੂ ਰਾਹੀ ਪਾਠਕਾ ਦੀ ਕੱਚਹਿਰੀ ਵਿੱਚ ਹਾਜ਼ਰੀ ਲੁਵਾ ਚੁੱਕੀ ਹੈ ਜੋ ਕਿ ਬੇਹੱਦ ਸਲਾਹੁਣਯੋਗ ਹਨ ਅੰਜੂ ਵ ਰੱਤੀ ਧਨਕ (ਹਿੰਦੀ ਕਾਵਿ) ਦੀ ਸੰਪਾਦਕਾ ਵੀ ਹੈ ਉਸ ਨੇ ਬਾਲ ਸਹਿਤ ਲਈ "ਬਾਲ ਸੁਨੇਹੇ" ਅਤੇ ਸਿਖਰ ਕੀ ਔਰ" ਪਾਠਕਾ ਦੀ ਝੋਲੀ ਪਾਏ ਅੰਜੂ ਕਾਵਿਤਰੀ ਦੇ ਨਾਲ ਨਾਲ ਇੱਕ ਚੰਗੀ ਕਹਾਣੀਕਾਰ ਵੀ ਹੈ ਇੰਨਾ ਦੇ ਦੋ ਮਿੰਨੀ ਕਹਾਣੀ ਸੰਗ੍ਰਹਿ " ਕਿਰਦੀ ਜਵਾਨੀ ਅਤੇ ਪੰਜਵਾਂ ਥੰਮ ਕਾਫੀ ਚਰਚਿੱਤ ਹਨ ਅਕਾਸ਼ਵਾਣੀ ਰੇਡੀਓ ਜਲੰਧਰ "ਆਪਣਾ ਟੋਰਾਂਟੋਂ " ਰਾਬਤਾ ਰੇਡੀਓ ਅਤੇ ਟੀ ਵੀ ਤੇ ਚੱਲ ਰਹੇ ਮੁਸ਼ਇਰਾ ਰਾਹੀ ਆਪਣੀਆ ਰਚਨਾਵਾਂ ਪੇਸ਼ ਕਰ ਚੁੱਕੇ ਹਨ ਅੰਜੂ ਵ ਰੱਤੀ ਦੀਆ ਅਨੇਕਾ ਰਸਾਲਿਆ ਵਿੱਚ ਵੀ ਕਵਿਤਾ ਛੱਪ ਰਹੀਆਂ ਇਨ੍ਹਾਂ ਨੂੰ ਸਿੱਖਿਆ ਵਿਭਾਗ ਵਿੱਚ ਉੱਤਮ ਯੋਗਦਾਨ ਲਈ 3 ਫਰਵਰੀ 2020 ਨੂੰ ਨਵੋਦਿਆ ਪਰਿਵਾਰ ਵੱਲੋ ਨੈਸ਼ਨਲ ਅਵਾਰਡ ਅਤੇ ਨੈਸ਼ਨਲ ਪੁਰਸਕਾਰ ਨਾਲ ਸਨਮਾਨਿੱਤ ਕੀਤਾ ਗਿਆ ਹੈ ਸ਼ਾਲਾ ਅੰਜੂ ਵ ਰੱਤੀ ਦੀ ਕਲਮ ਨੂੰ ਦਿਨ ਦੁੱਗਣੀ ਰਾਤ ਚੌਗਣੀ ਤਰੱਕੀਆ ਬੱਖਸ਼ੇ !

**ਨਰਿੰਦਰ ਸਿੰਘ ਬਰਾੜ**
**9463105413**



# ਪ੍ਰੀਤ ਫੁਲਵਾੜੀ

## ਨੀਲੀਆਂ ਅੱਖਾਂ

ਇਉਂ ਲੱਗਦਾ ਸੀ ਉਸ ਦੀਆਂ ਨੀਲੀਆਂ
ਅੱਖਾਂ ਵਿੱਚੋਂ ਖਾਰੇ ਹੰਝੂ ਡੁੱਲੇ ਸੀ,
ਇੰਜ ਜਾਪੇ ਜਿਉ ਦੂਰ ਗਏ ਸੱਜਣ
ਉਸ ਨੂੰ ਅੱਜ ਵੀ ਨਾ ਭੁੱਲੇ ਸੀ,,

ਹੱਸ ਹੱਸ ਕਰਦਾ ਕੋਮਲ ਮੁੱਖੜਾ
ਕਿਉਂ ਅੱਜ ਮੁਰਝਾਇਆ ਸੀ,
ਮਨ ਤਾ ਲੱਗਦਾ ਆਖੇ ਲੱਗ ਗਿਆ
ਦਿਲ ਨਾ ਮੰਨਿਆ ਬੜਾ ਸਮਝਾਇਆ ਸੀ,,

ਕਦਰ ਨਾ ਕੀਤੀ ਉਸ ਬੇਕਦਰੇ ਨੇ
ਪਰੀਆਂ ਵਰਗੀ ਸੂਰਤ ਸੀਰਤ ਸੋਹਣੇ ਚਿਹਰੇ
ਦੀ,
ਭੁੱਲ ਗਿਆ ਹੋਵੇ ਜਿਉਂ ਮੰਜ਼ਿਲ ਰਾਹੀ
ਥਕਾਨ ਸੀ ਡਾਢੀ ਰਾਹ ਲੰਮੇਰੇ ਦੀ,,

ਦਿਲ ਤੇ ਚੋਟ ਹਿਜਰ ਦੀ ਪੈਂਦੀ
ਹੋਇਆ ਪਛਤਾਵਾ ਅੱਖੀਆਂ ਲਾਈਆਂ ਦਾ,
ਦਿਲ ਦੇ ਵਿਹੜੇ ਲਟ ਲਟ ਭਾਂਬੜ ਮੱਚੇ
ਚੜਦੀ ਉਮਰੇ ਇਸ਼ਕ ਦੀਆਂ ਅੱਗਾਂ
ਲਾਈਆਂ ਦਾ,,

ਸੀ ਹਾਲਤ ਉਸਦੀ ਜਿਉਂ ਬਹਾਰ ਦੀ ਰੁੱਤੇ
ਜ਼ਿੰਦਗੀ ਵਿੱਚ ਪੱਤਝੜ ਆਈ ਸੀ,
ਉਸ ਆਪਣਾ ਆਪ ਮਚਾਇਆ ਸੀ ਜਾਂ
ਸੰਧੂਆ ਕਿਸੇ ਨੇ ਤੀਲੀ ਲਾਈ ਸੀ,
--ਕਿਸੇ ਨੇ ਤੀਲੀ ਲਾਈ ਸੀ,,,,

**ਬਲਤੇਜ ਸੰਧੂ**
**ਬੁਰਜ ਲੱਧਾ**
**ਬਠਿੰਡਾ**
9465818158

## ਕਵਿਤਾ

**ਖ਼ੁਸ਼ਹਾਲ ਕਾਮੇਂ ਦੀ ਖ਼ੁਸ਼ਹਾਲੀ**

ਕਾਮਾਂ ਕੰਮ ਕਰੇ ਦਿਨ ਰਾਤੀਂ,
ਵਿਹਲੜ ਬੈਠੇ ਖਾਣ।
ਅੱਧੋਂ ਡੂਢ ਕਰਨ ਵਿੱਚ ਮੰਡੀ,
ਜਦ ਫਸਲਾਂ ਉੱਥੇ ਜਾਣ।

ਮੋਢੇ ਤੇ ਰੱਖ ਪਰਨਾ ਮੁੜਿਆ,
ਪੈਸੇ ਹੋਏ ਨਾ ਪੂਰੇ।
ਕਿੱਥੋਂ ਖਰਚਾ, ਲੀੜਾ ਲੱਤਾ,
ਕਾਮਾਂ ਬੈਠਾ ਝੂਰੇ।

ਕਿਵੇਂ ਲੰਘਣਗੇ ਛੇ ਮਹੀਨੇ ?,
ਆਉਣੀ ਫਸਲ ਦੁਬਾਰਾ।
ਓਨਾਂ ਚਿਰ ਕਿੱਥੋਂ ਖਾਵਾਂਗੇ,
ਬੈਠਾ ਸੋਚੇ ਟੱਬਰ ਸਾਰਾ।

ਆੜ੍ਹਤੀਏ ਦਾ ਪੈਸਾ ਸਿਰ 'ਤੇ,
ਬੈਂਕ ਦੀਆਂ ਵੀ ਕਿਸਤਾਂ।
ਲੱਗ ਵਿਆਜ਼ ਵੱਧਦੇ ਜਾਂਦੇ ?,
ਜੋ ਕੀਤੀਆਂ ਲਿਖਤਾਂ।

ਆਮਦਨ ਪਿੱਛੇ, ਖਰਚਾ ਮੂਹਰੇ ?,
ਕੀ ਕੀ ਬੁਣਤੀਆਂ ਬੁਣਦਾ।
ਕਾਮਾਂ ਵਿਚਾਰਾ ਕਿਸ ਨੂੰ ਦੱਸੇ,
ਗੱਲ ਕੋਈ ਨਾ ਸੁਣਦਾ।

ਫਿਰ ਦੱਸੋ ਕੀ ਜੂਨ ਕਾਮੇਂ ਦੀ ?
ਉਹ ਕਿੱਧਰ ਨੂੰ ਜਾਵੇ ?।
ਕਹਿਣ ਕਾਮਾਂ ਖ਼ੁਸ਼ਹਾਲ ਦੇਸ਼ ਦਾ ?,
'ਪੱਤੋ' ਕਰਕੇ ਝੂਠੇ ਦਾਅਵੇ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417**

## ਕਵਿਤਾ

ਪੰਛੀ ਰੁੱਖ ਤੇ ਆਲ੍ਹਣੇ
ਕੱਚਿਆਂ ਦੀ ਥਾਂ ਪੱਕੇ ਪੈ ਗੇ,
ਪੰਛੀ ਆਲ੍ਹਣਿਆਂ ਤੋਂ ਰਹਿ ਗੇ।
ਰੁੱਖ ਵੀ ਬਹੁਤੇ ਕੱਟ ਵੱਢ ਸੁੱਟੇ,
ਟਾਵਰ ਨਾਲ ਅਸਮਾਨਾਂ ਖਹਿ ਗੇ।
ਰੇਆ ਤੇ ਸਪਰੇਆਂ ਛਿੜਕੀਆਂ,
ਪੰਛੀ ਕਿੱਥੇ ਜਾ ਕੇ ਸਹਿ ਗੇ।
ਉਹ ਵਿਚਾਰੇ ਹੁਣ ਕੀ ਕਰਨ,
ਉਹਨਾਂ ਰੇਣ ਬਸੇਰੇ ਢਹਿ ਗੇ।
ਪੰਛੀਆਂ ਨਾਲ ਸੰਸਾਰ ਹੈ ਸੋਹਣਾ,
ਅਸੀਂ ਕਿਹੜੇ ਵਹਿਣੀ ਬਹਿ ਗੇ।
ਪੰਛੀ ਰੁੱਖ ਤੇ ਆਲ੍ਹਣਿਆਂ ਨੂੰ,
ਪੱਤੋ, ਕੌਣ ਬਿਗਾਨੇ ਲੈ ਗੇ।

**ਹਰਪ੍ਰੀਤ ਪੱਤੋ ਪਿੰਡ**
**ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਲਾਲਚੀ ਕੁੱਤਾ ਬਨਾਮ ਲਾਲਚੀ ਇਨਸਾਨ

ਐਵੇਂ ਦੁਨੀਆਂ ਕੁੱਤੇ ਨੂੰ ਕਰੀ ਬਦਨਾਮ ਜਾਵੇ
ਕੁੱਤੇ ਨਾਲੋਂ ਵੱਧਕੇ ਅੱਜ ਹੋਇਆ ਇਨਸਾਨ
ਲਾਲਚੀ
ਕੁੱਤਾ ਕੁੱਤੇ ਦਾ ਕਦੇ ਨਹੀਂ ਵੇਖਿਆ ਮਾਸ
ਖਾਂਦਾ
ਐਪਰ ਇਨਸਾਨ ਦਾ ਮਾਸ ਖਾਈ ਜਾਵੇ
ਇਨਸਾਨ ਲਾਲਚੀ
ਇਨਸਾਨ ਲਾਲਚ ਦੀਆਂ ਹੱਦਾਂ ਕਰੀ ਪਾਰ
ਜਾਵੇ
ਸਾਰੀ ਸ੍ਰਿਸਟੀ ਹੜੱਪਣ ਨੂੰ ਫਿਰੇ ਇਨਸਾਨ
ਲਾਲਚੀ
ਕਰ ਦਿੱਤੇ ਪ੍ਰਦੂਸ਼ਿਤ ਹਵਾ ਪਾਣੀ ਤੇ
ਅਸਮਾਨ
ਧਰਤੀ ਦੇ ਥੱਲਿਉ ਵੀ ਭਾਲਦਾ ਫਿਰੇ ਖਾਣ
ਇਨਸਾਨ ਲਾਲਚੀ
ਚੰਦਰਮਾ ਨੂੰ ਵੀ ਨਹੀਂ ਬਖਸ਼ਿਆ ਲਾਲਚੀਆਂ
ਨੇ
ਹੁਣ ਤਾਰੇ ਮੱਲਣ ਨੂੰ ਵੀ ਫ਼ਿਰਦਾ ਇਨਸਾਨ
ਲਾਲਚੀ
ਮਾਇਆ ਦੁਨੀਆਂ ਭਰ ਦੀ ਇਕੱਠੀ ਕਰਕੇ
ਆਪਣੇ ਵਰਗਾ ਲੋਕਾਂ ਬਣਾ ਲਿਆ
ਭਗਵਾਨ ਲਾਲਚੀ
ਰੱਬ ਦਾ ਨਾਂਅ ਲੈ ਲੈ ਕੇ ਡਰਾਈ ਜਾਣ
ਲੋਕਾਂ ਨੂੰ
ਉਸ ਦੇ ਨਾਂਅ ਤੇ ਲੁੱਟ ਮਚਾਈ ਜਾਣ
ਇਨਸਾਨ ਲਾਲਚੀ
ਲਾਲਚ ਡੂੰਗੇ ਸਮੁੰਦਰ ਵਿੱਚ ਦੇਵੇ ਡੋਬ
ਜਸਵਿੰਦਰਾ
ਜਿਹੜਾ ਇੱਕ ਵਾਰ ਲਾਲਚ ਵਿੱਚ ਫਸ
ਜਾਵੇ ਇਨਸਾਨ ਲਾਲਚੀ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
**ਫਿਰੋਜ਼ਪੁਰ** 7589155501

## ਕਬਿੱਤ

ਰੱਬ ਦਾ ਤੂੰ ਨੂਰ ਬੰਦੇ,ਰੱਬ ਤੋਂ ਹੀ ਦੂਰ ਹੋਇਆ।
ਅੱਜ ਤੀਕ ਜੱਗ ਉੱਤੇ, ਬਣਿਆ ਮਨੁੱਖ
ਨਾ,
ਕੁਦਰਤੀ ਸੋਮਿਆਂ ਦੀ, ਕੀਤੀ ਬਰਬਾਦੀ ਰੱਜ
ਹਵਾ ਪਾਣੀ ਗੰਦੇ ਕੀਤੇ,ਛੱਡੇ ਕੋਈ ਰੁੱਖ ਨਾ।
ਲੁੱਟ ਕੇ ਗਰੀਬਾਂ ਤਾਈਂ, ਭਰੇ ਆਪਣਾ ਹੀ ਘਰ
ਰੱਜੀ ਨਾ ਨੀਤ ਤੇਰੀ, ਜਾਂਦੀ ਤੇਰੀ ਭੁੱਖ ਨਾ।
ਜਾਤਾਂ ਪਾਤਾਂ ਵਾਲਾਂ ਪਾੜਾ,ਮਾੜੀ ਤੇਰੀ ਸੋਚ ਬੰਦੇ
ਮਾੜਿਆਂ ਦੀ ਮੌਤ ਉੱਤੇ,ਆਉਂਦਾ ਜਰਾ ਦੁੱਖ ਨਾ।

**ਜਸਵਿੰਦਰ ਸਿੰਘ ਢਿੱਲੋਂ**
**ਤਰਨਤਾਰਨ**
9646069551

## ਕਵਿਤਾ

ਲਾਸਾਂ ਸੜਕਾਂ ਤੇ ਰੁਲ ਰਹੀਆਂ ,
ਕੈਸਾ ਕਹਿਰ ਹੈ ਮੱਚਿਆ ,
ਹਰ ਅੱਖ ਵਿੱਚ ਅੱਥਰੂ ਦੇਖਲੈ ,
ਨਾ ਜਾਵੇ ਸਾਥੋਂ ਹੱਸਿਆ ।
ਮਾਪਿਆਂ ਹਿੱਸੇ ਬਿਰਧ ਆਸਰਮ ,
ਜੰਨਤ ਕਿਥੇ ਦੱਸ ਵੱਸਿਆ ।
ਰਿਸਤੇ ਟੁੱਟ ਕੇ ਬਿਖਰ ਰਹੇ ,
ਹਰ ਕੋਈ ਹਰਖ ਯਾਰੋ ਡੱਸਿਆ ।
ਕਿਥੋ ਚਾਨਣ ਢੂੰਡਦਾ ਫਿਰਦਾ ,
ਹਰ ਪਾਸੇ ਕਾਲੀ ਮੱਸਿਆ ।
'ਦਰਦੀ' ਦਰਦ ਵੰਡਾਲੈ ਤੂੰ ,
ਤੈਨੂੰ ਕਿਹੜੇ ਕਲਯੁੱਗ ਡੱਸਿਆ ।

**ਸ਼ਿਵਨਾਥ ਦਰਦੀ**
**ਸੰਪਰਕ:-9855155392**

## ਕੋਰੜਾ ਛੰਦ

ਪੁੱਟ ਸੁੱਟੇ ਰੁੱਖ,ਪਿੱਪਲ ਤੇ ਬੋਹੜ ਜੀ।
ਭੁੱਲਗੇ ਨੇ ਲੋਕ ,ਨਾਤੇ ਲੈ ਨੇ ਤੋੜ ਜੀ।
ਰੁੱਖ ਦੇਂਦੇ ਸਦਾ, ਸਾਨੂੰ ਸੁਖ ਵੀਰਨੋ,
ਜੀਵਨ ਅਧਾਰ, ਹੁੰਦੇ ਰੁੱਖ ਵੀਰਨੋਂ।

ਕੋਈ ਦੇਂਵੇ ਫੱਲ ਕੋਈ ਛਾਂ ਸੋਹਣੀ ਜੀ।
ਰੁੱਖਾਂ ਵਾਲੀ ਹੋਵੇ ਥਾਂ ਮਨਮੋਹਣੀ ਜੀ।
ਸਾਰੇ ਖੇੜ ਦੇਣ, ਸਾਡਾ ਮੁੱਖ ਵੀਰਨੋ।
ਜੀਵਨ ਅਧਾਰ, ਹੁੰਦੇ ਰੁੱਖ ਵੀਰਨੋਂ।

ਠੰਡੀ ਠੰਡੀ ਹਵਾ,ਸਦਾ ਆਵੇ ਰੁੱਖ ਦੀ।
ਕਾਇਆ ਕਲਪ, ਹੁੰਦੀ ਏ ਮਨੁੱਖ ਦੀ।
ਫ਼ਿਰ ਨੱਸ ਜਾਣ, ਸਾਰੇ ਦੁੱਖ ਵੀਰਨੋ।
ਜੀਵਨ ਅਧਾਰ, ਹੁੰਦੇ ਰੁੱਖ ਵੀਰਨੋਂ।

ਮਹਿਮਾ ਰੁੱਖਾਂ ਦੀ, ਬਹੁਤ ਅਜੀਬ ਹੈ।
ਜਿਸ ਕੋਲ ਹੋਵੇ ,ਉਹ ਨਾ ਗਰੀਬ ਹੈ।
ਮਿੱਠੇ ਫਲ ਲਾਣ, ਸਾਡੀ ਭੁੱਖ ਵੀਰਨੋ।
ਜੀਵਨ ਅਧਾਰ, ਹੁੰਦੇ ਰੁੱਖ ਵੀਰਨੋਂ।

ਹਰ ਲੋੜ ਸਾਡੀ, ਪੂਰੀ ਰੁੱਖ ਕਰਦੇ।
ਅੰਤ ਤੱਕ ਸਾਡਾ, ਇਹ ਦਮ ਭਰਦੇ।
ਸਾਰੇ ਬਚਾਈਏ, ਰੁੱਖ ਕੁੱਖ ਵੀਰਨੋ।
ਜੀਵਨ ਅਧਾਰ, ਹੁੰਦੇ ਰੁੱਖ ਵੀਰਨੋਂ।

ਪਾਣੀ ਅਤੇ ਰੁੱਖ, ਸਾਡੀ ਜਿੰਦ ਜਾਨ ਹੈ।
ਇਨ੍ਹਾਂ ਨਾਲ ਸਾਡੀ, ਆਣ ਅਤੇ ਸ਼ਾਨ ਹੈ।
"ਢਿੱਲੋਂ" ਸਾਹ ਨਾਲ , ਹੈ ਮਨੁੱਖ ਵੀਰਨੋ।
ਜੀਵਨ ਅਧਾਰ, ਹੁੰਦੇ ਰੁੱਖ ਵੀਰਨੋਂ।

**ਜਸਵਿੰਦਰ ਸਿੰਘ ਢਿੱਲੋਂ**
**ਤਰਨਤਾਰਨ**
9646069551

## ਨੇਤਾ ਦੀ ਕੁਰਸੀਜਿਸ ਕੁਰਸੀ ਤੇ ਸਭ ਦੀਆਂ

ਅੱਖਾਂਕੀ ਕੀ ਰੁਤਬੇ ਮੈਂ ਉਸਦੇ ਦੱਸਾਂਜੋ ਵੀ
ਇਸ 'ਤੇ ਬਹਿ ਜਾਂਦਾ ਏਬੱਸ ਇਹਦੇ ਜੋਗਾ
ਰਹਿ ਜਾਂਦਾ ਏਰਾਜਾ ਹੋਵੇ ਜਾਂ ਹੋਵੇ
ਭਿਖਾਰੀਕੁਰਸੀ ਸਭ ਨੂੰ ਜਾਨੋਂ ਪਿਆਰੀਕੋਹੜੀ
ਵੀ ਇਸ ਤੇ ਹੱਸ ਕੇ ਬਹਿੰਦਾਜੋ ਵੀ ਆਵੇ
ਡਿੱਗਦਾ ਢਹਿੰਦਾਕੁਰਸੀ ਫੁੱਟ ਇਨਸਾਨਾਂ ਵਿਚ
ਪਾਉਂਦੀਨਵੀਆਂ ਨਿੱਤ ਸਕੀਮਾਂ ਇਹ
ਆਉਂਦੀਕੁਰਸੀ ਖੂਨ ਜਨਤਾ ਦਾ ਪੀਵੇਬੁੱਝ ਗਏ
ਕਈ ਘਰਾਂ ਦੇ ਦੀਵੇਕੁਰਸੀ ਪੂਰੀ ਭੁੱਖ
ਦਿਖਾਵੇਅੰਦਰੋ ਅੰਦਰੀ ਸਭ ਕੁਝ ਲੁੱਟ ਜਾਵੇਸਾਬ
ਕੁਰਸੀ ਸਭ ਦੀ ਨਾਨੀ ਲੱਗੇਤਾਹੀ ਤੇ ਲੋਕ ਜਾਂਦੇ
ਨੇ ਠੱਗੇਤਾਹੀ ਤੇ ਲੋਕ ਜਾਂਦੇ ਨੇ ਠੱਗੇ

**ਸਾਬਾ ਸਿੰਘ ਮੱਰੜੀ ਕਲਾਂ**
99142-26365

## ਖੇਡ ਸਭਿਆਚਾਰ

ਖੇਡਣ ਦੇ ਦਿਨ ਚਾਰ ਕਿਥੇ ਗਏ ਖੇਡਣ ਦੇ ਦਿਨ ਚਾਰ।
ਖੇਡਾਂ ਗਈਆਂ ਨਾਲੇ ਤੁਰ ਗਿਆ ਖੇਡ ਸਭਿਆਚਾਰ।
ਜਾਗੋ ਲੋਕੋ ਜਾਗੋ ਰੁਲ ਗਿਆ ਖੇਡ ਸਭਿਆਚਾਰ।

ਜੰਡ ਪ੍ਰਾਂਬਲ, ਗੁੱਲੀ ਡੰਡਾ ਖਿੱਦੋ ਖੂੰਡੀ, ਕਾਵਾਂ ਘੋੜੀ।
ਖੇਡ-ਖੇਡ ਕੇ ਤੰਦਰੁਸਤੀ ਦੀ ਚੜ੍ਹਦੇ ਰਹਿੰਦੇ ਬੱਚੇ ਪੌੜੀ।
ਛੂਹਣ-ਛੁਹਾਈ ਲੁਕਣ-ਮਚਾਈ ਚੀਚੋ-ਚੀਚ ਗਨੇਰੀਆਂ।
ਖੇਡਾਂ ਵੀ ਸਨ ਸਾਂਝਾਂ ਵੀ ਸਨ ਤੇਰੀਆਂ ਤੇ ਮੇਰੀਆਂ।
ਕੱਦ ਸਰੂ ਜਿਹੇ ਗੰਦਵੇਂ ਜੁੱਸੇ ਗੱਭਰੂ ਤੇ ਮੁਟਿਆਰ।
ਜਾਗੋ ਲੋਕੋ ਜਾਗੋ ਰੁਲ ਗਿਆ ਖੇਡ ਸਭਿਆਚਾਰ।

ਕਿੱਕਰ ਸਿੰਘ, ਕਰਤਾਰ ਸਿੰਘ, ਗਾਮਾ, ਦਾਰਾ, ਹਮੀਦਾ।
ਕੌਡ-ਕਬੱਡੀ ਵਾਲਾ ਵੀ ਕੋਈ ਪਹਿਲਵਾਨ ਨਾ ਦੀਹਦਾ।
ਮੁਗਦਰ ਮੂੰਗਲੀਆਂ ਤੇ ਰੱਸਾ ਖਿੱਚਣ ਵਾਲੇ ਬਾਬੇ।
ਬੈਲ ਗੱਡੀਆਂ ਘੋੜ-ਦੌੜਾਂ ਨੂੰ ਜਿੱਤਣ ਵਾਲੇ ਬਾਬੇ।
ਪਟਕੇ ਵਾਲੀ ਕੁਸ਼ਤੀ ਲੜਦੇ ਹੋ ਕੇ ਸਿਰ ਦੇ ਭਾਰ।
ਜਾਗੋ ਲੋਕੋ ਜਾਗੋ ਰੁਲ ਗਿਆ ਖੇਡ ਸਭਿਆਚਾਰ।

ਸਾਡੀ ਕੌਮੀ ਖੇਡ ਏ ਹਾਕੀ, ਹਾਕੀ ਨੂੰ ਅਪਣਾਉ।
ਦਿਲੋਂ ਖੇਡੋ ਤੇ ਮੱਲਾਂ ਮਾਰੋ ਨਵੇਂ ਰਿਕਾਰਡ ਬਣਾਉ।
ਪਿਰਥੀਪਾਲ, ਸੁਰਜੀਤ ਦੇ ਮਗਰੋਂ ਪਰਗਟ ਸਿੰਘ ਦੇ ਯਾਰ।
ਗਗਨ ਅਜੀਤ ਦੇ ਵਾਂਗੂੰ ਬਣ ਜਾਉ ਹਾਕੀ ਦੇ ਸਰਦਾਰ।
ਕਰ ਦਿਉ ਹਾਕੀ ਰੌਸ਼ਨ ਵੇਖੇ ਮੂੰਹ ਅੱਡੀ ਸੰਸਾਰ।
ਜਾਗੋ ਲੋਕੋ ਜਾਗੋ ਰੁਲ ਗਿਆ ਖੇਡ ਸਭਿਆਚਾਰ।

ਕੁਝ ਅੰਗਰੇਜ਼ੀ ਖੇਡਾਂ ਜਾਂਦੀਆਂ ਖੋਰਾ ਦੇਸ਼ ਨੂੰ ਲਾਈ।
ਦੜੇਬਾਜਾਂ ਤੇ ਸੱਟੇਬਾਜਾਂ ਦੀਆਂ ਜੇਬਾਂ ਜਾਣ ਭਰਾਈ।
ਖੇਡਾਂ ਸਾਡਾ ਵਿਰਸਾ ਨੇ ਤੇ ਖੇਡਾਂ ਸਾਡਾ ਮਾਣ।
ਆਪਣੀ ਕੌਮ ਦਾ ਆਪਣੇ ਹੱਥੀਂ ਕਰੀ ਜਾਂਦੇ ਹੋ ਘਾਣ।
ਲੋਕਾਂ ਨੂੰ ਜੋ ਚੜ੍ਹਿਆ ਇਹਨਾਂ ਦਾ ਉਤਰ ਜਾਏ ਬੁਖਾਰ।
ਜਾਗੋ ਲੋਕੋ ਜਾਗੋ ਰੁਲ ਗਿਆ ਖੇਡ ਸਭਿਆਚਾਰ।

ਮਿਲਖਾ ਸਿੰਘ ਨਹੀਂ ਜੰਮਣਾ ਕੋਈ ਪੀ.ਟੀ. ਊਸ਼ਾ ਵੀ ਨਹੀਂ।
ਲੋਕਾਂ ਦੇ ਵਿਚ ਦੌੜਨ ਦੀ ਹੁਣ ਹਿੰਮਤ ਹੀ ਨਹੀਂ ਰਹੀ।
ਗਰਕੀ ਨਸ਼ਿਆਂ ਵਿਚ ਜਵਾਨੀ ਜੜ੍ਹੀਂ ਪੈ ਗਿਆ ਤੇਲ।
ਇੰਜ ਲਗਦਾ ਏ ਮੁੱਕ ਜਾਣਾ ਏ ਜ਼ਿੰਦਗੀ ਦਾ ਵੀ ਖੇਲ।
'ਆਤਮ' ਵਰਗੇ ਚਿੰਤਤ ਹੋਏ ਕਰਦੇ ਸੋਚ ਵਿਚਾਰ।
ਜਾਗੋ ਲੋਕੋ ਜਾਗੋ ਰੁਲ ਗਿਆ ਖੇਡ ਸਭਿਆਚਾਰ।

**ਡਾ. ਆਤਮਾ ਸਿੰਘ ਗਿੱਲ**
9878883680

## ਚਾਟੀ ਤੇ ਮਧਾਣੀ

ਬੱਚਿਓ ਸੁਣੋ ਤੁਸੀਂ ਕਹਾਣੀ,
ਚਾਟੀ ਵਿੱਚ ਜਦ ਘੁੰਮੇ ਮਧਾਣੀ।
ਰਾਤੀਂ ਜਦ ਅਸੀਂ ਦੁੱਧ ਜਮਾਈਏ,
ਤੜਕੇ ਉੱਠ ਮਧਾਣੀ ਪਾਈਏ।
ਰਿੜਕ ਰਿੜਕ ਕੇ ਮੱਖਣ ਕੱਢੀਏ,
ਚਾਟੀ ਵਿੱਚ ਫਿਰ ਲੱਸੀ ਛੱਡੀਏ।
ਰੋਟੀ ਤੇ ਰੱਖ ਖਾਈਏ ਮੱਖਣ,
ਪਰੌਂਠੇ ਬੜੇ ਸਵਾਦੀ ਲੱਗਣ।
ਪੀਣ ਲਈ ਜੋ ਬੱਚਦੀ ਲੱਸੀ,
ਸਿਹਤ ਲਈ ਉਹ ਹੁੰਦੀ ਅੱਛੀ।
ਤੰਦਰੁਸਤੀ ਦਾ ਹੈ ਇਹ ਰਾਜ,
ਰੋਗ ਨੇ ਸਾਰੇ ਜਾਂਦੇ ਭਾਜ ।
ਗੀਤਾਂ ਦੇ ਵਿੱਚ ਵੱਜਦੇ ਬੋਲ,
ਵਿਰਸੇ ਨੂੰ ਸਾਂਭ ਰੱਖਿਓ ਕੋਲ।
ਇਸ ਨੂੰ ਤੁਸੀਂ ਭੁੱਲ ਨਾ ਜਾਣਾ,
ਪੱਤੋ, ਫੇਰ ਨਾ ਪਵੇ ਪਛਤਾਣਾ।
ਮਧਾਣੀ ਚਾਟੀ ਨਾਲ ਸੁਆਣੀ,
ਬੱਚਿਓ ਤਿਕੜੀ ਬੜੀ ਪੁਰਾਣੀ।

ਹਰਪ੍ਰੀਤ ਪੱਤੋ ਪਿੰਡ ਪੱਤੋ
ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

## ਗਜਲ

ਪਰਦੇਸਾਂ ਵਿਚ ਘੁੰਮੀਏਂ ਖ਼ੂਬ ਨਜਾਰੇ ਵਿਚ।
ਐਪਰ ਆਪਾਂ ਰਹਿਣਾ ਪਿੰਡ, ਚੁਬਾਰੇ ਵਿਚ।
ਅਜ ਵੀ ਮੈਨੂੰ ਮੇਰਾ ਬਚਪਨ ਦਿਸਦਾ ਹੈ, ਸਾਮ
ਢਲੇ ਨੂੰ ਚੜ੍ਹਦੇ ਪ੍ਰਥਮ ਸਿਤਾਰੇ ਵਿਚ।
ਦਾਦੀ ਮਾਂ ਫਿਰ ਚੇਤੇ ਕਿਉਂ ਆ ਜਾਂਦੀ ਹੈ,
ਚੁੱਲ੍ਹੇ ਦੇ ਵਿਚ ਉਠਦੇ ਸੁਰਖ ਸਰਾਰੇ ਵਿਚ।
ਹੱਥ ਹਿਲਾ ਕੇ ਉਹ ਤਾਂ ਵਾਪਸ ਤੁਰ ਜਾਂਦਾ,
ਕਿੰਨੇ ਦੇ ਜਾਂਦਾ ਸੀ ਜਖਮ ਇਸਾਰੇ ਵਿਚ।
ਮਜਬੂਰੀ ਵੀ ਚਿਹਰੇ ਤੇ ਆ ਜਾਂਦੀ ਹੈ,
ਸੱਚਾ ਲਾਰਾ ਹੁੰਦਾ ਝੂਠੇ ਲਾਰੇ ਵਿਚ।
ਇਸ ਤੋਂ ਵਧ ਕੇ ਜੰਨਤ ਹੋਰ ਕਿਤੇ ਵੀ ਨਈਂ,
ਅਪਣਾਪਣ ਹੈ ਆਪਣੇ ਰਾਜਦੁਲਾਰੇ ਵਿਚ।
ਸਾਮ ਢਲੇ ਨੂੰ ਮਿਲ ਕੇ ਟੱਬਰ ਬਹਿੰਦਾ ਸੀ,
ਸੰਤੋਖ ਬੜਾ ਹੁੰਦਾ ਸੀ ਕੱਚੇ ਢਾਰੇ ਵਿਚ।
ਸਾਡੇ ਪਿੰਡ ਵਿਚ ਸਾਂਝਾਂ ਵਾਲਾ ਧਰਮ ਰਿਹਾ,
ਮੰਦਿਰ, ਮਸਜਿਦ,ਗਿਰਜੇ, ਗੁਰਦੁਆਰੇ ਵਿਚ।
ਹਰਇਕ ਰਿਸਤੇ ਦੇ ਵਿਚ ਨਿਘ ਹੀ ਨਿਘ ਹੁੰਦਾ,
ਚਾਰ ਪਸੂ ਹੁੰਦੇ ਸੀ ਸਿਰਫ ਗੁਜਾਰੇ ਵਿਚ।
ਕੇਵਲ ਸੱਤਾ ਬਦਲੀ, ਬਾਕੀ ਉਂਜ ਹੀ ਹੈ,
ਜੋ ਹੋਇਆ ਸੰਤਾਲੀ ਦੇ ਬਟਵਾਰੇ ਵਿਚ।
ਦੂਜੇ ਨੂੰ ਨਿਰਧਨ ਤੋਂ ਰਾਜਾ ਕਰ ਦੇਣਾ,
ਬਾਲਮ, ਜਿੱਤ ਹੁੰਦੀ ਏ, ਜਿੱਤ ਕੇ ਸਾਰੇ ਵਿਚ।

ਬਲਵਿੰਦਰ ਬਾਲਮ ਗੁਰਦਾਸਪੁਰ ਓਂਕਾਰ
ਨਗਰ ਗੁਰਦਾਸਪੁਰ ਪੰਜਾਬ ਐਡਮਿੰਟਨ
ਕਨੇਡਾ+919815625409

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 373

Website: www.preetnama.com Email preetnamausa@gmail.com

02 OCT TO 08 OCT, 2026


